ਪ੍ਰਕਾਸ਼ਨ ਨੰ:
206

# ਸਿੱਖ ਧਰਮ ਪ੍ਰਸ਼ਨੋਤਰੀ

(ਭਾਗ-4)

(10+2 ਸ਼੍ਰੇਣੀ ਤੋਂ ਉੱਪਰ ਅਤੇ ਸਰਬੱਤ ਸੰਗਤ ਲਈ)

**ਧਾਰਮਿਕ ਪ੍ਰੀਖਿਆ ਸਬੰਧੀ ਪ੍ਰਸ਼ਨ ਉੱਤਰ**

ਲੇਖਕ :
**ਲਿਟਰੇਰੀ ਕਮੇਟੀ**
ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ

*ਪ੍ਰਕਾਸ਼ਕ*
## ਸਿੱਖ ਮਿਸ਼ਨਰੀ ਕਾਲਜ (ਰਜਿ:)
ਲੁਧਿਆਣਾ।

ਸਿੱਖ ਧਰਮ ਪ੍ਰਸ਼ਨੋਤਰੀ (ਭਾਗ-4)
**Sikh Dharam Prashnotri (Part-4)**

ਲੇਖਕ :
**ਲਿਟਰੇਰੀ ਕਮੇਟੀ**
ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ।

@ ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।

ਪ੍ਰਕਾਸ਼ਕ : ਸਿੱਖ ਮਿਸ਼ਨਰੀ ਕਾਲਜ (ਰਜਿ:), ਲੁਧਿਆਣਾ।
ਛਾਪਕ : ਬਰਾਈਟ ਪ੍ਰਿੰਟਰਜ਼, ਜਲੰਧਰ।
ਟਾਈਪਸੈਟਿੰਗ : ਸੁਰਜੀਤ ਕੰਪਿਊਟਰਜ਼, ਬਸਤੀ ਸ਼ੇਖ, ਜਲੰਧਰ।
ਫੋਨ : 9463764811, 9876071280

*ਮਿਲਣ ਦੇ ਪਤੇ :*
**ਸਿੱਖ ਮਿਸ਼ਨਰੀ ਕਾਲਜ (ਰਜਿ:)**
1051/14, ਫ਼ੀਲਡ ਗੰਜ, ਲੁਧਿਆਣਾ-141 074 ਫ਼ੋਨ : 0161-5021815
**Website : www.sikhmissionarycollege.org**
**www.smcludhiana.com**
**E-mail : query@smcludhiana.com**
*ਸਬ-ਆਫ਼ਿਸ :*
C-135, ਮਾਨਸਰੋਵਰ ਗਾਰਡਨ, ਨਵੀਂ ਦਿੱਲੀ-110015 ਫੋਨ : 011-65330502
**ਅਤੇ ਸਿੱਖ ਮਿਸ਼ਨਰੀ ਕਾਲਜ ਦੇ ਸਭ ਸਰਕਲਾਂ ਪਾਸੋਂ**

# ਭੂਮਿਕਾ

ਸਿੱਖ ਮਿਸ਼ਨਰੀ ਕਾਲਜ ਵਲੋਂ ਹਰ ਸਾਲ ਵੱਡੀ ਪੱਧਰ 'ਤੇ ਧਾਰਮਿਕ ਪ੍ਰੀਖਿਆ ਲਈ ਜਾਂਦੀ ਹੈ। ਹਜ਼ਾਰਾਂ ਬੱਚੇ ਅਤੇ ਵੱਡੀ ਉਮਰ ਦੇ ਗੁਰਸਿੱਖ ਵੀਰ/ਭੈਣ ਪ੍ਰੀਖਿਆ ਦਿੰਦੇ ਹਨ। ਇਸ ਪ੍ਰੀਖਿਆ ਦਾ ਬਾਕਾਇਦਾ ਸਿਲੇਬਸ ਬਣਾਇਆ ਗਿਆ ਹੈ ਅਤੇ ਵਿੱਦਿਅਕ-ਪੱਧਰ ਦੇ ਅਨੁਸਾਰ ਵਿਦਿਆਰਥੀਆਂ ਦੇ ਗਰੁੱਪ ਬਣਾਏ ਗਏ ਹਨ; ਜੋ ਇਸ ਪ੍ਰਕਾਰ ਹਨ :

| | | |
|---|---|---|
| **ਪਹਿਲਾ ਗਰੁੱਪ** | : | **ਪੰਜਵੀਂ ਸ਼੍ਰੇਣੀ ਤੱਕ** |
| **ਦੂਜਾ ਗਰੁੱਪ** | : | **ਅੱਠਵੀਂ ਸ਼੍ਰੇਣੀ ਤੱਕ** |
| **ਤੀਜਾ ਗਰੁੱਪ** | : | (10+2) **ਸ਼੍ਰੇਣੀ ਤੱਕ** |
| **ਚੌਥਾ ਗਰੁੱਪ** | : | (10+2) **ਸ਼੍ਰੇਣੀ ਤੋਂ ਉੱਪਰ ਅਤੇ ਸਰਬੱਤ ਸੰਗਤ ਲਈ** |

ਪਹਿਲਾਂ ਸਭ ਗਰੁੱਪਾਂ ਦੇ ਵਿਦਿਆਰਥੀਆਂ ਲਈ ਕੁਝ ਸਾਂਝੀਆਂ ਪੁਸਤਕਾਂ ਨੀਯਤ ਕੀਤੀਆਂ ਗਈਆਂ ਸਨ। ਪਹਿਲੇ ਤੇ ਦੂਜੇ ਗਰੁੱਪ ਦੇ ਵਿਦਿਆਰਥੀਆਂ ਲਈ ਉਨ੍ਹਾਂ ਪੁਸਤਕਾਂ ਨੂੰ ਸਮਝਣਾ ਮੁਸ਼ਕਲ ਸੀ।

ਉਪਰੋਕਤ ਮੁਸ਼ਕਲਾਂ ਨੂੰ ਹੱਲ ਕਰਨ ਲਈ ਵਿੱਦਿਅਕ-ਪੱਧਰ ਅਨੁਸਾਰ "ਸਿੱਖ ਧਰਮ ਪ੍ਰਸ਼ਨੋਤਰੀ" ਭਾਗ 1 ਤੋਂ 4, ਨਾਮ ਦੀਆਂ ਇਹ ਪੁਸਤਕਾਂ ਤਿਆਰ ਕੀਤੀਆਂ ਗਈਆਂ ਹਨ। ਹਰੇਕ ਪੁਸਤਕ ਦੇ ਤਿੰਨ ਭਾਗ ਹਨ : 1. **ਗੁਰਬਾਣੀ**, 2. **ਸਿੱਖ ਇਤਿਹਾਸ**, 3. **ਗੁਰਮਤਿ ਤੇ ਰਹਿਤ ਮਰਯਾਦਾ।** ਇਨ੍ਹਾਂ ਭਾਗਾਂ ਅਨੁਸਾਰ ਹੀ 100-100 ਨੰਬਰਾਂ ਦਾ ਪਰਚਾ ਹਰੇਕ ਭਾਗ ਵਿਚੋਂ ਤਿਆਰ ਕੀਤਾ ਜਾਵੇਗਾ। ਹਰੇਕ ਗਰੁੱਪ ਲਈ ਸਿਲੇਬਸ ਹੇਠ ਲਿਖੇ ਅਨੁਸਾਰ ਹੈ :

| ਗਰੁੱਪ | ਸ਼੍ਰੇਣੀ | ਸਿਲੇਬਸ |
|---|---|---|
| ਪਹਿਲਾ | ਪੰਜਵੀਂ ਸ਼੍ਰੇਣੀ ਤੱਕ | ਸਿੱਖ ਧਰਮ ਪ੍ਰਸ਼ਨੋਤਰੀ ਭਾਗ - 1 |
| ਦੂਜਾ | ਛੇਵੀਂ ਤੋਂ ਅੱਠਵੀਂ ਸ਼੍ਰੇਣੀ ਤੱਕ | ਸਿੱਖ ਧਰਮ ਪ੍ਰਸ਼ਨੋਤਰੀ ਭਾਗ - 2 |
| ਤੀਜਾ | ਨੌਵੀਂ ਤੋਂ 10+2 ਤੱਕ | ਸਿੱਖ ਧਰਮ ਪ੍ਰਸ਼ਨੋਤਰੀ ਭਾਗ - 3 |
| ਚੌਥਾ | ਸਰਬੱਤ ਸੰਗਤ ਲਈ | ਸਿੱਖ ਧਰਮ ਪ੍ਰਸ਼ਨੋਤਰੀ ਭਾਗ - 4 |





ਹਰ ਗਰੁੱਪ ਦੇ ਵਿਦਿਆਰਥੀਆਂ ਨੂੰ ਕੇਵਲ ਆਪਣੇ ਗਰੁੱਪ ਨਾਲ ਸੰਬੰਧਤ ਪ੍ਰਸ਼ਨੋਤਰੀ ਹੀ ਪੜ੍ਹਨੀ ਹੋਵੇਗੀ।

ਇਨ੍ਹਾਂ 'ਪ੍ਰਸ਼ਨੋਤਰੀਆਂ' ਵਿਚ ਪ੍ਰਸ਼ਨਾਂ ਦੇ ਉੱਤਰ ਬਹੁਤ ਸੰਖੇਪ ਅਤੇ ਢੁਕਵੇਂ (To the Point) ਦਿੱਤੇ ਗਏ ਹਨ, ਜਿਸ ਨਾਲ ਵਿਦਿਆਰਥੀਆਂ ਨੂੰ ਉੱਤਰ ਯਾਦ ਕਰਨ ਵਿਚ ਆਸਾਨੀ ਹੋਵੇਗੀ।

ਜਿੱਥੇ ਇਹ ਪੁਸਤਕਾਂ ਪ੍ਰੀਖਿਆਰਥੀਆਂ ਲਈ ਲਾਭਦਾਇਕ ਸਿੱਧ ਹੋਣਗੀਆਂ, ਉੱਥੇ ਆਮ ਗੁਰਸਿੱਖ/ਪਾਠਕ ਵੀ ਇਨ੍ਹਾਂ ਤੋਂ ਬਹੁਤ ਲਾਭ ਉਠਾ ਸਕਦੇ ਹਨ। ਇਹ ਚਾਰ ਪੁਸਤਕਾਂ ਪੜ੍ਹਨ ਉਪਰੰਤ ਪਾਠਕਾਂ ਦੀ ਸਿੱਖ ਧਰਮ ਬਾਰੇ ਜਾਣਕਾਰੀ ਸਾਡੇ ਆਮ ਪ੍ਰਚਾਰਕਾਂ ਨਾਲੋਂ ਕਿਤੇ ਵੱਧ ਹੋਵੇਗੀ। ਅੱਜ ਜਦੋਂ ਕਿ ਜ਼ਿੰਦਗੀ ਅਨੇਕਾਂ ਰੁਝੇਵਿਆਂ ਭਰੀ ਹੈ, ਹਰ ਕੋਈ ਸਮੇਂ ਦੀ ਘਾਟ ਦੀ ਸ਼ਿਕਾਇਤ ਕਰਦਾ ਹੈ। ਇਹ ਪੁਸਤਕਾਂ ਸੰਖੇਪ ਅਤੇ ਭਾਵਪੂਰਤ ਹੋਣ ਕਰਕੇ ਸਮੇਂ ਦੀ ਘਾਟ ਵਾਲੀ ਸ਼ਿਕਾਇਤ ਨੂੰ ਵੀ ਦੂਰ ਕਰਦੀਆਂ ਹਨ।

'ਕਾਲਜ' ਦੁਆਰਾ ਲਗਾਈਆਂ ਜਾ ਰਹੀਆਂ ਕਲਾਸਾਂ ਵਿਚ ਪੜ੍ਹ ਰਹੇ ਬੱਚੇ ਵੱਖ-ਵੱਖ ਥਾਵਾਂ 'ਤੇ 'ਧਾਰਮਿਕ ਕਵਿਜ਼' ਦੇ ਪ੍ਰੋਗਰਾਮ ਵੀ ਦਿੰਦੇ ਹਨ, ਜਿਨ੍ਹਾਂ ਵਿਚ ਗੁਰਬਾਣੀ, ਇਤਿਹਾਸ, ਵਿਚਾਰਧਾਰਾ ਅਤੇ ਰਹਿਤ ਮਰਯਾਦਾ ਬਾਰੇ ਪ੍ਰਸ਼ਨਾਂ ਦੇ ਉੱਤਰ ਦਿੱਤੇ ਜਾਂਦੇ ਹਨ। 'ਸਿੱਖ ਧਰਮ ਪ੍ਰਸ਼ਨੋਤਰੀ' ਪੁਸਤਕਾਂ ਇਸ 'ਧਾਰਮਿਕ ਕਵਿਜ਼' ਦੀ ਤਿਆਰੀ ਵਿਚ ਬਹੁਤ ਸਹਾਈ ਹੋਣਗੀਆਂ।

ਆਸ ਹੈ, ਸਿੱਖ ਸੰਗਤਾਂ 'ਸਿੱਖ ਧਰਮ ਪ੍ਰਸ਼ਨੋਤਰੀ (ਭਾਗ-1 ਤੋਂ ਭਾਗ-4) ਤੋਂ ਜਿੱਥੇ ਆਪਣੀ ਜਾਣਕਾਰੀ ਵਿਚ ਵਾਧਾ ਕਰਨਗੀਆਂ, ਉੱਥੇ ਪ੍ਰਾਪਤ ਕੀਤੀ ਜਾਣਕਾਰੀ ਨੂੰ ਉਨ੍ਹਾਂ ਤੱਕ ਵੀ ਪਹੁੰਚਾਉਣਗੀਆਂ ਜਿਹੜੇ ਧਰਮ ਬਾਰੇ ਬਹੁਤ ਘੱਟ ਜਾਣਕਾਰੀ ਰੱਖਦੇ ਹਨ।

ਇਨ੍ਹਾਂ ਪੁਸਤਕਾਂ ਨੂੰ ਹੋਰ ਚੰਗੇਰਾ ਬਣਾਉਣ ਲਈ ਪਾਠਕਾਂ ਦੇ ਸੁਝਾਵਾਂ ਦਾ ਸੁਆਗਤ ਹੈ।

ਅੰਤ ਵਿਚ ਇਨ੍ਹਾਂ ਪੁਸਤਕਾਂ ਦੀ ਤਿਆਰੀ ਵਿਚ ਜਿਨ੍ਹਾਂ ਵੀਰਾਂ/ਭੈਣਾਂ ਨੇ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ, ਅਸੀਂ ਉਨ੍ਹਾਂ ਦੇ ਅਤਿਅੰਤ ਰਿਣੀ ਹਾਂ।

**ਪ੍ਰਿੰਸੀਪਲ,**

**ਸਿੱਖ ਮਿਸ਼ਨਰੀ ਕਾਲਜ (ਰਜਿ:), ਲੁਧਿਆਣਾ**

ਪਰਚਾ ਪਹਿਲਾ ਅੰਕ 100

# (ੳ) ਗੁਰਬਾਣੀ

## 1. ਜਪੁ ਜੀ ਸਾਹਿਬ

**ਸਿਲੇਬਸ—ਸੰਪੂਰਨ ਬਾਣੀ ਜਪੁ ਜੀ ਸਾਹਿਬ ਅਰਥਾਂ ਸਮੇਤ।**

**ਨੋਟ : ਸਿੱਖ ਮਿਸ਼ਨਰੀ ਕਾਲਜ ਪਾਸੋਂ 'ਨਿਤਨੇਮ ਸਟੀਕ' ਲੈ ਕੇ ਪੜ੍ਹੋ ਜੀ।**

### ਜਪੁ ਜੀ ਸਾਹਿਬ ਦੀ ਬਾਣੀ ਬਾਰੇ ਪ੍ਰਸ਼ਨ

**ਪ੍ਰਸ਼ਨ 1. 'ਜਪੁ ਜੀ ਸਾਹਿਬ' ਦੀ ਬਾਣੀ ਦਾ ਨਾਮ 'ਜਪੁ' ਕਿਉਂ ਰੱਖਿਆ ਗਿਆ ?**

**ਉੱਤਰ** : ਜਪੁ ਜੀ ਸਾਹਿਬ ਵਿਚ ਦੱਸਿਆ ਗਿਆ ਹੈ ਕਿ ਜੀਵਾਂ ਦੀ ਪ੍ਰਭੂ ਤੋਂ ਵਿੱਥ ਦੂਰ ਕਰਨ ਦਾ ਤਰੀਕਾ ਹੈ—ਪ੍ਰਭੂ ਦੀ ਰਜ਼ਾ ਵਿਚ ਤੁਰਨਾ। ਪ੍ਰਭੂ ਦੀ ਰਜ਼ਾ, ਪ੍ਰਭੂ ਦਾ ਸਿਮਰਨ ਕਰਨ ਨਾਲ ਮਿੱਠੀ ਲੱਗਣ ਲੱਗ ਪੈਂਦੀ ਹੈ। ਜਿਉਂ-ਜਿਉਂ ਜੀਵ ਪ੍ਰਭੂ ਦਾ ਸਿਮਰਨ ਕਰਦੇ ਹਨ, ਪ੍ਰਭੂ ਦੇ ਨੇੜੇ ਹੁੰਦੇ ਜਾਂਦੇ ਹਨ ਤੇ ਅੰਤ ਪ੍ਰਭੂ ਨਾਲ ਇਕ-ਮਿਕ ਹੋ ਜਾਂਦੇ ਹਨ। ਸੋ, 'ਸਿਮਰਨ' ਜਾਂ 'ਜਪ' ਹੀ ਇਕ ਐਸਾ ਵਸੀਲਾ ਹੈ ਜੋ ਜੀਵਾਂ ਦੀ ਪ੍ਰਭੂ ਨਾਲੋਂ ਵਿੱਥ ਮਿਟਾ ਸਕਦਾ ਹੈ। 'ਸਿਮਰਨ' ਦੀ ਹੀ ਇਸ ਬਾਣੀ ਵਿਚ ਵਿਆਖਿਆ ਹੈ। ਇਸ ਵਾਸਤੇ ਇਸ ਦਾ ਨਾਮ ਵੀ "ਜਪੁ" ਰੱਖਿਆ ਗਿਆ ਹੈ।

**ਪ੍ਰਸ਼ਨ 2. ਗੁਰੂ ਅਰਜਨ ਦੇਵ ਜੀ ਨੇ 'ਜਪੁ ਜੀ ਸਾਹਿਬ' ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਅਰੰਭ ਵਿਚ ਕਿਉਂ ਦਰਜ ਕੀਤਾ ?**

**ਉੱਤਰ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲਿਖਣ ਦੀ ਤਰਤੀਬ ਵਿਚ, ਹਰੇਕ ਰਾਗ ਦੇ ਅਰੰਭ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਆਉਂਦੀ ਹੈ, ਫਿਰ ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ ਤੇ ਫਿਰ ਭਗਤਾਂ ਦੀ ਬਾਣੀ ਹੈ। ਹਰੇਕ ਰਾਗ ਵਿਚ ਪਹਿਲਾਂ 'ਸ਼ਬਦ', ਫਿਰ 'ਅਸ਼ਟਪਦੀਆਂ' ਤੇ ਫਿਰ 'ਛੰਤ' ਆਦਿ ਵੀ ਉੱਪਰ ਲਿਖੀ ਤਰਤੀਬ ਅਨੁਸਾਰ ਹੀ ਹਨ। ਇਸ ਲਈ ਗੁਰੂ ਗ੍ਰੰਥ ਸਾਹਿਬ ਜੀ ਦੇ ਅਰੰਭ ਵਿਚ, ਪਹਿਲੇ ਗੁਰੂ, ਗੁਰੂ ਨਾਨਕ ਦੇਵ ਜੀ ਦੀ ਬਾਣੀ ਹੀ ਹੋ ਸਕਦੀ ਹੈ।





**ਪ੍ਰਸ਼ਨ 3. ਜਪੁ ਜੀ ਸਾਹਿਬ ਦੀ ਬਾਣੀ ਨੂੰ 'ਨਿਤਨੇਮ ਦੀਆਂ ਬਾਣੀਆਂ' ਵਿਚ ਕਿਉਂ ਸ਼ਾਮਲ ਕੀਤਾ ਗਿਆ ?**

**ਉੱਤਰ** : ਪ੍ਰਭੂ ਦੀਆਂ ਦਾਤਾਂ ਨੂੰ ਭੋਗਦਾ ਹੋਇਆ ਵੀ ਜੀਵ ਦੁਖੀ ਹੈ। ਇਸ ਦਾ ਕਾਰਨ ਹੈ ਜੀਵ ਦੀ ਪ੍ਰਭੂ ਤੋਂ ਵਿੱਥ ਜਾਂ ਦੂਰੀ। ਇਹ ਵਿੱਥ ਪ੍ਰਭੂ ਦਾ ਸਿਮਰਨ, ਜਪ ਅਥਵਾ ਵਾਰ-ਵਾਰ ਯਾਦ ਕਰਨ ਨਾਲ ਹੀ ਦੂਰ ਹੋ ਸਕਦੀ ਹੈ। ਇਸ ਵਿਸ਼ੇ ਉੱਤੇ ਜਪੁ ਜੀ ਸਾਹਿਬ ਵਿਚ ਵਿਸਥਾਰ ਸਹਿਤ ਵਿਚਾਰ ਕੀਤੀ ਗਈ ਹੈ। ਇਸੇ ਲਈ ਇਸ ਬਾਨੀ ਨੂੰ ਨਿਤਨੇਮ ਦੀਆਂ ਬਾਨੀਆਂ ਵਿਚ ਸ਼ਾਮਲ ਕਰਕੇ ਇਸ ਦਾ ਪਾਠ ਹਰ ਰੋਜ਼ ਕਰਨਾ ਲਾਜ਼ਮੀ ਕਰ ਦਿੱਤਾ ਗਿਆ ਹੈ ਤਾਂ ਕਿ ਸਿੱਖ ਨੂੰ ਹਰ ਰੋਜ਼ ਚੇਤਾ ਆਉਂਦਾ ਰਹੇ ਕਿ ਪ੍ਰਭੂ ਨਾਲੋਂ ਪਈ ਵਿੱਥ (ਦੂਰੀ) ਨੂੰ ਮਿਟਾਉਣ ਦਾ ਇਕੋ ਇਕ ਵਸੀਲਾ ਹੈ—ਪ੍ਰਭੂ ਦਾ ਨਾਮ ਸਿਮਰਨ, ਉਸਦੇ ਨਾਮ ਦੀ ਯਾਦ, ਉਸਦੇ ਗੁਣਾਂ ਦਾ 'ਜਪੁ'।

**ਪ੍ਰਸ਼ਨ 4. ਜਪੁ ਜੀ ਸਾਹਿਬ ਅਨੁਸਾਰ 'ਭਗਤ ਜਨਾਂ ਦੇ ਹਿਰਦੇ ਵਿਚ' ਸਦਾ ਅਨੰਦ ਕਿਵੇਂ ਬਣਿਆ ਰਹਿੰਦਾ ਹੈ ?**

**ਉੱਤਰ** : ਅਕਾਲ ਪੁਰਖ ਦੇ ਨਾਮ ਵਿਚ ਸੁਰਤ ਜੋੜਨ ਨਾਲ ਭਗਤ ਜਨਾਂ ਦੇ ਹਿਰਦੇ ਵਿਚ ਸਦਾ ਖੇੜਾ ਬਣਿਆ ਰਹਿੰਦਾ ਹੈ, ਕਿਉਂਕਿ ਪ੍ਰਭੂ ਦੀ ਸਿਫ਼ਤ-ਸਲਾਹ ਸੁਣਨ ਕਰਕੇ ਉਨ੍ਹਾਂ ਦੇ ਦੁੱਖਾਂ ਤੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ।

**ਪ੍ਰਸ਼ਨ 5. ਹੇਠ ਲਿਖੀ ਤੁਕ ਦੇ ਅਰਥ ਲਿਖੋ—**
**ਅਸੰਖ, ਅਮਰ ਕਰਿ ਜਾਹਿ ਜੋਰ॥**

**ਉੱਤਰ** : ਅਨੇਕਾਂ ਹੀ ਇਹੋ ਜਿਹੇ ਮਨੁੱਖ ਹਨ, ਜੋ ਦੂਜਿਆਂ ਉੱਤੇ ਹੁਕਮ ਤੇ ਵਧੀਕੀਆਂ ਕਰ-ਕਰ ਕੇ ਅੰਤ ਨੂੰ ਇਸ ਸੰਸਾਰ ਤੋਂ ਚਲੇ ਜਾਂਦੇ ਹਨ।

**ਨੋਟ : ਇਸ ਤਰ੍ਹਾਂ ਪ੍ਰੀਖਿਆ ਵਿਚ ਜਪੁ ਜੀ ਸਾਹਿਬ ਵਿਚੋਂ ਹੋਰ ਤੁਕਾਂ ਦੇ ਅਰਥ ਵੀ ਪੁੱਛੇ ਜਾਣਗੇ।**

## 2. ਜਾਪੁ ਸਾਹਿਬ

**ਸਿਲੇਬਸ—ਸੰਪੂਰਨ ਬਾਣੀ 'ਜਾਪੁ ਸਾਹਿਬ', ਅਰਥਾਂ ਸਮੇਤ।**

**ਪ੍ਰਸ਼ਨ 1. ਰਹਿਤਨਾਮੇ ਦੀਆਂ ਦੋ ਤੁਕਾਂ ਲਿਖੋ, ਜਿਨ੍ਹਾਂ ਵਿਚ ਜਪੁ ਜੀ ਸਾਹਿਬ, ਜਾਪੁ ਸਾਹਿਬ ਦਾ ਪਾਠ ਕਰਨ ਦੀ ਸਖ਼ਤ ਤਾੜਨਾ ਕੀਤੀ ਗਈ ਹੈ।**

**ਉੱਤਰ** : ਜਪੁ ਜਾਪੁ ਪੜ੍ਹੇ ਬਿਨਾ, ਜੋ ਜੇਵੈ ਪ੍ਰਸ਼ਾਦ।
ਸੋ ਵਿਸ਼ਟਾ ਕਾ ਕ੍ਰਿਮ ਹੋਇ, ਜਨਮ ਗਵਾਵੈ ਬਾਦ।

**ਪ੍ਰਸ਼ਨ 2. ਉੱਪਰ ਲਿਖੀਆਂ ਤੁਕਾਂ ਕਿਸ ਸਿੰਘ ਦੇ ਰਹਿਤਨਾਮੇ ਵਿਚੋਂ ਹਨ?**

**ਉੱਤਰ** : ਭਾਈ ਦੇਸਾ ਸਿੰਘ ਜੀ ਦੇ।

**ਪ੍ਰਸ਼ਨ 3. ਜਾਪੁ ਸਾਹਿਬ ਕਿਸ ਅਸਥਾਨ 'ਤੇ ਉਚਾਰਿਆ ਗਿਆ?**

**ਉੱਤਰ** : ਜਮਨਾ ਨਦੀ ਦੇ ਕੰਢੇ, ਪਾਉਂਟਾ ਸਾਹਿਬ ਦੇ ਰਮਣੀਕ ਅਸਥਾਨ 'ਤੇ।

**ਪ੍ਰਸ਼ਨ 4. ਜਾਪੁ ਸਾਹਿਬ, ਸਵੱਈਏ ਤੇ ਅਕਾਲ ਉਸਤਤ ਬਾਣੀਆਂ ਕਦੋਂ ਉਚਾਰੀਆਂ ਗਈਆਂ?**

**ਉੱਤਰ** : ਸੰਨ 1685 ਤੋਂ 1688 ਦੇ ਵਿਚਕਾਰ।

**ਪ੍ਰਸ਼ਨ 5. ਜਾਪੁ ਸਾਹਿਬ ਵਿਚ ਕਿਹੜੀਆਂ-ਕਿਹੜੀਆਂ ਭਾਸ਼ਾਵਾਂ ਦੀ ਵਰਤੋਂ ਕੀਤੀ ਗਈ ਹੈ?**

**ਉੱਤਰ** : ਚਾਰ ਭਾਸ਼ਾਵਾਂ : 1. ਸੰਸਕ੍ਰਿਤ 2. ਬ੍ਰਿਜ ਭਾਸ਼ਾ 3. ਅਰਬੀ 4. ਫ਼ਾਰਸੀ।

**ਪ੍ਰਸ਼ਨ 6. ਛੰਦ ਤੋਂ ਕੀ ਭਾਵ ਹੈ?**

**ਉੱਤਰ** : ਛੰਦ ਕਵਿਤਾ ਦੀ ਚਾਲ ਜਾਂ ਕਾਵਿ-ਤੋਲ ਨੂੰ ਆਖਦੇ ਹਨ।

**ਪ੍ਰਸ਼ਨ 7. ਇਸ ਬਾਣੀ ਵਿਚ ਵਰਤੇ ਗਏ ਛੰਦਾਂ ਦੇ ਨਾਮ ਲਿਖੋ ਤੇ ਇਹ ਵੀ ਦੱਸੋ ਕਿ ਹਰ ਇਕ ਛੰਦ ਕਿਤਨੀ ਵਾਰ ਵਰਤਿਆ ਗਿਆ ਹੈ?**

**ਉੱਤਰ** :

| | | | |
|---|---|---|---|
| 1. | ਛਪੈ ਛੰਦ | — | ਇਕ ਵਾਰ |
| 2. | ਭੁਜੰਗ ਪ੍ਰਯਾਤ ਛੰਦ | — | ਛੇ ਵਾਰ |
| 3. | ਚਾਚਰੀ ਛੰਦ | — | ਪੰਜ ਵਾਰ |
| 4. | ਚਰਪਟ ਛੰਦ | — | ਦੋ ਵਾਰ |
| 5. | ਰੂਆਲ ਛੰਦ | — | ਇਕ ਵਾਰ |
| 6. | ਮਧੁਭਾਰ ਛੰਦ | — | ਦੋ ਵਾਰ |
| 7. | ਭਗਵਤੀ ਛੰਦ | — | ਦੋ ਵਾਰ |
| 8. | ਰਸਾਵਲ ਛੰਦ | — | ਇਕ ਵਾਰ |
| 9. | ਹਰਿਬੋਲਮਨਾ ਛੰਦ | — | ਇਕ ਵਾਰ |
| 10. | ਏਕ ਅਛਰੀ ਛੰਦ | — | ਇਕ ਵਾਰ |

**ਪ੍ਰਸ਼ਨ 8. ਜਾਪੁ ਸਾਹਿਬ ਦੇ ਕੁਲ ਕਿੰਨੇ ਬੰਦ (ਪਉੜੀਆਂ) ਹਨ?**

**ਉੱਤਰ** : 199 ਬੰਦ।



**ਪ੍ਰਸ਼ਨ 9. ਹੇਠ ਲਿਖੇ ਸ਼ਬਦਾਂ ਦਾ ਸ਼ੁੱਧ ਉਚਾਰਨ ਲਿਖੋ—**

***ਉੱਤਰ*** :

| *ਸ਼ਬਦ* | | *ਸ਼ੁੱਧ ਉਚਾਰਨ* |
|---|---|---|
| ਪਾਤਿਸਾਹੀ ੧੦ | — | ਪਾਤਿਸ਼ਾਹੀ ਦਸਵੀਂ |
| ਪ੍ਰਕਾਸ | — | ਪ੍ਰਕਾਸ਼ |
| ਸੁਮਤਿ | — | ਸੁਮੱਤ |
| ਅਮਿਤੋਜ | — | ਅਮਿੱਤ+ਓਜ |
| ਨਮਸਤਸਤੁ | — | ਨਮੱਸਤ+ਅਸਤ |
| ਅਮਜਬੇ | — | ਅਮਜ਼ਬੇ |
| ਅਸੋਕੇ | — | ਅਸ਼ੋਕੇ |
| ਨ੍ਰਿਸ੍ਰੀਕ | — | ਨ੍ਰਿਸ਼੍ਰੀਕ |
| ਨ੍ਰਿਤ ਨ੍ਰਿਤੇ | — | ਨਰਿੱਤ ਨਰਿੱਤੇ |
| ਬ੍ਰਿਧੇ | — | ਬਰਿੱਧੇ |
| ਸਾਹ ਸਾਹੰ | — | ਸ਼ਾਹ ਸ਼ਾਹੰ |
| ਇਸਟ ਇਸਟੇ | — | ਇਸ਼ਟ ਇਸ਼ਟੇ |
| ਸਮਸਤਸਤੁ | — | ਸਮੱਸਤ+ਅਸਤ |
| ਸਾਸਤ੍ਰ | — | ਸ਼ਾਸਤ੍ਰ |
| ਹਮੇਸੁਲ | — | ਹਮੇਸ਼ੁਲ |
| ਗੈਬੁਲ | — | ਗੈਬ+ਉਲ |
| ਤਮਾਮੁਲ | — | ਤਮਾਮ+ਉਲ |
| ਕ੍ਰਿਤੀ | — | ਕਰਿਤੀ |
| ਸਰੀਕ | — | ਸ਼ਰੀਕ |
| ਅਮ੍ਰਿਤਾ | — | ਅਮਰਿਤਾ |
| ਅਕ੍ਰਿਤਾ | — | ਅਕਰਿਤਾ |
| ਸਤ੍ਰੈ | — | ਸ਼ੱਤਰੈ |
| ਜੁਬਾਂ | — | ਜ਼ੁਬਾਂ |
| ਬਹਿਸਤੁਲ | — | ਬਹਿਸ਼ਤੁਲ |
| ਅਜੀਜ | — | ਅਜ਼ੀਜ਼ |
| ਸਾਂਤਿ | — | ਸ਼ਾਂਤਿ |

ਨੋਟ : **ਇਸੇ ਤਰ੍ਹਾਂ ਪ੍ਰੀਖਿਆ ਵਿਚ ਹੋਰ ਉਚਾਰਨ ਜਾਪੁ ਸਾਹਿਬ ਵਿਚੋਂ ਪੁੱਛੇ ਜਾ ਸਕਦੇ ਹਨ।**

**ਪ੍ਰਸ਼ਨ 10. ਹੇਠ ਲਿਖੀਆਂ ਤੁਕਾਂ ਨੂੰ ਲੱਗੇ ਅਰਧ ਬ੍ਰਿਸਰਾਮ (,) ਧਿਆਨ ਨਾਲ ਯਾਦ ਕਰੋ :**

(ੳ) ਚੱਕ੍ਰ ਚਿਹਨ ਅਰੁ ਬਰਨ, ਜਾਤਿ ਅਰੁ ਪਾਤਿ ਨਹਿਨ ਜਿਹ॥

(ਅ) ਰੂਪ ਰੰਗ ਅਰੁ ਰੇਖ, ਭੇਖ ਕੋਊ ਕਹਿ ਨ ਸਕਤ ਕਿਹ॥

(ੲ) ਅਚੱਲ ਮੂਰਤਿ, ਅਨਭਉ ਪ੍ਰਕਾਸ਼, ਅਮਿਤੋਜ ਕਹਿੱਜੈ॥

(ਸ) ਤਵ ਸਰਬ ਨਾਮ, ਕਥੈ ਕਵਨ, ਕਰਮ ਨਾਮ, ਬਰਨਤ ਸੁਮਤਿ॥

(ਹ) ਕਲੰਕੰ ਬਿਨਾ, ਨੇਕਲੰਕੀ ਸਰੂਪੇ॥

(ਕ) ਸਦਾ ਸਿਧਦਾ ਬੁਧਦਾ ਬ੍ਰਿਧ ਕਰਤਾ॥
ਅਧੋ ਉਰਧ ਅਰਧੰ ਅਘੰ ਓਘ ਹਰਤਾ॥

(ਖ) ਚੱਕਰ ਬੱਕ੍ਰ ਫਿਰੈ ਚਤੁਰ ਚੱਕ, ਮਾਨਹੀਂ ਪੁਰ ਤੀਨ॥

(ਗ) ਲੋਕ ਚਉਦਹ ਕੇ ਬਿਖੈ, ਜਗ ਜਾਪਹੀ ਜਿਹ ਜਾਪ॥

(ਘ) ਨਮੋ ਕਲਹ ਕਰਤਾ, ਨਮੋ ਸਾਂਤਿ ਰੂਪੇ॥

(ਙ) ਸੁਯੰਭਵ ਸੁਭੰ, ਸਰਬਦਾ ਸਰਬ ਜੁਗਤੇ॥

ਨੋਟ : **ਇਸ ਤਰ੍ਹਾਂ ਦੀਆਂ ਹੋਰ ਤੁਕਾਂ ਵੀ 'ਬਿਸਰਾਮਾਂ' ਵਾਸਤੇ ਪੁੱਛੀਆਂ ਜਾ ਸਕਦੀਆਂ ਹਨ।**

**ਪ੍ਰਸ਼ਨ 11. ਹੇਠ ਲਿਖੀ ਤੁਕ ਤੋਂ ਅਗਲੀ ਤੁਕ ਲਿਖੋ :**

**ਕੋਟਿ ਇੰਦ੍ਰ ਇੰਦ੍ਰਾਣ ਸ਼ਾਹੁ ਸ਼ਾਹਾਣਿ ਗਣਿੱਜੈ॥**

**ਉੱਤਰ** : ਤ੍ਰਿਭਵਣ ਮਹੀਪ ਸੁਰ ਨਰ ਅਸੁਰ
ਨੇਤਿ ਨੇਤਿ ਬਨ ਤ੍ਰਿਣ ਕਹਤ॥

**ਪ੍ਰਸ਼ਨ 12. ਹੇਠ ਲਿਖੀਆਂ ਤੁਕਾਂ ਤੋਂ ਅਗਲੀਆਂ ਦੋ ਤੁਕਾਂ ਲਿਖੋ :**

**ਨਮੋ ਕਾਲ ਕਾਲੇ॥ ਨਮਸਤਸਤੁ ਦਿਆਲੇ॥**

**ਉੱਤਰ** : ਨਮਸਤੰ ਅਬਰਨੇ॥ ਨਮਸਤੰ ਅਮਰਨੇ॥

ਨੋਟ : **ਇਸ ਤਰ੍ਹਾਂ ਦੀਆਂ ਹੋਰ ਤੁਕਾਂ ਵੀ ਪੁੱਛੀਆਂ ਜਾਣਗੀਆਂ।**

**ਪ੍ਰਸ਼ਨ 13. ਜਾਪੁ ਸਾਹਿਬ ਦਾ ਸਮੁੱਚਾ ਭਾਵ 6 ਲਾਈਨਾਂ ਵਿਚ ਬਿਆਨ ਕਰੋ।**

**ਉੱਤਰ** :

1. ਪਰਮਾਤਮਾ ਦੇ ਸਮੁੱਚੇ ਸਰੂਪ ਨੂੰ ਕੋਈ ਲਫ਼ਜ਼ ਬਿਆਨ ਨਹੀਂ ਕਰ ਸਕਦਾ।
2. ਉਸਦਾ ਸਰੂਪ ਜਗਤ ਰਚਨਾ ਵਾਲੇ ਪੰਜ ਤੱਤਾਂ ਵਾਲੀ ਵਸਤੂ ਦੀ ਭੇਟ ਨਹੀਂ ਮੰਗਦਾ, ਪਿਆਰ ਦੀ ਭੇਟ ਹੀ ਮੰਗਦਾ ਹੈ।
3. ਜਗਤ ਰਚਨਾ ਦੇ ਸਾਰੇ ਵਸੀਲੇ ਉਸ ਦੇ ਆਪਣੇ ਹੱਥ ਵਿਚ ਹਨ।



4. ਜਗਤ ਵਿਚ ਜੋ ਦੋ ਵਿਰੋਧੀ ਸੁਭਾਅ ਦਿੱਸ ਰਹੇ ਹਨ, ਇਹ ਉਸੇ ਪ੍ਰਭੂ ਦੇ ਹੀ 'ਜਮਾਲ' ਤੇ 'ਜਲਾਲ' ਹਨ।
5. ਪਰਮਾਤਮਾ ਸਭ ਵਿਚ ਵਿਆਪਕ ਹੁੰਦਾ ਹੋਇਆ ਵੀ ਨਿਰਾਲਾ ਹੈ।
6. ਜੇ ਪਰਮਾਤਮਾ ਦੀਆਂ ਸਿਫ਼ਤਾਂ ਦਾ ਲੇਖਾ ਕਰਨ ਲੱਗੀਏ ਤਾਂ ਇਹਨਾਂ ਦਾ ਕੋਈ ਅੰਤ ਨਹੀਂ ਪੈ ਸਕਦਾ।

**ਪ੍ਰਸ਼ਨ 14. ਹੇਠ ਲਿਖੇ ਸ਼ਬਦਾਂ ਦੇ ਪਦ ਅਰਥ ਲਿਖੋ :**

| *ਪਦ* | | *ਅਰਥ* |
|---|---|---|
| **ਚੱਕ੍ਰ** | — | ਹੱਥਾਂ ਦੀਆਂ ਉਂਗਲਾਂ ਜਾਂ ਪੈਰਾਂ ਦੀਆਂ ਤਲੀਆਂ ਉਪਰਲੀਆਂ ਗੋਲ ਲਕੀਰਾਂ। |
| **ਚਿਹਨ** | — | ਨਿਸ਼ਾਨ |
| **ਬਰਨ** | — | ਰੰਗ |
| **ਅਨਭਉ ਪ੍ਰਕਾਸ** | — | ਜਿਸਦਾ ਨੂਰ ਉਸਦੇ ਆਪਣੇ ਆਪ ਤੋਂ ਹੈ। |
| **ਅਮਿਤੋਜ** | — | ਜਿਸ ਦਾ ਬਲ ਮਿਣਿਆ ਨਾ ਜਾ ਸਕੇ। |

ਨੋਟ : **ਇਸੇ ਤਰ੍ਹਾਂ ਜਾਪ ਸਾਹਿਬ ਦੀ ਸਾਰੀ ਬਾਣੀ ਵਿਚੋਂ ਪਦ-ਅਰਥ ਪੁੱਛੇ ਜਾ ਸਕਦੇ ਹਨ।**

**ਪ੍ਰਸ਼ਨ 15. ਹੇਠ ਲਿਖੀਆਂ ਤੁਕਾਂ ਦੇ ਅਰਥ ਲਿਖੋ :**

**ਨਮਸਤਸਤੁ ਦੇਵੈ॥ ਨਮਸਤੰ ਅਭੇਵੈ॥**

**ਨਮਸਤੰ ਅਜਨਮੇ॥ ਨਮਸਤੰ ਸੁਬਨਮੇ॥**

**ਉੱਤਰ** : ਹੇ ਪੂਜਣ ਯੋਗ, ਚਾਨਣ ਰੂਪ ਕਰਤਾਰ! ਤੈਨੂੰ ਨਮਸਕਾਰ ਹੈ। ਹੇ ਵਾਹਿਗੁਰੂ! ਤੈਨੂੰ ਨਮਸਕਾਰ ਹੈ, ਜਿਸਦਾ ਕਿਸੇ ਭੇਦ ਨਹੀਂ ਪਾਇਆ। ਹੇ ਵਾਹਿਗੁਰੂ! ਤੈਨੂੰ ਨਮਸਕਾਰ ਹੈ, ਤੂੰ ਜਨਮ ਰਹਿਤ ਹੈਂ ਤੇ ਸੁੰਦਰ ਰੰਗ ਵਾਲਾ ਵੀ ਹੈਂ।

**ਪ੍ਰਸ਼ਨ 16. ਹੇਠ ਲਿਖੀ ਤੁਕ ਦੇ ਅਰਥ ਲਿਖੋ—**

**ਅਲੋਕ ਹੈਂ॥ ਅਸੋਕ ਹੈਂ॥ ਅਕਰਮ ਹੈਂ॥ ਅਭਰਮ ਹੈਂ॥**

**ਉੱਤਰ** : ਹੇ ਵਾਹਿਗੁਰੂ! ਤੂੰ ਇਨ੍ਹਾਂ ਅੱਖਾਂ ਨਾਲ ਨਹੀਂ ਦਿੱਸਦਾ, ਤੈਨੂੰ ਕੋਈ ਚਿੰਤਾ ਨਹੀਂ ਪੋਹ ਸਕਦੀ, ਤੂੰ ਕਰਮਾਂ ਦੇ ਬੰਧਨਾਂ ਤੋਂ ਰਹਿਤ ਹੈਂ, ਤੂੰ ਭਰਮਾਂ ਤੋਂ ਰਹਿਤ ਹੈਂ।

ਨੋਟ : **ਇਸੇ ਤਰ੍ਹਾਂ 'ਜਾਪੁ ਸਾਹਿਬ' ਦੇ ਕਿਸੇ ਵੀ ਬੰਦ ਦੇ ਅਰਥ ਪੁੱਛੇ ਜਾ ਸਕਦੇ ਹਨ। ਸਿੱਖ ਮਿਸ਼ਨਰੀ ਕਾਲਜ ਵਲੋਂ ਪ੍ਰਕਾਸ਼ਿਤ 'ਨਿਤਨੇਮ ਸਟੀਕ' ਲੈ ਕੇ ਪੜ੍ਹੋ ਜੀ।**

## 3. ਤ੍ਵਪ੍ਰਸਾਦਿ॥ ਸਵੱਯੇ

**ਸਿਲੇਬਸ— ਤ੍ਵਪ੍ਰਸਾਦਿ॥ ਸਵੱਯੇ, (ਸ੍ਰਾਵਗ ਸੁਧ ਸਮੂਹ ਸਿਧਾਨ...ਵਾਲੇ) ਦਸ ਸਵੱਯੇ ਅਰਥਾਂ ਸਹਿਤ।**

**ਪ੍ਰਸ਼ਨ 1. ਹੇਠ ਲਿਖੀ ਤੁਕ ਦੇ ਅਰਥ ਲਿਖੋ—**
**ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ**
**ਏਕ ਰਤੀ ਬਿਨੁ ਏਕ ਰਤੀ ਕੇ॥**

**ਉੱਤਰ** : ਜੇ ਪਰਮਾਤਮਾ ਵਿਚ ਸ਼ਰਧਾ ਨਹੀਂ ਬਣੀ, ਜੇ ਵਾਹਿਗੁਰੂ ਦੇ ਪਿਆਰ ਤੋਂ ਸੱਖਣੇ ਰਹੇ, ਜੇ ਭਗਵਾਨ ਦੀ ਮਿਹਰ ਦੀ ਨਜ਼ਰ ਨਹੀਂ ਹੋਈ, ਤਾਂ ਇਹਨਾਂ ਸਭ ਮੱਤਾਂ ਮਤਾਤਰਾਂ ਦਾ ਮੁੱਲ ਇਕ ਰੱਤੀ ਜਿੰਨਾ ਹੀ ਸਮਝੋ।

ਨੋਟ : **ਇਸੇ ਤਰ੍ਹਾਂ 'ਤ੍ਵਪ੍ਰਸਾਦਿ॥ ਸਵੱਯੇ' ਬਾਣੀ ਵਿਚੋਂ ਹੋਰ ਤੁਕਾਂ ਦੇ ਵੀ ਅਰਥ ਪੁੱਛੇ ਜਾਣਗੇ।**

**ਪ੍ਰਸ਼ਨ 2. ਤ੍ਵਪ੍ਰਸਾਦਿ॥ ਸਵੱਯੇ ਦੀ ਬਾਣੀ ਦਸਮ ਗ੍ਰੰਥ ਵਿਚ ਕਿਸ ਸਿਰਲੇਖ ਹੇਠ ਦਰਜ ਹੈ?**

**ਉੱਤਰ** : ਅਕਾਲ ਉਸਤਤਿ ਦੇ ਸਿਰਲੇਖ ਹੇਠ।

**ਪ੍ਰਸ਼ਨ 3. ਅੰਮ੍ਰਿਤ ਸੰਚਾਰ ਸਮੇਂ ਕਿਹੜੇ ਦਸ ਸਵੱਯੇ ਪੜ੍ਹੇ ਜਾਂਦੇ ਹਨ?**

**ਉੱਤਰ** : ਅੰਮ੍ਰਿਤ ਸੰਚਾਰ ਸਮੇਂ 'ਸ੍ਰਾਵਗ ਸੁਧ ਸਮੂਹ ਸਿਧਾਨ ਕੇ'....ਵਾਲੇ ਦਸ ਸਵੱਯੇ ਪੜ੍ਹੇ ਜਾਂਦੇ ਹਨ।

**ਪ੍ਰਸ਼ਨ 4. ਇਸ ਬਾਣੀ ਦਾ ਕਿਹੜਾ ਦੂਸਰਾ ਨਾਮ ਪ੍ਰਚਲਤ ਹੈ?**

**ਉੱਤਰ** : ਸੁਧਾ ਸਵੱਯੇ।

**ਪ੍ਰਸ਼ਨ 5. ਤ੍ਵਪ੍ਰਸਾਦਿ ਸਵੱਈਆਂ ਵਿਚ ਜੀਵਨ ਮੁਕਤ ਹੋਣ ਦਾ ਇਕੋ ਇਕ ਸਾਧਨ ਕੀ ਦਰਸਾਇਆ ਗਿਆ ਹੈ?**

**ਉੱਤਰ** : ਅਕਾਲ ਪੁਰਖ ਦੇ ਚਰਨ ਪਰਸਣੇ।

**ਪ੍ਰਸ਼ਨ 6. ਅਕਾਲ ਪੁਰਖ ਦੇ ਚਰਨ ਪਰਸਣ ਤੋਂ ਕੀ ਭਾਵ ਹੈ?**

**ਉੱਤਰ** : ਸਭ ਸਾਧਨਾਂ ਦਾ ਤਿਆਗ ਕਰਕੇ ਸੱਚੇ ਦਿਲੋਂ ਕੇਵਲ ਵਾਹਿਗੁਰੂ ਜੀ ਨਾਲ ਪਿਆਰ ਕਰਨਾ।



**ਪ੍ਰਸ਼ਨ 7. ਇਹ ਬਾਣੀ ਕਿਸ ਨੇ ਅਤੇ ਕਿੱਥੇ ਉਚਾਰਨ ਕੀਤੀ?**

**ਉੱਤਰ** : ਗੁਰੂ ਗੋਬਿੰਦ ਸਿੰਘ ਜੀ ਨੇ, ਪਾਉਂਟਾ ਸਾਹਿਬ ਵਿਖੇ।

**ਪ੍ਰਸ਼ਨ 8. ਇਸ ਬਾਣੀ ਦਾ ਮੁੱਖ ਭਾਵ ਕੀ ਹੈ?**

**ਉੱਤਰ** : ਮਨੁੱਖਾ ਜੀਵਨ ਦਾ ਅਸਲ ਮਨੋਰਥ ਹੈ 'ਸਰਬ ਵਿਆਪਕ ਪਰਮਾਤਮਾ ਨਾਲ ਪਿਆਰ ਕਰਨਾ'। ਇਹ ਪਿਆਰ 'ਧਿਆਨ' ਰਾਹੀਂ ਹੀ ਬਣ ਸਕਦਾ ਹੈ, ਹੋਰ ਕੋਈ ਸਾਧਨ ਕਾਮਯਾਬ ਨਹੀਂ ਹੋ ਸਕਦਾ।

## 4. ਰਹਰਾਸਿ ਸਾਹਿਬ

**ਸਿਲੇਬਸ— ਸੰਪੂਰਨ ਬਾਣੀ 'ਰਹਰਾਸਿ ਸਾਹਿਬ' ਅਰਥਾਂ ਸਮੇਤ।**

### 'ਰਹਰਾਸਿ ਸਾਹਿਬ' ਦੀ ਬਾਣੀ ਬਾਰੇ ਪ੍ਰਸ਼ਨ

**ਪ੍ਰਸ਼ਨ 1. ਇਤਿਹਾਸਕ ਖੋਜ ਅਨੁਸਾਰ 'ਰਹਰਾਸਿ' ਪਦ ਕਿਹੜੇ ਗੁਰੂ ਜੀ ਦੇ ਸਮੇਂ ਪ੍ਰਚਲਤ ਸੀ?**

**ਉੱਤਰ** : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ।

**ਪ੍ਰਸ਼ਨ 2. ਦਸਮ ਪਾਤਸ਼ਾਹ ਦੇ 'ਕਿਹੜੇ ਸਿੱਖ' ਨੇ ਆਪਣੀਆਂ ਰਚਨਾਵਾਂ ਵਿਚ 'ਰਹਰਾਸਿ' ਪਦ ਦੀ ਵਰਤੋਂ ਕਿੱਥੇ ਕੀਤੀ ਹੈ?**

**ਉੱਤਰ** : (ੳ) ਭਾਈ ਨੰਦ ਲਾਲ ਸਿੰਘ ਜੀ ਨੇ।
(ਅ) ਬਿਨ 'ਰਹਰਾਸਿ' ਸਮਾ ਜੋ ਖੋਵੈ।

**ਪ੍ਰਸ਼ਨ 3. 'ਰਹਰਾਸਿ' ਬਾਣੀ ਦਾ ਹੁਣ ਕਿਹੜਾ ਨਾਮ ਪ੍ਰਸਿੱਧ ਹੈ?**

**ਉੱਤਰ** : ਸੋ-ਦਰੁ ਰਹਰਾਸਿ।

**ਪ੍ਰਸ਼ਨ 4. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਰਹਰਾਸਿ ਦਾ ਸਰੂਪ ਕਿਹੜਾ ਸੀ?**

**ਉੱਤਰ** : ਕੇਵਲ ਨੌਂ ਸ਼ਬਦ
5 ਸ਼ਬਦ—'ਸੋ ਦਰੁ' ਸਿਰਲੇਖ ਹੇਠ।
4 ਸ਼ਬਦ—'ਸੋ ਪੁਰਖ' ਦੇ ਸਿਰਲੇਖ ਹੇਠ।*

---

*ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਿਤ 'ਆਦਿ ਬੀੜ', ਜੋ ਕਰਤਾਰਪੁਰ (ਜਲੰਧਰ) ਵਿਖੇ ਪਈ ਦੱਸੀ ਜਾਂਦੀ ਹੈ, ਵਿਚ ਕੇਵਲ 'ਸੋ ਪੁਰਖੁ' ਸਿਰਲੇਖ ਵਾਲੇ ਪੰਜ ਸ਼ਬਦ ਹੀ ਦਰਜ ਹਨ। ਇਸ ਦੇ ਤਤਕਰੇ ਵਿਚ ਵੀ ਲਿਖਿਆ ਹੈ, 'ਸੋ ਦਰੁ ਪੰਚ ਸਬਦ।'

**ਪ੍ਰਸ਼ਨ 5. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਕਿਸ ਸੰਨ ਵਿਚ 'ਦਸਮ ਗ੍ਰੰਥ' ਹੋਂਦ ਵਿਚ ਆਇਆ?**

**ਉੱਤਰ :** ਸੰਨ 1721 ਦੇ ਲਗਭਗ।

**ਪ੍ਰਸ਼ਨ 6. ਰਹਰਾਸਿ ਦੇ ਸਰੂਪ ਦੀ ਇਕਸਾਰਤਾ ਵਿਚ ਫਰਕ ਕਦੋਂ ਪਿਆ?**

**ਉੱਤਰ :** ਬਾਬਾ ਬੰਦਾ ਸਿੰਘ ਦੀ ਸ਼ਹੀਦੀ ਤੋਂ ਬਾਅਦ ਲਗਭਗ 50 ਸਾਲਾਂ ਤੱਕ ਖ਼ਾਲਸੇ ਨੂੰ ਜੰਗਲਾਂ ਵਿਚ ਰਹਿਣਾ ਪਿਆ। ਇਸ ਸਮੇਂ ਦੇ ਦੌਰਾਨ ਨਿਰਮਲੇ, ਉਦਾਸੀ ਆਦਿਕ ਸੰਤਾਂ ਨੇ ਰਹਰਾਸਿ ਦੇ ਸਰੂਪ ਵਿਚ ਮਨਭਾਉਂਦੀਆਂ ਤਬਦੀਲੀਆਂ ਕੀਤੀਆਂ।

**ਪ੍ਰਸ਼ਨ 7. ਕਬਿਯੋਬਾਚ ਬੇਨਤੀ॥ ਚੌਪਈ॥ ਦਸਮ ਗ੍ਰੰਥ ਵਿਚ ਕਿੱਥੇ ਦਰਜ ਹੈ?**

**ਉੱਤਰ :** ਦਸਮ ਗ੍ਰੰਥ ਦੇ ਤ੍ਰਿਆ ਚਰਿੱਤਰ ਵਾਲੀ ਰਚਨਾ ਵਿਚ ਚਰਿੱਤਰ ਨੰਬਰ 405 ਵਿਚ ਦਰਜ ਹੈ। ਇਸ ਦਾ ਅਰੰਭਕ ਅੰਕ 377ਵਾਂ ਹੈ।

**ਪ੍ਰਸ਼ਨ 8. ਹੇਠ ਲਿਖੀ ਤੁਕ ਦੇ ਅਰਥ ਲਿਖੋ :**
**ਸੁਣਿ, ਵਡਾ ਆਖੈ ਸਭੁ ਕੋਇ॥**

**ਉੱਤਰ :** ਹਰੇਕ ਜੀਵ ਹੋਰਨਾਂ ਪਾਸੋਂ ਸਿਰਫ਼ ਸੁਣ ਕੇ ਹੀ ਆਖ ਦੇਂਦਾ ਹੈ ਕਿ ਹੇ ਪ੍ਰਭੂ! ਤੂੰ ਵੱਡਾ ਹੈਂ।

**ਨੋਟ : ਇਸੇ ਤਰ੍ਹਾਂ ਪ੍ਰੀਖਿਆ ਵਿਚ 'ਰਹਰਾਸਿ ਸਾਹਿਬ' ਵਿਚੋਂ ਹੋਰ ਤੁਕਾਂ ਦੇ ਅਰਥ ਵੀ ਪੁੱਛੇ ਜਾਣਗੇ।**

## 5. ਸੋਹਿਲਾ ਸਾਹਿਬ

**ਸਿਲੇਬਸ—** **ਸੰਪੂਰਨ ਬਾਣੀ 'ਸੋਹਿਲਾ ਸਾਹਿਬ' ਅਰਥਾਂ ਸਮੇਤ।**

### 'ਸੋਹਿਲਾ ਸਾਹਿਬ' ਦੀ ਬਾਣੀ ਬਾਰੇ ਪ੍ਰਸ਼ਨ

**ਪ੍ਰਸ਼ਨ 1. 'ਸੋਹਿਲਾ' ਬਾਣੀ ਦਾ ਪਾਠ ਕਿਹੜੇ-ਕਿਹੜੇ ਮੌਕਿਆਂ 'ਤੇ ਕੀਤਾ ਜਾਂਦਾ ਹੈ?**

**ਉੱਤਰ :**
1. ਰਾਤ ਨੂੰ ਸੌਣ ਸਮੇਂ।
2. ਰਾਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖਾਸਨ ਕਰਦੇ ਸਮੇਂ।
3. ਕਿਸੇ ਵਿਅਕਤੀ ਦੇ ਚਲਾਣੇ ਸਮੇਂ ਉਸਦੇ ਸਸਕਾਰ ਤੋਂ ਬਾਅਦ।

**ਪ੍ਰਸ਼ਨ 2. ਇਸ ਬਾਣੀ ਦੇ ਕਿਹੜੇ-ਕਿਹੜੇ ਨਾਮ ਪ੍ਰਚਲਤ ਹਨ?**

**ਉੱਤਰ :**
1. ਸੋਹਿਲਾ
2. ਕੀਰਤਨ ਸੋਹਿਲਾ
3. ਆਰਤੀ ਸੋਹਿਲਾ



**ਪ੍ਰਸ਼ਨ 3. ਇਸ ਬਾਣੀ ਦਾ ਪ੍ਰਮਾਣਿਕ ਨਾਮ ਕੀ ਹੈ?**

**ਉੱਤਰ :** ਸੋਹਿਲਾ।

**ਪ੍ਰਸ਼ਨ 4. ਸੋਹਿਲਾ ਬਾਣੀ ਵਿਚ ਕਿਹੜੇ-ਕਿਹੜੇ ਗੁਰੂ ਸਾਹਿਬਾਨ ਦੇ ਸ਼ਬਦ ਦਰਜ ਹਨ?**

**ਉੱਤਰ :** ਗੁਰੂ ਨਾਨਕ ਦੇਵ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ।

**ਪ੍ਰਸ਼ਨ 5. ਇਸ ਬਾਣੀ ਦਾ ਨਾਮ 'ਕੀਰਤਨ ਸੋਹਿਲਾ' ਕਿਵੇਂ ਪ੍ਰਸਿੱਧ ਹੋਇਆ?**

**ਉੱਤਰ :** ਕਿਉਂਕਿ ਸੋਹਿਲੇ ਦੇ ਪਾਠ ਤੋਂ ਪਹਿਲਾਂ ਗੁਰਦੁਆਰਿਆਂ ਵਿਚ 'ਸੋ ਦਰੁ' ਦੇ ਪਾਠ ਮਗਰੋਂ ਸ਼ਬਦ ਕੀਰਤਨ ਹੁੰਦਾ ਸੀ, ਇਸ ਲਈ ਇਸ ਬਾਣੀ ਦੇ ਨਾਮ ਨਾਲ 'ਕੀਰਤਨ' ਪਦ ਲਾ ਕੇ 'ਕੀਰਤਨ ਸੋਹਿਲਾ' ਨਾਮ ਪ੍ਰਸਿੱਧ ਕਰ ਦਿੱਤਾ ਗਿਆ।

**ਪ੍ਰਸ਼ਨ 6. ਸੋਹਿਲਾ ਬਾਣੀ ਦੇ ਪਹਿਲੇ ਸ਼ਬਦ ਵਿਚ ਕੀ ਦੱਸਿਆ ਗਿਆ ਹੈ?**

**ਉੱਤਰ :** ਸੰਸਾਰ ਵਿਚ ਕਿਸੇ ਨੇ ਬਹਿ ਨਹੀਂ ਰਹਿਣਾ। ਸਭ ਨੇ ਜਾਣਾ ਹੈ। ਇਸ ਲਈ ਪ੍ਰਭੂ ਦੀ ਸਿਫ਼ਤ-ਸਲਾਹ ਦਾ ਕੰਮ ਹਰ ਸਮੇਂ ਯਾਦ ਰੱਖਣਾ ਚਾਹੀਦਾ ਹੈ।

**ਪ੍ਰਸ਼ਨ 7. ਸੋਹਿਲਾ ਬਾਣੀ ਦੇ ਦੂਸਰੇ ਸ਼ਬਦ ਵਿਚ ਕੀ ਦੱਸਿਆ ਗਿਆ ਹੈ?**

**ਉੱਤਰ :** ਦੂਸਰੇ ਸ਼ਬਦ ਵਿਚ ਪਰਮਾਤਮਾ ਦੀ ਅਖੰਡਤਾ ਦਾ ਵਰਨਣ ਹੈ ਤੇ ਦੱਸਿਆ ਹੈ ਕਿ ਪਰਮਾਤਮਾ ਸੰਪੂਰਨ ਇਕਾਈ ਹੈ, ਭਾਵੇਂ ਉਸਦਾ ਕਥਨ ਕਰਨ ਵਾਲੇ ਗਿਆਨ ਦੇ ਸੋਮੇ ਅਨੇਕ ਹਨ।

**ਪ੍ਰਸ਼ਨ 8. ਇਸ ਬਾਣੀ ਦੇ ਤੀਜੇ ਸ਼ਬਦ ਦਾ ਕੀ ਭਾਵ ਹੈ?**

**ਉੱਤਰ :** ਇਸ ਸ਼ਬਦ ਰਾਹੀਂ, ਗੁਰੂ ਸਾਹਿਬ ਨੇ ਹਿੰਦੂ ਮਤ ਅਨੁਸਾਰ ਥਾਲ ਵਿਚ ਦੀਵੇ ਜਗਾ ਕੇ, ਪ੍ਰਭੂ ਨੂੰ ਮੂਰਤੀ ਸਮਝ ਕੇ, ਕੀਤੀ ਜਾ ਰਹੀ ਆਰਤੀ ਦਾ ਖੰਡਨ ਕੀਤਾ ਹੈ ਅਤੇ ਕਰਤਾਰ ਦੀ ਸੱਚੀ ਤੇ ਕੁਦਰਤੀ ਹੋ ਰਹੀ ਆਰਤੀ ਦੀ ਵਡਿਆਈ ਕੀਤੀ ਹੈ।

**ਪ੍ਰਸ਼ਨ 9. "ਜੋ ਤਿਸੁ ਭਾਵੈ, ਸੁ ਆਰਤੀ ਹੋਇ" ਤੁਕ ਦਾ ਕੀ ਭਾਵ ਹੈ?**

**ਉੱਤਰ :** ਪ੍ਰਭੂ ਦੀ ਰਜ਼ਾ ਵਿਚ ਚੱਲਣਾ ਹੀ ਪ੍ਰਭੂ ਦੀ ਆਰਤੀ ਕਰਨਾ ਹੈ?

**ਪ੍ਰਸ਼ਨ 10. ਇਸ ਬਾਣੀ ਦੇ ਚੌਥੇ ਸ਼ਬਦ ਵਿਚ ਕੀ ਦੱਸਿਆ ਗਿਆ ਹੈ?**

**ਉੱਤਰ** : ਸਾਨੂੰ ਪ੍ਰਭੂ ਅੱਗੇ ਜੋਦੜੀ ਕਰਨ ਦੀ ਜਾਚ ਦੱਸੀ ਗਈ ਹੈ ਤੇ ਸਮਝਾਇਆ ਹੈ ਕਿ ਪ੍ਰਭੂ ਦਾ ਨਾਮ ਸਿਮਰਨ ਹੀ ਮਨੁੱਖ ਨੂੰ ਵਿਕਾਰਾਂ ਤੋਂ ਬਚਾ ਸਕਦਾ ਹੈ।

**ਪ੍ਰਸ਼ਨ 11. ਸੋਹਿਲਾ ਬਾਣੀ ਦੇ ਪੰਜਵੇਂ ਸ਼ਬਦ ਵਿਚ ਕੀ ਦੱਸਿਆ ਗਿਆ ਹੈ?**

**ਉੱਤਰ** : ਮਨੁੱਖ ਨੂੰ ਉਸ ਕੰਮ ਨੂੰ ਪੂਰਾ ਕਰਨ ਲਈ ਹਲੂਣਾ ਦਿੱਤਾ ਗਿਆ ਹੈ ਜਿਸ ਨੂੰ ਕਰਨ ਲਈ ਮਨੁੱਖ ਸੰਸਾਰ ਵਿਚ ਆਇਆ ਹੈ।

**ਪ੍ਰਸ਼ਨ 12. ਗਉੜੀ ਕਿੰਨੇ ਪ੍ਰਕਾਰ ਦੀ ਹੈ?**

**ਉੱਤਰ** : ਨੌਂ ਪ੍ਰਕਾਰ ਦੀ।

**ਪ੍ਰਸ਼ਨ 13. 'ਦੀਪਕੀ' ਅਤੇ 'ਪੂਰਬੀ' ਤੋਂ ਕੀ ਭਾਵ ਹੈ?**

**ਉੱਤਰ** : ਇਹ ਰਾਗਾਂ ਦੀਆਂ ਜਾਤਾਂ ਹਨ।

**ਪ੍ਰਸ਼ਨ 14. ਰਾਗੁ ਗਉੜੀ ਦੀਪਕੀ ਮਹਲਾ ੧॥ ਵਿਚ ਬਿਸਰਾਮ ਕਿੱਥੇ ਲੱਗੇਗਾ?**

**ਉੱਤਰ** : 'ਦੀਪਕੀ' ਤੋਂ ਬਾਅਦ :

ਰਾਗੁ ਗਉੜੀ ਦੀਪਕੀ, ਮਹਲਾ ੧॥

**ਪ੍ਰਸ਼ਨ 15. ਹੇਠ ਲਿਖੀ ਤੁਕ ਦੇ ਅਰਥ ਲਿਖੋ—**

**ਕਰਿ ਸਾਧੂ ਅੰਜੁਲੀ, ਪੁਨੁ ਵਡਾ ਹੇ॥**

**ਉੱਤਰ** : ਹੇ ਭਾਈ! ਗੁਰੂ ਅੱਗੇ ਹੱਥ ਜੋੜ, ਇਹ ਬਹੁਤ ਭਲਾ ਕੰਮ ਹੈ।

**ਨੋਟ** : **ਇਸੇ ਤਰ੍ਹਾਂ ਪ੍ਰੀਖਿਆ ਵਿਚ 'ਸੋਹਿਲਾ ਸਾਹਿਬ' ਵਿਚੋਂ ਹੋਰ ਤੁਕਾਂ ਦੇ ਵੀ ਅਰਥ ਪੁੱਛੇ ਜਾਣਗੇ।**

## 6. ਤ੍ਵ ਪ੍ਰਸਾਦਿ॥ ਚੌਪਈ॥

### (ਪ੍ਰਣਵੋ ਆਦਿ ਏਕੰਕਾਰਾ)

**ਸਿਲੇਬਸ— 'ਤ੍ਵ ਪ੍ਰਸਾਦਿ॥ ਚੌਪਈ॥' ਕੰਠ (ਯਾਦ) ਕਰਨੀ ਹੈ।**

**ਪ੍ਰਸ਼ਨ 1. ਹੇਠ ਲਿਖੀ ਤੁਕ ਤੋਂ ਅਗਲੀ ਤੁਕ ਲਿਖੋ—**

**ਪ੍ਰਣਵੋ ਆਦਿ ਏਕੰਕਾਰਾ॥**

**ਉੱਤਰ** : ਜਲ ਥਲ ਮਹੀਅਲ ਕੀਓ ਪਸਾਰਾ॥

**ਨੋਟ** : **ਇਸੇ ਤਰ੍ਹਾਂ ਚੌਪਈ ਬਾਣੀ ਵਿਚੋਂ ਹੋਰ ਤੁਕਾਂ ਪੁੱਛੀਆਂ ਜਾਣਗੀਆਂ।**



## 7. ਅਨੰਦੁ ਸਾਹਿਬ

**ਸਿਲੇਬਸ : 'ਅਨੰਦੁ ਸਾਹਿਬ' ਸੰਪੂਰਨ ਬਾਣੀ ਕੰਠ ਕਰਨੀ ਹੈ।**

**ਪ੍ਰਸ਼ਨ 1. ਹੇਠ ਲਿਖੀ ਤੁਕ ਤੋਂ ਅਗਲੀ ਤੁਕ ਲਿਖੋ—**

**ਭਗਤਾ ਕੀ ਚਾਲ ਨਿਰਾਲੀ॥**

**ਉੱਤਰ** : ਚਾਲਾ ਨਿਰਾਲੀ ਭਗਤਾਹ ਕੇਰੀ, ਬਿਖਮ ਮਾਰਗਿ ਚਲਣਾ॥

**ਨੋਟ** : **ਇਸੇ ਤਰ੍ਹਾਂ ਅਨੰਦੁ ਸਾਹਿਬ ਦੀ ਬਾਣੀ ਵਿਚੋਂ ਹੋਰ ਤੁਕਾਂ ਪੁੱਛੀਆਂ ਜਾਣਗੀਆਂ।**

## (ਅ) ਗੁਰਬਾਣੀ ਦਾ ਸ਼ੁੱਧ ਉਚਾਰਨ

**ਪ੍ਰਸ਼ਨ 1. ਹੇਠ ਲਿਖੇ ਸ਼ਬਦ ਜੋ ਸੰਸਕ੍ਰਿਤ ਦੀ ਵਰਣਮਾਲਾ ਵਿਚ ਆਈਆਂ ਵਿਸਰਗਾਂ ਨਾਲ ਲਿਖੇ ਹੋਏ ਹਨ, ਦਾ ਸ਼ੁੱਧ ਉਚਾਰਨ ਲਿਖੋ :**

**ਦ੍ਰਿੜੰਤਣਃ, ਸੰਪੂਰਣਃ, ਲਿਖਣਃ, ਰੰਗਣਃ**

**ਉੱਤਰ** :

ਦ੍ਰਿੜੰਤਣਃ — ਦ੍ਰਿੜੰਤਣਹਿ

ਸੰਪੂਰਣਃ — ਸੰਪੂਰਣਹਿ

ਲਿਖਣਃ — ਲਿਖਣਹਿ

ਰੰਗਣਃ — ਰੰਗਣਹਿ

**ਪ੍ਰਸ਼ਨ 2. ਗੁਰਬਾਣੀ ਵਿਚ ਕਈ ਦੋ-ਮਾਤ੍ਰੇ ਅੱਖਰਾਂ ਵਾਲੇ ਸ਼ਬਦ ਵੀ ਵਰਤੇ ਗਏ ਹਨ, ਜਿਹਨਾਂ ਵਿਚ ਇਕ ਅੱਖਰ ਨੂੰ ਔਂਕੜ ਵੀ ਲੱਗੀ ਹੋਈ ਹੈ ਤੇ ਹੋੜਾ ਵੀ। ਇਹਨਾਂ ਦੋ ਮਾਤ੍ਰਾਂ ਦਾ ਕੀ ਭਾਵ ਹੈ?**

**ਉੱਤਰ** : ਇਕ ਮਾਤ੍ਰਾ ਸ਼ਬਦ ਦੇ ਅਸਲ ਸਰੂਪ ਨੂੰ ਪ੍ਰਗਟ ਕਰਦੀ ਹੈ ਤੇ ਦੂਸਰੀ ਸ਼ਬਦ ਦੇ ਕਾਵਿ-ਤੋਲ ਨੂੰ ਪੂਰਾ ਕਰਨ ਲਈ ਹੈ।

**ਪ੍ਰਸ਼ਨ 3. ਦੋ-ਮਾਤ੍ਰੇ ਅੱਖਰਾਂ ਵਾਲੇ ਸ਼ਬਦਾਂ ਦਾ ਉਚਾਰਨ ਕਰਨ ਸਮੇਂ ਕਿਹੜੀ ਮਾਤ੍ਰਾ ਦਾ ਉਚਾਰਨ ਕਰਨਾ ਹੈ?**

**ਉੱਤਰ** : ਜਿਹੜੀ ਮਾਤ੍ਰਾ ਕਾਵਿ-ਤੋਲ ਪੂਰਾ ਕਰਨ ਲਈ ਲਾਈ ਗਈ ਹੋਵੇ ਉਸਦਾ ਉਚਾਰਨ ਕਰਨਾ ਹੈ।

**ਪ੍ਰਸ਼ਨ 4. ਹੇਠ ਲਿਖੇ ਦੋ-ਮਾਤ੍ਰੇ ਅੱਖਰਾਂ ਵਾਲੇ ਸ਼ਬਦਾਂ ਦਾ ਸ਼ੁੱਧ ਉਚਾਰਨ ਲਿਖੋ—**

ਉੱਤਰ :

| ਸ਼ਬਦ | | ਸ਼ੁੱਧ ਉਚਾਰਨ | ਸ਼ਬਦ | | ਸ਼ੁੱਧ ਉਚਾਰਨ |
|---|---|---|---|---|---|
| ਜੁੋਆਨੀ | — | ਜੋਆਨੀ | ਲੁੋਭਾਨੁ | — | ਲੁਭਾਨ |
| ਸੁੋਹੇਲਾ | — | ਸੋਹੇਲਾ | ਤੁੋਲਾਇਸੀ | — | ਤੁਲਾਇਸੀ |
| ਤੁੋਹੀ | — | ਤੋਹੀ | ਸੁੋਹਾਗਣਿ | — | ਸੁਹਾਗਣ |
| ਅਨਦਿਨੁੋ | — | ਅਨਦਿਨੋ | ਗੁੋਬਿੰਦ | — | ਗੁਬਿੰਦ |
| ਸੁੋਹੰਦੀ | — | ਸੁਹੰਦੀ | | | |

**ਪ੍ਰਸ਼ਨ 5. ਸ਼ਬਦ ਨਾਉਂ (Noun) ਦਾ ਅੰਤਲਾ ਅੱਖਰ ਭਾਵੇਂ ਮੁਕਤਾ ਹੋਵੇ ਭਾਵੇਂ ਉਸ ਨਾਲ ਸਿਹਾਰੀ ਜਾਂ ਔਂਕੜ ਲੱਗਿਆ ਹੋਵੇ, ਤਾਂ ਉਸਦੇ ਤਿੰਨਾਂ ਸਰੂਪਾਂ ਦਾ ਉਚਾਰਨ ਕਿਸ ਤਰ੍ਹਾਂ ਹੁੰਦਾ ਹੈ?**

ਉੱਤਰ : ਉਚਾਰਨ ਇਕੋ ਜਿਹਾ ਹੀ ਹੁੰਦਾ ਹੈ।

**ਪ੍ਰਸ਼ਨ 6. ਹੇਠ ਲਿਖੇ ਸ਼ਬਦਾਂ ਦਾ ਸ਼ੁੱਧ ਉਚਾਰਨ ਲਿਖੋ—**

ਉੱਤਰ :

| ਸ਼ਬਦ | ਉਚਾਰਨ |
|---|---|
| ਨਰਕੁ-ਨਰਕ-ਨਰਕਿ | ਨਰਕ |
| ਮੀਹੁ-ਮੀਹ-ਮੀਹਿ | ਮੀਂਹ |
| ਖੂਹੁ-ਖੂਹ-ਖੂਹਿ | ਖੂਹ |
| ਰਾਹੁ-ਰਾਹ-ਰਾਹਿ | ਰਾਹ |
| ਦਿਹੁ-ਦਿਹ-ਦਿਹਿ | ਦਿਹ |
| ਨੇਹੁ-ਨੇਹ-ਨੇਹਿ | ਨੇਹ |
| ਮਾਹੁ-ਮਾਹ | ਮਾਹ |
| ਏਹੁ-ਏਹ-ਏਹਿ | ਏਹ |
| ਓਹੁ-ਓਹ-ਓਹਿ | ਓਹ |

**ਪ੍ਰਸ਼ਨ 7. ਹੇਠ ਲਿਖੇ ਸ਼ਬਦਾਂ ਦਾ ਸ਼ੁੱਧ ਉਚਾਰਨ ਲਿਖੋ—**

ਉੱਤਰ :

| ਸ਼ਬਦ | | ਉਚਾਰਨ | ਸ਼ਬਦ | | ਉਚਾਰਨ |
|---|---|---|---|---|---|
| ਲੋਹੁ | — | ਲੋਹ | ਰੋਹੁ | — | ਰੋਹ |
| ਅੰਦੋਹੁ | — | ਅੰਦੋਹ | ਰਾਹੁ | — | ਰਾਹ |
| ਰੂਹੁ | — | ਰੂਹ | ਵੇਪਰਵਾਹੁ | — | ਵੇਪਰਵਾਹ |
| ਪਾਤਿਸਾਹੁ | — | ਪਾਤਿਸ਼ਾਹ | ਗ੍ਰਿਹੁ | — | ਗ੍ਰਿਹ |



**ਪ੍ਰਸ਼ਨ 8. ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੱਧਕ ( ੱ ) ਦੀ ਵਰਤੋਂ ਕੀਤੀ ਗਈ ਹੈ? ਕੀ ਅੱਧਕ ਦੀ ਉਚਾਰਨ ਸਮੇਂ ਵਰਤੋਂ ਕੀਤੀ ਜਾਂਦੀ ਹੈ?**

ਉੱਤਰ : (ੳ) ਨਹੀਂ ਜੀ। (ਅ) ਉਚਾਰਨ ਸਮੇਂ ਵਰਤੋਂ ਕੀਤੀ ਜਾਂਦੀ ਹੈ।

**ਪ੍ਰਸ਼ਨ 9. ਹੇਠ ਲਿਖੇ ਸ਼ਬਦ ਜਿਨ੍ਹਾਂ ਦੇ ਅਰਥ ਨਾਲ ਦਿੱਤੇ ਗਏ ਹਨ, ਦਾ ਸ਼ੁੱਧ ਉਚਾਰਨ ਲਿਖੋ—**

ਉੱਤਰ :

| ਸ਼ਬਦ | ਅਰਥ | ਉਚਾਰਨ |
|---|---|---|
| ਗਲੀ | ਗੱਲਾਂ ਦੁਆਰਾ | ਗੱਲੀਂ |
| ਪਗ | ਦਸਤਾਰ | ਪੱਗ |
| ਖਟ | ਖੱਟ ਕੇ | ਖੱਟ |
| ਕਲ | ਭਲਕੇ | ਕੱਲ੍ਹ |
| ਮਲ | ਮੱਲ ਕੇ | ਮੱਲ |

**ਪ੍ਰਸ਼ਨ 10. ਹੇਠ ਲਿਖੇ ਸ਼ਬਦਾਂ ਦੇ ਉਚਾਰਨ ਥੱਲੇ ਦਿੱਤੇ ਹਨ। ਉਹਨਾਂ ਦੇ ਅੱਗੇ ਸ਼ੁੱਧ/ਅਸ਼ੁੱਧ ਲਿਖੋ—**

ਉੱਤਰ :

| ਸ਼ਬਦ | ਉਚਾਰਨ | ਸ਼ੁੱਧ/ਅਸ਼ੁੱਧ |
|---|---|---|
| ਖਤੇ | ਖਤੇ | ਸ਼ੁੱਧ |
| ਨਿਹਤੇ | ਨਿਹਤੇ | ਸ਼ੁੱਧ |
| ਕੁਹਥੀ | ਕੁਹੱਥੀ | ਅਸ਼ੁੱਧ (ਸ਼ੁੱਧ-ਕੁਹਥੀ) |
| ਮਣਕੜਾ | ਮਣੱਕੜਾ | ਅਸ਼ੁੱਧ (ਸ਼ੁੱਧ-ਮਣਕੜਾ) |
| ਕੁਹਥੜੇ | ਕੁਹੱਥੜੇ | ਅਸ਼ੁੱਧ (ਸ਼ੁੱਧ-ਕੁਹਥੜਾ) |
| ਮੁਸਲਾ | ਮੁਸੱਲਾ | ਸ਼ੁੱਧ |

**ਪ੍ਰਸ਼ਨ 11. ਹੇਠਾਂ ਸ਼ਬਦ ਤੇ ਉਹਨਾਂ ਦੇ ਅਰਥ ਦਿੱਤੇ ਗਏ ਹਨ। ਉਹਨਾਂ ਅੱਗੇ ਸ਼ੁੱਧ ਉਚਾਰਨ ਲਿਖੋ—**

| ਸ਼ਬਦ | ਅਰਥ | ਸ਼ੁੱਧ ਉਚਾਰਨ |
|---|---|---|
| ਸਾਈ | ਉਹ | ਸਾਈ |
| ਸਾਈ | ਮਾਲਕ | ਸਾਂਈ |
| ਡਡਾ | ਅੱਖਰ 'ਡ' | ਡਡਾ |
| ਡਡਾ | ਛੋਟੀਆਂ ਡਡੀਆਂ | ਡੱਡਾਂ |
| ਨਾਈ | ਇਸ਼ਨਾਨ ਕਰੇ | ਨ੍ਹਾਈ |

| | | |
|---|---|---|
| ਨਾਈ | ਹਜਾਮ | ਨਾਈ |
| ਰਾਜਾ | ਮੈਂ ਰੱਜਾਂ | ਰਾਜਾਂ |
| ਰਾਜਾ | ਬਾਦਸ਼ਾਹ | ਰਾਜਾ |
| ਹਾਥੀ | ਜਾਨਵਰ ਹਾਥੀ | ਹਾਥੀ |
| ਹਾਥੀ | ਹੱਥਾਂ ਨਾਲ | ਹਾਥੀਂ |
| ਪੁਤਾ | ਪੁਤਰਾਂ ਦਾ | ਪੁਤਾਂ |
| ਭਾਈਆ | ਭਰਾਵਾਂ | ਭਾਈਆਂ |
| ਭਗਤਾ | ਭਗਤਾਂ | ਭਗਤਾਂ |
| ਅਖੀ | ਅਖਾਂ ਦੁਆਰਾ | ਅਖੀਂ |
| ਵਡਭਾਗੀ | ਵੱਡੇ ਭਾਗਾਂ ਨਾਲ | ਵਡਭਾਗੀਂ |
| ਪੂਤਾ | ਹੇ ਪੁੱਤਰ | ਪੂਤਾ |
| ਗੁਰਾ | ਹੇ ਗੁਰੂ ਜੀ | ਗੁਰਾ |
| ਲੋਕਾ | ਹੇ ਲੋਕੋ | ਲੋਕਾ |
| ਸੇਖਾ | ਹੇ ਸ਼ੇਖ ਜੀ | ਸ਼ੇਖਾ |

**ਪ੍ਰਸ਼ਨ 12. ਹੇਠ ਲਿਖੀਆਂ ਤੁਕਾਂ ਵਿਚ 'ਹੈ' ਦਾ ਸ਼ੁੱਧ ਉਚਾਰਨ ਦੱਸੋ ਤੇ ਇਹ ਵੀ ਦੱਸੋ ਕਿ 'ਹੈ' ਇਕ ਵਚਨ ਹੈ ਜਾਂ ਬਹੁ ਵਚਨ—**

ਉੱਤਰ :

| ਤੁਕ | ਵਚਨ | ਉਚਾਰਨ |
|---|---|---|
| ਸਭ ਕਹਤੇ ਹੈ ਪਾਇਆ॥ | ('ਹੈ' ਬਹੁਵਚਨ, ਅਨੱਯ ਪੁਰਖ) | ਹੈਂ |
| ਸਤਜੁਗਿ ਧਰਮੁ ਪੈਰ ਹੈ ਚਾਰਿ॥ | ('ਹੈ' ਬਹੁਵਚਨ, ਅਨੱਯ ਪੁਰਖ) | ਹੈਂ |
| ਪ੍ਰਭੁ ਮੇਰਾ ਹੈ ਸਦਾ ਦਇਆਰੁ॥ | ('ਹੈ' ਇਕਵਚਨ, ਤੀਜਾ ਪੁਰਖ) | ਹੈ |
| ਹੈ, ਤੂਹੈ, ਤੂੰ ਹੋਵਣਹਾਰ॥ | ('ਹੈ' ਇਕਵਚਨ, ਮਧਮ ਪੁਰਖ) | ਹੈਂ |

**ਪ੍ਰਸ਼ਨ 13. ਹੇਠ ਲਿਖੇ ਕ੍ਰਿਆਵਾਚੀ ਸ਼ਬਦਾਂ ਉਤਮ ਪੁਰਖ (Ist Person) ਦਾ ਸ਼ੁੱਧ ਉਚਾਰਨ ਲਿਖੋ—**

ਉੱਤਰ :

| ਸ਼ਬਦ | ਉਚਾਰਨ | ਸ਼ਬਦ | ਉਚਾਰਨ |
|---|---|---|---|
| ਜੀਵਾ | ਜੀਵਾਂ | ਗਾਉ | ਗਾਉਂ |
| ਪੀਵਾ | ਪੀਵਾਂ | ਜਾਉ | ਜਾਉਂ |
| ਧੋਵਾ | ਧੋਵਾਂ | ਪਾਉ | ਪਾਉਂ |
| ਦੇਖਾ | ਦੇਖਾਂ | ਦੇਉ | ਦੇਉਂ |



**ਪ੍ਰਸ਼ਨ 14. ਹੇਠ ਲਿਖੇ ਕ੍ਰਿਆਵਾਚੀ ਸ਼ਬਦ ਮਧਮ ਪੁਰਖ (IInd Person) ਦਾ ਸ਼ੁੱਧ ਉਚਾਰਨ ਲਿਖੋ—**

ਉੱਤਰ :

| ਸ਼ਬਦ | ਉਚਾਰਨ |
|---|---|
| ਗਾਉ | ਗਾਉ |
| ਜਾਉ | ਜਾਉ |

**ਪ੍ਰਸ਼ਨ 15. ਹੇਠ ਲਿਖੇ ਸ਼ਬਦਾਂ ਦੇ ਅੱਗੇ ਅਰਥ ਦਿੱਤੇ ਹਨ, ਉਚਾਰਨ ਲਿਖੋ—**

ਉੱਤਰ :

| ਸ਼ਬਦ | ਅਰਥ | ਉਚਾਰਨ |
|---|---|---|
| ਮਾਰਿ | ਮਾਰ ਕੇ | ਮਾਰ |
| ਤਿਆਗਿ | ਤਿਆਗ ਕੇ | ਤਿਆਗ |
| ਸੁਣਿ ਸੁਣਿ | ਸੁਣ ਸੁਣ ਕੇ | ਸੁਣ ਸੁਣ |
| ਲੁਹਿ ਲੁਹਿ | ਲੂਛ ਲੂਛ ਕੇ | ਲੁਹ ਲੁਹ |
| ਕੁਹਿ | ਕੋਹ ਕੇ | ਕੁਹ |

**ਪ੍ਰਸ਼ਨ 16. ਹੇਠ ਲਿਖੇ ਸ਼ਬਦਾਂ ਦੇ ਅੱਗੇ ਅਰਥ ਦਿੱਤੇ ਹਨ, ਉਚਾਰਨ ਲਿਖੋ—**

ਉੱਤਰ :

| ਸ਼ਬਦ | ਅਰਥ | ਉਚਾਰਨ |
|---|---|---|
| ਜਨ (ਫ਼ਾਰਸੀ) | ਔਰਤ | ਜ਼ਨ |
| ਸਾਹ | ਸਵਾਸ | ਸਾਹ |
| ਸਾਹ | ਪਾਤਸ਼ਾਹ | ਸ਼ਾਹ |
| ਸਹੁ | ਸਹਿਣਾ | ਸਹੁ |
| ਅਸਨਾਈ (ਫ਼ਾਰਸੀ) | ਵਾਕਫ਼ੀ | ਅਸ਼ਨਾਈ |
| ਸਾਇਰੁ (ਸੰਸਕ੍ਰਿਤ) | ਸਾਗਰ | ਸਾਇਰ |
| ਸਾਇਰੁ (ਅਰਬੀ) | ਕਵੀ | ਸ਼ਾਇਰ |
| ਸੇਰੁ | ਸੋਲਾਂ ਛਟਾਕਾਂ | ਸੇਰ |
| ਸੇਰੁ (ਫ਼ਾਰਸੀ) | ਸ਼ੇਰ (ਜਾਨਵਰ) | ਸ਼ੇਰ |

**ਪ੍ਰਸ਼ਨ 17. ਹੇਠ ਲਿਖੇ ਸ਼ਬਦਾਂ ਦਾ ਸ਼ੁੱਧ ਉਚਾਰਨ ਲਿਖੋ—**

ਉੱਤਰ :

| ਸ਼ਬਦ | ਉਚਾਰਨ | ਸ਼ਬਦ | ਉਚਾਰਨ |
|---|---|---|---|
| ਬਯਣਿ | ਬੈਣ | ਰਮਯੇ | ਰਮਈਏ |
| ਨਯਣਿ | ਨੈਣ | ਦਯ | ਦਈ |

| | | | |
|---|---|---|---|
| ਭਯਾ | ਭਈਆ | ਦਯੈ | ਦਈਐ |
| ਸਵਯੇ | ਸਵਈਏ | ਦਯਿ | ਦਈ |
| ਮੁਯੇ | ਮੁਈਏ | ਦਯੁ | ਦਈ |
| ਰਯਤਿ | ਰਈਅਤ | | |

**ਪ੍ਰਸ਼ਨ 18. ਸ਼ਬਦ ਜੀਅ, ਕੀਅ, ਤ੍ਰੀਅ, ਧੀਅ, ਦਾ ਸ਼ੁੱਧ ਉਚਾਰਨ ਲਿਖੋ।**

**ਉੱਤਰ** : ਇਹਨਾਂ ਦਾ ਉਚਾਰਨ ਜੀ, ਕੀ, ਤ੍ਰੀ ਤੇ ਧੀ ਬਿਹਾਰੀ ਦੀ ਆਵਾਜ਼ ਥੋੜ੍ਹੀ ਲਮਕਾ ਕੇ ਹੋਵੇਗਾ।

ਪਰਚਾ : ਦੂਜਾ ਅੰਕ : 100

# 2. ਸਿੱਖ ਇਤਿਹਾਸ

## (ੳ) ਸੰਖੇਪ ਇਤਿਹਾਸ—ਦਸ ਗੁਰੂ ਸਾਹਿਬਾਨ

### 1. ਗੁਰੂ ਨਾਨਕ ਦੇਵ ਜੀ

**ਪ੍ਰਸ਼ਨ 1. ਗੁਰੂ ਜੀ ਦੇ ਸਮੇਂ ਕਿਹੜੇ ਤਿੰਨ ਮੁਖ ਧਾਰਮਿਕ ਆਗੂ ਸਨ?**

**ਉੱਤਰ** : ਬ੍ਰਾਹਮਣ, ਕਾਜ਼ੀ ਅਤੇ ਜੋਗੀ।

**ਪ੍ਰਸ਼ਨ 2. ਇਹਨਾਂ ਬਾਰੇ ਗੁਰੂ ਜੀ ਨੇ ਆਪਣਾ ਕੀ ਨਿਰਣਾ ਦਿੱਤਾ? ਗੁਰਬਾਣੀ ਪ੍ਰਮਾਣ ਦਿਓ।**

**ਉੱਤਰ** : ਕਾਦੀ, ਕੂੜੁ ਬੋਲਿ ਮਲੁ ਖਾਇ॥
ਬ੍ਰਾਹਮਣੁ ਨਾਵੈ, ਜੀਆ ਘਾਇ॥
ਜੋਗੀ, ਜੁਗਤਿ ਨ ਜਾਣੈ, ਅੰਧੁ॥
ਤੀਨੇ, ਓਜਾੜੇ ਕਾ ਬੰਧੁ॥ *(ਧਨਾਸਰੀ, ਮ: ੧, ਪੰਨਾ ੬੬੨)*

**ਪ੍ਰਸ਼ਨ 3. ਗੁਰੂ ਜੀ ਦੇ ਪ੍ਰਕਾਸ਼ ਸਮੇਂ ਭਾਰਤ ਵਿਚ ਦੋ ਵੱਡੀਆਂ ਕੌਮਾਂ ਕਿਹੜੀਆਂ ਸਨ?**

**ਉੱਤਰ** : ਹਿੰਦੂ ਅਤੇ ਮੁਸਲਮਾਨ।

**ਪ੍ਰਸ਼ਨ 4. ਹਿੰਦੂ ਸਮਾਜ ਕਿਹੜੇ ਚਾਰ ਵਰਣਾਂ ਵਿਚ ਵੰਡਿਆ ਹੋਇਆ ਸੀ?**

**ਉੱਤਰ** : ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ।

**ਪ੍ਰਸ਼ਨ 5. ਜੋਗੀ ਕਿਸ ਨੂੰ ਕਿਹਾ ਜਾਂਦਾ ਹੈ?**

**ਉੱਤਰ** : ਗੋਰਖ ਨਾਥ ਦੇ ਦੱਸੇ ਰਾਹ 'ਤੇ ਚੱਲਣ ਵਾਲਿਆਂ ਨੂੰ ਜੋਗੀ ਕਿਹਾ ਜਾਂਦਾ ਹੈ।

**ਪ੍ਰਸ਼ਨ 6. ਜੋਗੀਆਂ ਬਾਰੇ ਗੁਰੂ ਸਾਹਿਬ ਨੇ ਬਾਣੀ ਵਿਚ ਕੀ ਦੱਸਿਆ ਹੈ?**

**ਉੱਤਰ** : ਜੋਗੀ ਗਿਰਹੀ, ਜਟਾ ਬਿਭੂਤ॥
ਆਗੈ ਪਾਛੈ, ਰੋਵਹਿ ਪੂਤ॥
ਜੋਗ ਨ ਪਾਇਆ, ਜੁਗਤਿ ਗਵਾਈ॥
ਕਿਤੁ ਕਾਰਣਿ, ਸਿਰਿ ਛਾਈ ਪਾਈ॥
*(ਰਾਮਕਲੀ ਕੀ ਵਾਰ, ਸਲੋਕ ਮ: ੧, ਪੰਨਾ ੯੫੧)*

**ਪ੍ਰਸ਼ਨ 7. ਕਾਜ਼ੀਆਂ ਬਾਰੇ ਗੁਰੂ ਸਾਹਿਬ ਨੇ ਕੀ ਨਿਰਣਾ ਦਿੱਤਾ ਹੈ, ਗੁਰਬਾਣੀ ਪ੍ਰਮਾਣ ਦਿਓ।**

**ਉੱਤਰ** : ਕਾਜੀ ਹੋਇ ਕੈ, ਬਹੈ ਨਿਆਇ॥
ਫੇਰੇ ਤਸਬੀ, ਕਰੇ ਖੁਦਾਇ॥
ਵਢੀ ਲੈ ਕੈ ਹਕੁ ਗਵਾਏ॥
ਜੇ ਕੋ ਪੁਛੈ, ਤਾ ਪੜਿ ਸੁਣਾਏ॥ *(ਰਾਮਕਲੀ ਕੀ ਵਾਰ, ਸਲੋਕ ਮ: ੧, ਪੰਨਾ ੯੫੧)*

**ਪ੍ਰਸ਼ਨ 8. ਭਾਈ ਗੁਰਦਾਸ ਜੀ ਨੇ ਉਸ ਸਮੇਂ ਦੀ ਧਾਰਮਿਕ ਦਸ਼ਾ ਨੂੰ ਕਿਸ ਤਰ੍ਹਾਂ ਬਿਆਨ ਕੀਤਾ ਹੈ?**

**ਉੱਤਰ** : ਭਈ ਗਿਲਾਨਿ ਜਗਤ ਵਿਚ, ਚਰਨ ਵਰਨ ਆਸਰਮ ਉਪਾਏ॥
ਦਸ ਨਾਮ ਸੰਨਿਆਸੀਆਂ, ਜੋਗੀ ਬਾਰਹਿ ਪੰਥ ਚਲਾਏ॥
*(ਵਾਰ ੧, ਪਉੜੀ ੧੯ਵੀਂ)*

**ਪ੍ਰਸ਼ਨ 9. 'ਬ੍ਰਾਹਮਣ' ਦੀ ਉੱਚਤਾ ਬਾਰੇ ਮਨੂ ਸਿਮ੍ਰਿਤੀ ਵਿਚ ਕੀ ਲਿਖਿਆ ਹੈ?**

**ਉੱਤਰ** : ਮੂਰਖ ਹੋਵੇ ਭਾਵੇਂ ਪੜ੍ਹਿਆ ਹੋਵੇ, ਬ੍ਰਾਹਮਣ ਵੱਡਾ ਦੇਵਤਾ ਹੈ।
*(ਮਨੂ ਸਿਮ੍ਰਿਤੀ, ਅ: ੯, ਸ: ੩੪੭)*

**ਪ੍ਰਸ਼ਨ 10. 'ਸ਼ੂਦਰਾਂ' ਬਾਰੇ ਮਨੂ ਜੀ ਦੇ ਕੀ ਵੀਚਾਰ ਹਨ?**

**ਉੱਤਰ** : ਸ਼ੂਦਰ ਨੂੰ ਅਕਲ ਨਾ ਦੇਵੋ ਅਤੇ ਨਾ ਹੀ ਉਸਨੂੰ ਧਰਮ ਦੀ ਸਿੱਖਿਆ ਦੇਵੋ।

**ਪ੍ਰਸ਼ਨ 11. ਗੁਰੂ ਜੀ ਨੇ ਨੀਚ ਕਹੇ ਜਾਣ ਵਾਲੇ ਲੋਕਾਂ ਪ੍ਰਤੀ ਕੀ ਆਖਿਆ, ਗੁਰਬਾਣੀ ਪ੍ਰਮਾਣ ਦਿਓ?**

**ਉੱਤਰ** : ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ, ਤਿਥੈ ਨਦਰਿ ਤੇਰੀ ਬਖਸੀਸ॥
*(ਸਿਰੀ ਰਾਗੁ, ਮ: ੧, ਪੰਨਾ ੧੫)*

**ਪ੍ਰਸ਼ਨ 12. ਗੋਰਖ ਮਤੇ ਵਿਚ ਗੁਰੂ ਜੀ ਨਾਲ ਚਰਚਾ ਕਰਨ ਵਾਲੇ ਦੋ ਯੋਗੀਆਂ ਦੇ ਨਾਮ ਦੱਸੋ।**

**ਉੱਤਰ** : ਝੰਗਰਨਾਥ ਤੇ ਭੰਗਰਨਾਥ।

**ਪ੍ਰਸ਼ਨ 13. ਗਯਾ ਵਿਖੇ ਜਿਸ ਸ਼ਬਦ ਦਾ ਉਚਾਰਨ ਕਰਕੇ ਗੁਰੂ ਜੀ ਨੇ ਪੰਡਤਾਂ ਦੇ ਭਰਮ ਜਾਲ ਨੂੰ ਤੋੜਿਆ ਸੀ, ਉਸ ਦੀ ਪਹਿਲੀ ਤੁਕ ਲਿਖੋ।**

**ਉੱਤਰ** : ਦੀਵਾ ਮੇਰਾ ਏਕੁ ਨਾਮੁ, ਦੁਖੁ, ਵਿਚਿ ਪਾਇਆ ਤੇਲੁ॥
*(ਆਸਾ, ਘਰੁ ੩, ਮ: ੧, ਪੰਨਾ ੩੫੮)*



**ਪ੍ਰਸ਼ਨ 14. ਸਿੰਗਲਾਦੀਪ, ਜਿਸ ਨੂੰ ਅੱਜਕਲ੍ਹ ਲੰਕਾ ਆਖਦੇ ਹਨ, ਉਥੋਂ ਦੇ ਕਿਸ ਸ਼ਹਿਰ ਦੇ, ਕਿਸ ਰਾਜੇ ਨੂੰ, ਗੁਰੂ ਜੀ ਨੇ ਸਿੱਖੀ ਦੀ ਦਾਤ ਬਖਸ਼ੀ ਸੀ?**

**ਉੱਤਰ** : ਸ਼ਹਿਰ ਮਟੀਆ ਕਲਮ ਦੇ ਰਾਜੇ ਸ਼ਿਵਨਾਭ ਨੂੰ।

**ਪ੍ਰਸ਼ਨ 15. ਮਥਰਾ ਵਿਖੇ ਨੀਵਾਂ ਆਚਰਨ ਰੱਖਣ ਵਾਲੇ ਪਾਂਡਿਆਂ ਦੁਆਰਾ ਕਲਯੁਗ ਤੇ ਸੱਤਯੁਗ ਦਾ ਪਾਇਆ ਭਰਮਜਾਲ ਤੋੜਣ ਲਈ ਗੁਰੂ ਜੀ ਨੇ ਕਿਹੜਾ ਸ਼ਬਦ ਉਚਾਰਨ ਕੀਤਾ?**

**ਉੱਤਰ** : ਸੋਈ ਚੰਦੁ ਚੜਹਿ ਸੇ ਤਾਰੇ, ਸੋਈ ਦਿਨੀਅਰੁ ਤਪਤ ਰਹੈ॥
*(ਰਾਮਕਲੀ, ਮ: ੧, ਅਸਟਪਦੀਆ, ਪੰਨਾ ੯੦੨)*

**ਪ੍ਰਸ਼ਨ 16. ਪੀਰ ਹਮਜ਼ਾ ਗੌਸ ਕਿੱਥੋਂ ਦਾ ਰਹਿਣ ਵਾਲਾ ਸੀ? ਗੁਰੂ ਜੀ ਨੇ ਉਸ ਨੂੰ ਕੀ ਉਪਦੇਸ਼ ਦਿੱਤਾ ਸੀ?**

**ਉੱਤਰ** : ਸਿਆਲਕੋਟ ਦਾ ਰਹਿਣ ਵਾਲਾ ਸੀ। ਗੁਰੂ ਜੀ ਨੇ ਉਸਨੂੰ ਕ੍ਰੋਧ ਤਿਆਗਣ ਦਾ ਉਪਦੇਸ਼ ਦਿੱਤਾ ਸੀ।

**ਪ੍ਰਸ਼ਨ 17. "ਮਰਨਾ ਸੱਚ, ਜਿਊਣਾ ਝੂਠ", ਇਹ ਕਿਸ ਨੇ ਕਿਸ ਨੂੰ ਲਿਖ ਕੇ ਦਿੱਤਾ ਸੀ?**

**ਉੱਤਰ** : ਭਾਈ ਮੂਲਾ ਜੀ ਨੇ, ਭਾਈ ਮਰਦਾਨਾ ਜੀ ਨੂੰ।

**ਪ੍ਰਸ਼ਨ 18. 'ਮਟਨ' ਵਿਖੇ ਪੰਡਿਤ ਬ੍ਰਹਮਦਾਸ, ਜੋ ਪੁਸਤਕਾਂ ਦੇ ਗੱਡੇ ਭਰ ਕੇ ਨਾਲ ਰੱਖਦਾ ਸੀ, ਨੂੰ ਗੁਰੂ ਜੀ ਨੇ ਕੀ ਉਪਦੇਸ਼ ਦਿੱਤਾ ਸੀ?**

**ਉੱਤਰ** : ਗੁਰੂ ਜੀ ਨੇ ਸਮਝਾਇਆ ਕਿ ਧਾਰਮਿਕ ਪੁਸਤਕਾਂ ਦਾ ਕੇਵਲ ਪਾਠ ਅਤੇ ਹਉਮੈ ਉਪਜਾਉਣ ਵਾਲੀ ਧਰਮ-ਚਰਚਾ ਨਾਲ ਪ੍ਰਭੂ ਨਹੀਂ ਪਤੀਜਦਾ। ਉਹ ਤਾਂ ਪ੍ਰੇਮਾ ਭਗਤੀ ਦਾ ਭੁੱਖਾ ਹੈ।

**ਪ੍ਰਸ਼ਨ 19. ਗੁਰੂ ਜੀ ਨੇ ਬਾਬਾ ਫਰੀਦ ਜੀ ਦੀ ਬਾਣੀ, ਕਿਸ ਕੋਲੋਂ, ਤੇ ਕਿੱਥੋਂ ਪ੍ਰਾਪਤ ਕੀਤੀ ਸੀ?**

**ਉੱਤਰ** : ਪਾਕਪਟਨ ਵਿਚ 'ਸ਼ੇਖ ਬ੍ਰਹਮ ਜੀ' ਕੋਲੋਂ। ਜੋ ਕਿ ਬਾਬਾ ਫਰੀਦ ਜੀ ਦੇ ਗਿਆਰਵੇਂ ਉਤਰਾਧਿਕਾਰੀ ਸਨ।

**ਪ੍ਰਸ਼ਨ 20. ਹਸਨ ਅਬਦਾਲ ਵਿਖੇ ਗੁਰੂ ਜੀ ਨੇ ਵਲੀ ਕੰਧਾਰੀ ਨੂੰ ਕੀ ਉਪਦੇਸ਼ ਦਿੱਤਾ ਸੀ?**

**ਉੱਤਰ** : ਗੁਰੂ ਜੀ ਨੇ ਉਪਦੇਸ਼ ਦਿੱਤਾ ਸੀ ਕਿ ਪ੍ਰਭੂ ਦੇ ਫ਼ਕੀਰਾਂ ਦਾ ਕੰਮ ਲੋਕਾਂ ਨੂੰ ਕਰਾਮਾਤਾਂ ਵਿਖਾ ਕੇ ਪ੍ਰੇਸ਼ਾਨ ਕਰਨਾ ਨਹੀਂ ਸਗੋਂ ਖ਼ੁਦਾ ਦੀ ਬੰਦਗੀ ਕਰਨਾ ਅਤੇ ਮਨੁੱਖ ਜਾਤੀ ਦੀ ਸੇਵਾ ਕਰਨਾ ਹੈ।

**ਪ੍ਰਸ਼ਨ 21. ਬਾਬਰ ਦੇ ਹਮਲੇ ਦਾ ਜ਼ਿਕਰ ਗੁਰੂ ਜੀ ਨੇ ਕਿਹੜੇ ਸ਼ਬਦਾਂ ਵਿਚ ਕੀਤਾ ਹੈ?**

**ਉੱਤਰ** : 1. ਖੁਰਾਸਾਨ ਖਸਮਾਨਾ ਕੀਆ... *(ਪੰਨਾ ੩੬੦)*

2. ਜਿਨ ਸਿਰਿ ਸੋਹਨਿ ਪਟੀਆ... *(ਪੰਨਾ ੪੧੭)*

3. ਕਹਾ ਸੁ ਖੇਲ, ਤਬੇਲਾ ਘੋੜੇ.... *(ਪੰਨਾ ੪੧੭)*

4. ਜੈਸੀ ਮੈ ਆਵੈ ਖਸਮ ਕੀ ਬਾਣੀ... *(ਪੰਨਾ ੭੨੨)*

**ਪ੍ਰਸ਼ਨ 22. ਅਚਲ ਵਟਾਲੇ ਯੋਗੀਆਂ ਨਾਲ ਹੋਈ ਚਰਚਾ ਕਿਹੜੀ ਬਾਣੀ ਵਿਚ ਦਰਜ ਹੈ?**

**ਉੱਤਰ** : ਰਾਮਕਲੀ ਰਾਗ ਵਿਚ ਬਾਣੀ "ਸਿਧ ਗੋਸਟਿ" ਵਿਚ।

**ਪ੍ਰਸ਼ਨ 23. ਸਤਿਗੁਰਾਂ ਦਾ ਬਿਰਧ ਉਮਰ ਵਿਚ ਵੀ ਥਾਂ-ਥਾਂ ਜਾ ਕੇ ਧਰਮ ਪ੍ਰਚਾਰ ਕਰਨਾ ਕੀ ਦ੍ਰਿੜ੍ਹ ਕਰਾਉਂਦਾ ਹੈ?**

**ਉੱਤਰ** : ਭਾਵੇਂ ਕੋਈ ਧਰਮ ਕਿੰਨਾ ਵੀ ਚੰਗਾ ਹੋਵੇ ਉਹ ਪ੍ਰਚਾਰ ਤੋਂ ਬਿਨਾਂ ਫੈਲ ਨਹੀਂ ਸਕਦਾ।

**ਪ੍ਰਸ਼ਨ 24. ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਕਿੰਨੇ ਰਾਗਾਂ ਦੀ ਵਰਤੋਂ ਕੀਤੀ ਹੈ?**

**ਉੱਤਰ** : 19 ਰਾਗਾਂ ਦੀ।

**ਪ੍ਰਸ਼ਨ 25. ਗੁਰੂ ਨਾਨਕ ਦੇਵ ਜੀ ਦੀਆਂ ਜੋ ਉਚੇਚੀਆਂ ਬਾਣੀਆਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ, ਉਹਨਾਂ ਦੇ ਨਾਮ ਲਿਖੋ।**

**ਉੱਤਰ** : 1. ਜਪੁ 2. ਪਹਰੇ 3. ਪਟੀ 4. ਅਲਾਹਣੀਆਂ 5. ਕੁਚਜੀ 6. ਸੁਚਜੀ 7. ਓਅੰਕਾਰੁ 8. ਸਿਧ ਗੋਸਟਿ 9. ਸੋਲਹੇ 10. ਬਾਰਹਮਾਹਾ ਤੁਖਾਰੀ 11. ਸਲੋਕ ਸਹਸਕ੍ਰਿਤੀ ਮਹਲਾ ੧

**ਪ੍ਰਸ਼ਨ 26. ਗੁਰੂ ਨਾਨਕ ਦੇਵ ਜੀ ਦੀਆਂ ਗੁਰੂ ਗ੍ਰੰਥ ਸਾਹਿਬ ਵਿਚ ਕੁੱਲ ਕਿੰਨੀਆਂ ਵਾਰਾਂ ਹਨ, ਤੇ ਕਿਹੜੇ-ਕਿਹੜੇ ਰਾਗ ਵਿਚ ਹਨ?**

**ਉੱਤਰ** : ਤਿੰਨ ਵਾਰਾਂ ਹਨ—(ੳ) ਰਾਗ ਮਾਝ (ਅ) ਰਾਗ ਆਸਾ (ੲ) ਰਾਗ ਮਲਾਰ ਵਿਚ।

**ਪ੍ਰਸ਼ਨ 27. ਮਿਰਜ਼ਾ ਗੁਲਾਮ ਅਹਿਮਦ ਕਾਦੀਆਂ ਦੇ ਮੁਤਾਬਿਕ ਗੁਰੂ ਨਾਨਕ ਸਾਹਿਬ ਨੇ ਕਿੰਨੇ ਲੋਕਾਂ ਨੂੰ ਗੁਰ-ਦੀਖਿਆ ਦਿੱਤੀ?**

**ਉੱਤਰ** : ਤਿੰਨ ਕਰੋੜ ਦੇ ਲਗਭਗ ਲੋਕਾਂ ਨੂੰ।



**ਪ੍ਰਸ਼ਨ 28. ਗੁਰੂ ਨਾਨਕ ਦੇਵ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਕਿਹੜੇ ਕਾਰਜ ਕੀਤੇ?**

**ਉੱਤਰ** : (1) ਲੰਮੇ-ਲੰਮੇ ਪ੍ਰਚਾਰਕ ਸਫ਼ਰ ਕੀਤੇ।

(2) ਸਾਰੇ ਦੇਸ਼ ਵਿਚ ਥਾਂ-ਥਾਂ ਸੰਗਤਾਂ ਥਾਪੀਆਂ।

(3) ਪ੍ਰਚਾਰਕ ਨਿਯਤ ਕੀਤੇ।

(4) ਗੁਰਬਾਣੀ ਉਚਾਰੀ, ਜੋ ਨਵੇਂ ਧਰਮ ਦਾ ਆਧਾਰ ਅਤੇ ਪ੍ਰਚਾਰ ਦਾ ਸਾਧਨ ਬਣੀ।

(5) ਸਿੱਖ ਪ੍ਰਭਾਵੀ ਨਗਰ ਅਤੇ ਧਰਮ-ਪ੍ਰਚਾਰ ਦਾ ਪਹਿਲਾ ਕੇਂਦਰ ਕਰਤਾਰਪੁਰ, ਰਾਵੀ ਨਦੀ ਦੇ ਕੰਢੇ ਵਸਾਇਆ।

## 2. ਗੁਰੂ ਅੰਗਦ ਦੇਵ ਜੀ

**ਪ੍ਰਸ਼ਨ 1. ਗੁਰੂ ਜੀ ਦੇ ਜਨਮ ਅਸਥਾਨ 'ਮੱਤੇ ਦੀ ਸਰਾਂ' ਨੂੰ ਹੁਣ 'ਨਾਂਗੇ ਕੀ ਸਰਾਂ' ਕਿਉਂ ਕਹਿੰਦੇ ਹਨ?**

**ਉੱਤਰ** : ਕਿਉਂਕਿ ਇਸਨੂੰ ਇਕ ਉਦਾਸੀ ਨਾਂਗੇ ਸਾਧ ਨੇ ਮੁੜ ਕੇ ਵਸਾਇਆ ਸੀ।

**ਪ੍ਰਸ਼ਨ 2. ਭਾਈ ਲਹਿਣਾ ਜੀ ਦੇ ਪਿਤਾ ਬਾਬਾ ਫੇਰੂ ਮਲ ਜੀ ਕਿਸ ਭਾਸ਼ਾ ਦੇ ਵਿਦਵਾਨ ਸਨ?**

**ਉੱਤਰ** : ਫ਼ਾਰਸੀ ਦੇ।

**ਪ੍ਰਸ਼ਨ 3. ਮੱਤੇ ਦੀ ਸਰਾਂ ਦੇ ਚੌਧਰੀ ਤਖ਼ਤ ਮੱਲ ਦੀ ਧੀ ਦਾ ਕੀ ਨਾਂ ਸੀ?**

**ਉੱਤਰ** : ਬੀਬੀ ਵਿਰਾਈ ਜੀ।

**ਪ੍ਰਸ਼ਨ 4. ਭਾਈ ਲਹਿਣਾ ਜੀ ਬੀਬੀ ਵਿਰਾਈ ਜੀ ਨੂੰ ਕੀ ਕਹਿ ਕੇ ਬੁਲਾਉਂਦੇ ਸਨ?**

**ਉੱਤਰ** : ਭੂਆ ਜੀ ਕਹਿ ਕੇ ਬੁਲਾਉਂਦੇ ਸਨ।

**ਪ੍ਰਸ਼ਨ 5. ਭਾਈ ਲਹਿਣਾ ਜੀ ਸਿੱਖ ਬਣਨ ਤੋਂ ਪਹਿਲਾਂ ਕਿਸ ਦੇ ਭਗਤ ਸਨ?**

**ਉੱਤਰ** : ਵੈਸ਼ਨੋ ਦੇਵੀ ਦੇ।

**ਪ੍ਰਸ਼ਨ 6. ਦੇਵੀ ਦੀ ਯਾਤਰਾ ਤੇ ਹੋਰ ਕਰਮ-ਕਾਂਡ ਉਨ੍ਹਾਂ ਨੂੰ ਆਤਮਕ ਸ਼ਾਂਤੀ ਕਿਉਂ ਨਹੀਂ ਸਨ ਦੇ ਰਹੇ?**

**ਉੱਤਰ** : ਕਿਉਂਕਿ ਯਾਤਰਾ ਤੇ ਕਰਮ-ਕਾਂਡ ਭਾਈਚਾਰੇ ਦੀ ਇਖ਼ਲਾਕੀ ਤਰੱਕੀ ਅਤੇ ਆਚਰਨਕ ਉਸਾਰੀ ਲਈ ਫ਼ਾਇਦੇਮੰਦ ਨਹੀਂ ਸਨ।

**ਪ੍ਰਸ਼ਨ 7. ਭਾਈ ਜੋਧ ਜੀ ਕੌਣ ਸਨ?**

**ਉੱਤਰ** : ਭਾਈ ਜੋਧ ਜੀ ਖਡੂਰ ਦੇ ਰਹਿਣ ਵਾਲੇ, ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂ ਸਿੱਖ ਸਨ।

**ਪ੍ਰਸ਼ਨ 8. ਭਾਈ ਲਹਿਣਾ ਜੀ ਨੇ ਭਾਈ ਜੋਧ ਜੀ ਦੇ ਮੁਖੋਂ ਗੁਰੂ ਨਾਨਕ ਦੇਵ ਜੀ ਦੀ ਕਿਹੜੀ ਬਾਣੀ ਸੁਣੀ?**

**ਉੱਤਰ** : ਆਸਾ ਕੀ ਵਾਰ ਦੀ 21ਵੀਂ ਪਉੜੀ ਦੀਆਂ ਹੇਠ ਲਿਖੀਆਂ ਤੁਕਾਂ ਦਾ ਪਾਠ ਸੁਣਿਆ :

ਜਿਤੁ ਸੇਵਿਐ ਸੁਖੁ ਪਾਈਐ, ਸੋ ਸਾਹਿਬੁ ਸਦਾ ਸਮ੍ਾਲੀਐ॥
ਜਿਤੁ ਕੀਤਾ ਪਾਈਐ ਆਪਣਾ, ਸਾ ਘਾਲ ਬੁਰੀ ਕਿਉ ਘਾਲੀਐ॥
ਮੰਦਾ ਮੂਲਿ ਨ ਕੀਚਈ, ਦੇ ਲੰਮੀ ਨਦਰਿ ਨਿਹਾਲੀਐ॥
ਜਿਉ ਸਾਹਿਬ ਨਾਲਿ ਨ ਹਾਰੀਐ, ਤੇਵੇਹਾ ਪਾਸਾ ਢਾਲੀਐ॥
ਕਿਛੁ ਲਾਹੇ ਉਪਰਿ, ਘਾਲੀਐ॥ ੨੧॥ *(ਪੰਨਾ ੪੭੪)*

**ਪ੍ਰਸ਼ਨ 9. ਕਰਤਾਰਪੁਰ ਨਗਰ ਦੇ ਨੇੜੇ ਘੋੜੀ ਚੜ੍ਹੇ ਭਾਈ ਲਹਿਣਾ ਜੀ ਨੂੰ ਰਾਹ ਵਿਚ ਕੌਣ ਮਿਲਿਆ?**

**ਉੱਤਰ** : ਗੁਰੂ ਨਾਨਕ ਦੇਵ ਜੀ।

**ਪ੍ਰਸ਼ਨ 10. ਭਾਈ ਲਹਿਣਾ ਜੀ ਗੁਰੂ ਨਾਨਕ ਦੇਵ ਜੀ ਨੂੰ ਕਿਉਂ ਨਾ ਪਛਾਣ ਸਕੇ?**

**ਉੱਤਰ** : ਕਿਉਂਕਿ ਗੁਰੂ ਨਾਨਕ ਦੇਵ ਜੀ ਹੋਰਨਾਂ ਭੇਖੀ ਸਾਧਾਂ ਦੀ ਤਰ੍ਹਾਂ ਕਿਸੇ ਉਚੇਚੇ ਭੇਖ ਵਿਚ ਨਹੀਂ ਰਹਿੰਦੇ ਸਨ। ਉਹ ਇਕ ਸਾਧਾਰਨ ਪੰਜਾਬੀ ਗ੍ਰਿਹਸਤੀ ਕਿਰਸਾਨ ਦੇ ਰੂਪ ਵਿਚ ਹੀ ਰਹਿੰਦੇ ਸਨ।

**ਪ੍ਰਸ਼ਨ 11. ਭਾਈ ਲਹਿਣਾ ਜੀ ਨੇ ਗੁਰੂ ਨਾਨਕ ਪਾਤਸ਼ਾਹ ਦਾ ਪਿਆਰ ਭਰਿਆ ਉਪਦੇਸ਼ ਸੁਣ ਕੇ ਕੀ ਫ਼ੈਸਲਾ ਕੀਤਾ?**

**ਉੱਤਰ** : ਦੇਵੀ ਦੀਆਂ ਭੇਟਾਂ ਤੇ ਤੀਰਥ ਯਾਤਰਾਵਾਂ ਹਮੇਸ਼ਾ ਲਈ ਛੱਡ ਕੇ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਵਿਚ ਹੀ ਰਹਿਣ ਦਾ ਮਨ ਬਣਾ ਲਿਆ।

**ਪ੍ਰਸ਼ਨ 12. ਬਲਵੰਡ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਰਾਮਕਲੀ ਰਾਗ ਵਿਚ ਦਰਜ ਵਾਰ ਵਿਚ ਗੁਰੂ ਅੰਗਦ ਦੇਵ ਜੀ ਵਲੋਂ ਘਾਲੀ ਘਾਲ ਬਾਰੇ ਕੀ ਕਿਹਾ ਹੈ?**

**ਉੱਤਰ** : "ਪਏ ਕਬੂਲੁ ਖਸੰਮ ਨਾਲਿ, ਜਾਂ ਘਾਲ ਮਰਦੀ ਘਾਲੀ॥"

**ਪ੍ਰਸ਼ਨ 13. ਭਾਈ ਲਹਿਣਾ ਜੀ ਕਿੰਨਾ ਸਮਾਂ ਗੁਰੂ ਨਾਨਕ ਦੇਵ ਜੀ ਦੀ ਸੰਗਤ ਵਿਚ ਰਹੇ?**

**ਉੱਤਰ** : ਲਗਭਗ ਸੱਤ ਸਾਲ।



**ਪ੍ਰਸ਼ਨ 14. ਭਾਈ ਲਹਿਣਾ ਜੀ ਦੇ ਜੀਵਨ ਤੋਂ ਗੁਰਸਿੱਖੀ ਦਾ ਸਭ ਤੋਂ ਵੱਧ ਕਿਹੜਾ ਮੌਲਿਕ ਸਿਧਾਂਤ ਪ੍ਰਗਟ ਹੁੰਦਾ ਹੈ?**

**ਉੱਤਰ** : ਹੁਕਮ ਮੰਨਣ ਦਾ ਸਿਧਾਂਤ।

**ਪ੍ਰਸ਼ਨ 15. ਹੁਕਮ ਮੰਨਣ ਦਾ ਸਿਧਾਂਤ ਕੀ ਹੈ?**

**ਉੱਤਰ** : ਸਤਿਗੁਰੂ ਦੇ ਹੁਕਮਾਂ ਨੂੰ ਪੂਰੀ ਤਰ੍ਹਾਂ ਸ਼ਰਧਾ-ਭਾਵਨਾ ਨਾਲ ਸਤਿ-ਸਤਿ ਕਰਕੇ ਮੰਨਣਾ ਅਤੇ ਬਿਨਾਂ ਹੀਲ-ਹੁੱਜਤ ਦੇ, ਭਾਵਨਾ-ਭਗਤੀ ਸਹਿਤ ਆਪਣੇ ਜੀਵਨ ਦੇ ਅਮਲ ਵਿਚ ਉਤਾਰਨਾ।

**ਪ੍ਰਸ਼ਨ 16. ਹੁਕਮ ਮੰਨਣ ਦੇ ਸਿਧਾਂਤ ਸੰਬੰਧੀ ਗੁਰਬਾਣੀ ਦੀ ਤੁਕ ਲਿਖੋ।**

**ਉੱਤਰ** : "ਹੁਕਮਿ ਮੰਨਿਐ, ਹੋਵੈ ਪਰਵਾਣੁ,
ਤਾ ਖਸਮੈ ਕਾ ਮਹਲੁ ਪਾਇਸੀ॥" *(ਪੰਨਾ ੪੭੧)*

**ਪ੍ਰਸ਼ਨ 17. ਜਦੋਂ ਮਾਤਾ ਸੁਲੱਖਣੀ ਜੀ ਨੇ ਕਿਹਾ ਕਿ ਇਹ 'ਗਿੱਲੀਆਂ ਭਰੀਆਂ' ਭਾਈ ਲਹਿਣਾ ਜੀ ਨੂੰ ਚੁਕਾ ਕੇ ਉਹਨਾਂ ਦੇ ਸੁੰਦਰ ਬਸਤਰ ਚਿੱਕੜ ਨਾਲ ਕਿਉਂ ਖਰਾਬ ਕਰਵਾ ਦਿੱਤੇ, ਤਾਂ ਗੁਰੂ ਨਾਨਕ ਦੇਵ ਜੀ ਨੇ ਕੀ ਕਿਹਾ?**

**ਉੱਤਰ** : ਲਹਿਣੇ ਦੇ ਸਿਰ 'ਤੇ ਦੀਨ-ਦੁਨੀ ਦਾ ਛਤਰ ਧਰਿਆ ਹੈ ਤੇ ਕੱਪੜਿਆਂ 'ਤੇ ਡਿੱਗੀਆਂ ਚਿੱਕੜ ਦੀਆਂ ਛਿੱਟਾਂ ਨਹੀਂ, ਕੇਸਰ ਦੇ ਛਿੱਟੇ ਹਨ।

**ਪ੍ਰਸ਼ਨ 18. 'ਧਰਮਸਾਲ 'ਚੋਂ ਮੋਈ ਚੂਹੀ ਸੁੱਟਣ' ਵਾਲੀ ਘਟਨਾ ਤੋਂ ਕੀ ਸਿੱਖਿਆ ਮਿਲਦੀ ਹੈ?**

**ਉੱਤਰ** : ਮਨ ਦੀ ਖੋਟੀ ਮੱਤ ਨੂੰ ਤਿਆਗ ਕੇ, ਲੋਕ-ਲਾਜ ਦੀ ਪ੍ਰਵਾਹ ਨਾ ਕਰਕੇ ਹੀ, ਗੁਰੂ ਦੀ ਮੱਤ ਗ੍ਰਹਿਣ ਕੀਤੀ ਜਾ ਸਕਦੀ ਹੈ।

**ਪ੍ਰਸ਼ਨ 19. ਜਦੋਂ ਗੁਰੂ ਨਾਨਕ ਦੇਵ ਜੀ ਨੇ ਸੁਆਲ ਕੀਤਾ ਕਿ ਕਿਤਨੀ ਰਾਤ ਗੁਜ਼ਰ ਗਈ ਹੈ, ਤਾਂ ਅਤਿ ਉੱਚੀ ਆਤਮਕ ਅਵਸਥਾ ਵਾਲੇ ਭਾਈ ਲਹਿਣਾ ਜੀ ਨੇ ਕੀ ਜੁਆਬ ਦਿੱਤਾ?**

**ਉੱਤਰ** : ਕਰਤਾਰ ਦੀ ਰਜ਼ਾ ਵਿਚ ਜਿਤਨੀ ਰਾਤ ਬੀਤਣੀ ਸੀ, ਬੀਤ ਗਈ ਤੇ ਉਸਦੀ ਰਜ਼ਾ ਵਿਚ ਜਿਤਨੀ ਰਾਤ ਬਾਕੀ ਹੈ, ਉਤਨੀ ਹੀ ਰਹਿੰਦੀ ਹੈ।

**ਪ੍ਰਸ਼ਨ 20. ਭਾਈ ਲਹਿਣਾ ਜੀ ਦੇ ਇਸ ਜੁਆਬ ਤੋਂ ਕੀ ਪਤਾ ਲਗਦਾ ਹੈ?**

**ਉੱਤਰ** : ਉਹ ਪੂਰੀ ਤਰ੍ਹਾਂ ਗੁਰੂ ਤੇ ਪ੍ਰਮੇਸ਼ਰ ਦੀ ਰਜ਼ਾ ਨਾਲ ਇਕ-ਮਿਕ ਹੋ ਚੁੱਕੇ ਸਨ।

**ਪ੍ਰਸ਼ਨ 21. ਗੁਰੂ ਨਾਨਕ ਦੇਵ ਜੀ ਦੇ ਕਰਤਾਰਪੁਰ ਵਿਚ ਰਹਿਣ ਸਮੇਂ ਦੇ, ਉਹਨਾਂ ਦੇ ਨਿਕਟਵਰਤੀ ਪੰਜ ਸਿੱਖਾਂ ਦੇ ਨਾਂ ਦੱਸੋ।**

**ਉੱਤਰ** : ਬਾਬਾ ਬੁੱਢਾ ਜੀ, ਭਗੀਰਥ ਜੀ, ਅਜਿਤਾ ਜੀ, ਸਾਧਾਰਨ ਜੀ ਅਤੇ ਲਹਿਣਾ ਜੀ।

**ਪ੍ਰਸ਼ਨ 22. ਗੁਰੂ ਨਾਨਕ ਦੇਵ ਜੀ ਨੇ ਆਪਣਾ ਯੋਗ ਜਾਨਸ਼ੀਨ ਚੁਣਨ ਲਈ ਕਿਹੜੀ ਅੰਤਲੀ ਅਤੇ ਹੱਦੋਂ ਵੱਧ ਸਖ਼ਤ ਪ੍ਰੀਖਿਆ ਲਈ?**

**ਉੱਤਰ** : ਮੁਰਦਾ ਖਾਣ ਦਾ ਹੁਕਮ ਦੇਣ ਵਾਲੀ।

**ਪ੍ਰਸ਼ਨ 23. "ਅੰਗਦ" ਲਫਜ਼ ਤੋਂ ਕੀ ਮੁਰਾਦ ਹੈ?**

**ਉੱਤਰ** : 'ਗੁਰੂ ਨਾਨਕ ਦੇ ਸਰੀਰ ਦਾ ਹਿੱਸਾ'।

**ਪ੍ਰਸ਼ਨ 24. ਗੁਰੂ ਜੀ ਦੀ ਸ਼ਖ਼ਸੀਅਤ ਤੇ ਜੀਵਨ ਇਤਿਹਾਸ ਬਾਰੇ ਤੱਥ ਕਿੱਥੇ-ਕਿੱਥੇ ਮਿਲਦੇ ਹਨ?**

**ਉੱਤਰ** : (ੳ) ਰਾਏ ਬਲਵੰਡ ਅਤੇ ਸਤੇ ਡੂਮ ਦੀ ਵਾਰ ਵਿਚ।

(ਅ) ਭੱਟ ਕਲਸਹਾਰ ਦੀ ਰਚਨਾ ਵਿਚ।

(ੲ) ਭਾਈ ਗੁਰਦਾਸ ਜੀ ਦੀ ਰਚਨਾ ਵਿਚ।

**ਪ੍ਰਸ਼ਨ 25. ਪੰਜਾਬੀ ਭਾਸ਼ਾ ਦੀ ਲਿਪੀ ਨੂੰ ਕੀ ਕਹਿੰਦੇ ਹਨ?**

**ਉੱਤਰ** : ਗੁਰਮੁਖੀ।

**ਪ੍ਰਸ਼ਨ 26. ਗੁਰਮੁਖੀ ਨੂੰ ਸੁਤੰਤਰ ਲਿਪੀ ਵਜੋਂ ਮਾਨਤਾ ਸਭ ਤੋਂ ਪਹਿਲਾਂ ਕਿਸ ਤੋਂ ਪ੍ਰਾਪਤ ਹੋਈ?**

**ਉੱਤਰ** : ਗੁਰੂ ਨਾਨਕ ਸਾਹਿਬ ਤੋਂ।

**ਪ੍ਰਸ਼ਨ 27. ਗੁਰਮੁਖੀ ਲਿਪੀ ਸੰਬੰਧੀ ਗੁਰੂ ਅੰਗਦ ਦੇਵ ਜੀ ਦਾ ਕੀ ਯੋਗਦਾਨ ਹੈ?**

**ਉੱਤਰ** : ਉਹਨਾਂ ਨੇ ਇਸ ਲਿਪੀ ਨੂੰ ਬਹੁਤ ਜ਼ਿਆਦਾ ਜ਼ੋਰ ਤੇ ਉਤਸ਼ਾਹ ਨਾਲ ਪ੍ਰਚਲਤ ਕਰ ਦਿੱਤਾ।

**ਪ੍ਰਸ਼ਨ 28. ਗੁਰੂ ਅੰਗਦ ਦੇਵ ਜੀ ਦੀ ਕੁੱਲ ਬਾਣੀ ਕਿੰਨੀ ਹੈ?**

**ਉੱਤਰ** : ਗੁਰੂ ਜੀ ਦੀ ਕੁੱਲ ਬਾਣੀ 63 ਸਲੋਕ ਹਨ।

**ਪ੍ਰਸ਼ਨ 29. ਇਹ 63 ਸਲੋਕ ਕਿੰਨੀਆਂ ਵਾਰਾਂ ਵਿਚ ਦਰਜ ਹਨ?**

**ਉੱਤਰ** : 9 ਵਾਰਾਂ ਵਿਚ।

**ਪ੍ਰਸ਼ਨ 30. ਕੀ ਗੁਰਮਤਿ ਵਿਚ ਸੰਸਾਰ ਤੇ ਪਰਿਵਾਰ ਤਿਆਗ ਕੇ ਸਾਧੂ ਬਣਨਾ ਪ੍ਰਵਾਨ ਹੈ?**

**ਉੱਤਰ** : ਨਹੀਂ ਜੀ। ਗੁਰਮਤਿ ਵਿਚ ਸੰਸਾਰ ਤੇ ਪਰਿਵਾਰ ਦੇ ਮੋਹ ਨੂੰ ਤਿਆਗਣ ਦੀ ਸਿੱਖਿਆ ਦਿੱਤੀ ਗਈ ਹੈ।



**ਪ੍ਰਸ਼ਨ 31. ਜੋ ਜਨਮ ਸਾਖੀਆਂ ਅੱਜ ਮਿਲ ਰਹੀਆਂ ਹਨ, ਕੀ ਉਹ ਅਸਲੀ ਹਨ?**

**ਉੱਤਰ** : ਨਹੀਂ, ਇਹਨਾਂ ਵਿਚ ਮਿਹਰਬਾਨ ਅਤੇ ਹਿੰਦਾਲੀਆਂ ਵਲੋਂ ਬਹੁਤ ਭਾਰੀ ਵਿਗਾੜ ਪਾਇਆ ਗਿਆ ਹੈ।

**ਪ੍ਰਸ਼ਨ 32. ਗੋਇੰਦਵਾਲ ਨਗਰ ਕਿਸ ਨੇ ਵਸਾਇਆ?**

**ਉੱਤਰ** : ਗੁਰੂ ਅੰਗਦ ਦੇਵ ਜੀ ਨੇ ਇਹ ਨਗਰ ਗੋਇੰਦੇ ਦੁਆਰਾ ਬੇਨਤੀ ਕਰਨ 'ਤੇ ਵਸਾਇਆ।

**ਪ੍ਰਸ਼ਨ 33. ਗੋਇੰਦਵਾਲ ਨਗਰ ਵਸਾਉਣ ਦੇ ਦੋ ਪ੍ਰਯੋਜਨ ਦੱਸੋ।**

**ਉੱਤਰ** :

1. ਸਿੱਖ ਮੱਤ ਦਾ ਮੁਖ ਪ੍ਰਚਾਰ-ਕੇਂਦਰ ਖਡੂਰ ਤੋਂ ਗੋਇੰਦਵਾਲ ਲਿਆਉਣਾ।
2. ਸਿੱਖ-ਪ੍ਰਭਾਵੀ ਨਗਰ ਅਸਥਾਪਤ ਕਰਨਾ, ਜਿੱਥੇ ਗੁਰਮਤਿ ਧਾਰਨੀ ਬਹੁ-ਗਿਣਤੀ ਵਿਚ ਹੋਣ ਕਰਕੇ ਸਿੱਖ ਸਭਿਆਚਾਰ ਵਧ ਫੁਲ ਸਕੇ।

**ਪ੍ਰਸ਼ਨ 34. ਲੰਗਰ ਦੀ ਮਰਯਾਦਾ ਦਾ ਮੁੱਢ ਕਿਸ ਨੇ ਬੰਨ੍ਹਿਆ?**

**ਉੱਤਰ** : ਗੁਰੂ ਨਾਨਕ ਦੇਵ ਜੀ ਨੇ।

**ਪ੍ਰਸ਼ਨ 35. ਲੰਗਰ ਦੇ ਉਦੇਸ਼ ਕੀ ਹਨ?**

**ਉੱਤਰ** :

1. ਊਚ-ਨੀਚ ਜਾਂ ਜਾਤ-ਪਾਤ ਦੇ ਵਿਤਕਰਿਆਂ ਨੂੰ ਜੜ੍ਹੋਂ ਦੂਰ ਕਰਨਾ।
2. ਦਸਵੰਧ ਕੱਢਣ ਤੇ ਵੰਡ ਛਕਣ ਦੇ ਸਿਧਾਂਤ ਦ੍ਰਿੜ ਕਰਵਾਉਣੇ।
3. ਲੋੜਵੰਦਾਂ, ਨਿਆਸਰਿਆਂ, ਅੰਗਹੀਣਾਂ ਤੇ ਅਸਮਰਥ ਲੋਕਾਂ ਨੂੰ ਇੱਜ਼ਤ ਨਾਲ ਖੁਰਾਕ ਮੁਹੱਈਆ ਕਰਨਾ।
4. ਧਾਰਮਿਕ ਸਮਾਗਮਾਂ 'ਤੇ ਬਾਹਰੋਂ ਆਈ ਸੰਗਤ ਨੂੰ ਸਾਫ਼ ਸੁਥਰੀ ਅਤੇ ਚੰਗੇਰੀ ਖੁਰਾਕ ਦੇਣਾ।

**ਪ੍ਰਸ਼ਨ 36. ਗੁਰੂ ਅੰਗਦ ਦੇਵ ਜੀ ਦੇ ਸਮੇਂ ਲੰਗਰ ਦਾ ਪ੍ਰਬੰਧ ਕੌਣ ਚਲਾਉਂਦਾ ਸੀ?**

**ਉੱਤਰ** : ਉਨ੍ਹਾਂ ਦੀ ਪਤਨੀ ਮਾਤਾ ਖੀਵੀ ਜੀ।

**ਪ੍ਰਸ਼ਨ 37. ਗੁਰੂ ਜੀ ਨੇ 'ਮਾਲੂ ਸ਼ਾਹ' ਨੂੰ ਕੀ ਉਪਦੇਸ਼ ਦਿੱਤਾ?**

**ਉੱਤਰ** : ਜੇਕਰ ਕੋਈ ਦੁਸ਼ਟ, ਪ੍ਰੇਮ-ਪਿਆਰ ਤੇ ਦਲੀਲ ਨਾਲ, ਗ਼ਲਤ ਰਾਹ ਤਿਆਗਣ ਲਈ ਤਿਆਰ ਨਾ ਹੋਵੇ, ਤਾਂ ਧਰਮੀ ਬੰਦੇ ਨੂੰ ਨਿਸ਼ੰਗ ਹੋ ਕੇ, ਦੁਸ਼ਟ ਅਤੇ ਧਰਮ ਵਿਰੋਧੀ ਨਾਲ ਜੂਝ ਜਾਣਾ ਚਾਹੀਦਾ ਹੈ।

**ਪ੍ਰਸ਼ਨ 38. ਗੁਰੂ ਜੀ ਨੇ 'ਚੌਧਰੀ ਬਖ਼ਤਾਵਰ' ਨੂੰ ਕੀ ਉਪਦੇਸ਼ ਦਿੱਤਾ?**

**ਉੱਤਰ** : ਪ੍ਰਮੇਸ਼ਰ ਅੱਗੇ ਜਾਤ-ਅਭਿਮਾਨ ਕੰਮ ਨਹੀਂ ਆਉਂਦਾ। ਪ੍ਰਮੇਸ਼ਰ ਅੱਗੇ ਚੰਗੇ ਬਣਨ ਲਈ ਸਾਨੂੰ ਦਿਲੋਂ ਮਨੋਂ ਚੰਗਾ ਤੇ ਨੇਕ ਬਣਨਾ ਪਵੇਗਾ।

**ਪ੍ਰਸ਼ਨ 39. ਗੁਰੂ ਜੀ ਨੇ 'ਬੀਬੀ ਜਿਵਾਈ' ਨੂੰ ਕੀ ਉਪਦੇਸ਼ ਦਿੱਤਾ?**

**ਉੱਤਰ** : ਗੁਰੂ ਜੀ ਨੇ ਉਸ ਨੂੰ ਪ੍ਰਭੂ ਦੀ ਰਜ਼ਾ ਵਿਚ ਰਾਜ਼ੀ ਰਹਿਣ ਦਾ ਉਪਦੇਸ਼ ਦਿੱਤਾ।

**ਪ੍ਰਸ਼ਨ 40. ਗੁਰੂ ਜੀ ਨੇ 'ਸ਼ੀਹੇਂ ਉੱਪਲ' ਨੂੰ ਕੀ ਉਪਦੇਸ਼ ਦਿੱਤਾ?**

**ਉੱਤਰ** : ਖੁਸ਼ੀ ਦੇ ਮੌਕੇ ਲੋਕ-ਦਿਖਾਵੇ ਕਰਨ ਦੀ ਬਜਾਏ ਖੁਸ਼ੀ ਦੇ ਸਮਾਗਮ ਸੰਗਤ ਨੂੰ ਬੁਲਾ ਕੇ ਮਨਾਉਣ ਦਾ ਉਪਦੇਸ਼ ਦਿੱਤਾ।

**ਪ੍ਰਸ਼ਨ 41. 'ਭਾਈ ਕਿਦਾਰੂ' ਨੂੰ ਗੁਰੂ ਜੀ ਨੇ ਕੀ ਉਪਦੇਸ਼ ਦਿੱਤਾ?**

**ਉੱਤਰ** : ਵਿਸ਼ਿਆਂ-ਵਿਕਾਰਾਂ ਅਤੇ ਮਾਇਆ ਦੇ ਮੋਹ ਦੀ ਅੱਗ ਤੋਂ ਬਚਣ ਲਈ ਸਤਿਸੰਗ ਕਰਨ ਦਾ ਉਪਦੇਸ਼ ਦਿੱਤਾ।

**ਪ੍ਰਸ਼ਨ 42. ਗੁਰੂ ਜੀ ਨੇ 'ਭਾਈ ਮਾਹਣੇ' ਨੂੰ ਕੀ ਉਪਦੇਸ਼ ਦਿੱਤਾ?**

**ਉੱਤਰ** : ਗੁਰੂ ਜੀ ਨੇ ਉਸ ਨੂੰ ਨਿਮਰਤਾ ਵਿਚ ਰਹਿ ਕੇ ਸੇਵਾ ਕਮਾਉਣ ਦਾ ਉਪਦੇਸ਼ ਦਿੱਤਾ।

**ਪ੍ਰਸ਼ਨ 43. ਗੁਰੂ ਅੰਗਦ ਦੇਵ ਜੀ ਅਨੁਸਾਰ ਅਸਲ ਅੰਨ੍ਹੇ ਮਨੁੱਖ ਕਿਹੜੇ ਹਨ?**

**ਉੱਤਰ** : ਜੋ ਪ੍ਰਮੇਸ਼ਰ ਦੀ ਰਜ਼ਾ ਅਥਵਾ ਉਸਦੇ ਅਟੱਲ ਕਾਨੂੰਨ ਨੂੰ ਨਹੀਂ ਸਮਝਦੇ।

**ਪ੍ਰਸ਼ਨ 44. 'ਮਨਿ ਮੁਖਿ ਸਚਾ ਨਾਉਂ' ਦਾ ਕੀ ਭਾਵ ਹੈ?**

**ਉੱਤਰ** : ਗੁਰਮੁਖਾਂ ਦੇ ਮਨ ਵਿਚ ਵੀ ਅਤੇ ਮੂੰਹ ਵਿਚ ਵੀ ਅਕਾਲ ਪੁਰਖ ਦਾ ਨਾਮ ਹੀ ਹੁੰਦਾ ਹੈ।

**ਪ੍ਰਸ਼ਨ 45. ਗੁਰਬਾਣੀ ਅਨੁਸਾਰ ਸੁਖ ਦਾ ਮੂਲ ਕਾਰਨ ਕੀ ਹੈ?**

**ਉੱਤਰ** : ਸੁਖ ਦਾ ਮੂਲ ਕਾਰਨ ਰੱਬੀ ਪਿਆਰ ਹੈ।

**ਪ੍ਰਸ਼ਨ 46. ਗੁਰਬਾਣੀ ਅਨੁਸਾਰ ਦੁੱਖ ਦਾ ਮੂਲ ਕਾਰਨ ਕੀ ਹੈ?**

**ਉੱਤਰ** : ਦੁੱਖ ਦਾ ਮੂਲ ਕਾਰਨ ਹੈ, ਰੱਬ ਤੋਂ ਟੁੱਟ ਕੇ ਮਾਇਕ ਪਦਾਰਥਾਂ ਨਾਲ ਪਿਆਰ ਪਾਉਣਾ।

**ਪ੍ਰਸ਼ਨ 47. ਸੰਸਾਰ ਦੇ ਹਰ ਬੰਦੇ ਲਈ ਇਕੋ ਸਾਂਝਾ ਧਰਮ ਕੀ ਹੈ?**

**ਉੱਤਰ** : ਇਹ ਹੈ 'ਨਾਮ ਸਿਮਰਨ ਤੇ ਰੱਬੀ ਪਿਆਰ ਦਾ ਧਰਮ'।

**ਪ੍ਰਸ਼ਨ 48. ਸੰਸਾਰਕ ਡਰਾਂ ਤੋਂ ਬਚਣ ਦਾ ਕੀ ਸਾਧਨ ਹੈ?**

**ਉੱਤਰ** : ਪ੍ਰਮੇਸ਼ਰ ਦਾ ਡਰ ਸੰਸਾਰਕ ਡਰਾਂ ਤੋਂ ਬਚਾਉਂਦਾ ਹੈ।

**ਪ੍ਰਸ਼ਨ 49. ਸਭ ਉਪਦੇਸ਼ਾਂ ਵਿਚੋਂ ਉੱਚਾ ਉਪਦੇਸ਼ ਕਿਹੜਾ ਹੈ?**

**ਉੱਤਰ** : ਪ੍ਰਮੇਸ਼ਰ ਦੇ ਜੱਸ ਵਿਚ ਜੁੜਨਾ।



**ਪ੍ਰਸ਼ਨ 50. ਆਤਮਕ ਮਾਰਗ ਵਿਚ ਕੀ ਹਾਨੀਕਾਰਕ ਹੈ?**

**ਉੱਤਰ** : ਮਨ ਦੀ ਟੇਕ ਲੈਣਾ।

**ਪ੍ਰਸ਼ਨ 51. ਕੀ ਕਲਿਜੁਗ ਕਿਸੇ 'ਸਮੇਂ' ਵਿਸ਼ੇਸ਼ ਦਾ ਨਾਮ ਹੈ?**

**ਉੱਤਰ** : ਨਹੀਂ, ਜਦ ਅਤੇ ਜਿਥੇ ਵੀ ਉਲਟੀ ਰੀਤ ਪ੍ਰਚਲਤ ਹੋ ਜਾਏ, ਉਥੇ ਹੀ ਕਲਿਜੁਗ ਵਾਪਰਿਆ ਸਮਝ ਲੈਣਾ ਚਾਹੀਦਾ ਹੈ।

**ਪ੍ਰਸ਼ਨ 52. "ਜਿਸ ਪਿਆਰੇ ਸਿਉ ਨੇਹੁ ਤਿਸ ਆਗੈ ਮਰਿ ਚਲੀਐ" ਤੁਕ ਵਿਚ 'ਤਿਸ ਆਗੈ ਮਰਿ ਚਲੀਐ' ਦਾ ਕੀ ਭਾਵ ਹੈ?**

**ਉੱਤਰ** : ਇਸ ਦਾ ਭਾਵ ਹੈ ਪਿਆਰੇ-ਪ੍ਰਭੂ ਦੀ ਰਜ਼ਾ ਅੱਗੇ ਨਿਰ-ਅਹੰਕਾਰ ਹੋ ਕੇ ਚੱਲਣਾ ਚਾਹੀਦਾ ਹੈ।

**ਪ੍ਰਸ਼ਨ 53. 'ਅਖੀਂ ਬਾਝਹੁ ਵੇਖਣਾ' ਸਲੋਕ ਵਿਚ ਨੇਤਰਾਂ, ਕੰਨਾਂ, ਪੈਰਾਂ, ਹੱਥਾਂ ਤੇ ਜੀਭ ਆਦਿਕ ਅੰਗਾਂ ਬਾਰੇ ਕੀ ਉਪਦੇਸ਼ ਦਿੱਤਾ ਹੈ?**

**ਉੱਤਰ** : ਅੱਖਾਂ ਨਾਲ ਪਰਾਇਆ ਰੂਪ ਤੇ ਪਰਾਇਆ ਧਨ ਨਹੀਂ ਤੱਕਣਾ।

ਕੰਨਾਂ ਨਾਲ ਪਰਾਈ ਨਿੰਦਿਆ ਨਹੀਂ ਸੁਣਨੀ।

ਪੈਰਾਂ ਨਾਲ ਦੂਜਿਆਂ ਦਾ ਬੁਰਾ ਕਰਨ ਲਈ ਨਹੀਂ ਦੌੜਨਾ।

ਹੱਥਾਂ ਨਾਲ ਦੂਜਿਆਂ ਦਾ ਬੁਰਾ ਨਹੀਂ ਕਰਨਾ।

ਜੀਭ ਨਾਲ ਪਰਾਈ ਨਿੰਦਿਆ ਨਹੀਂ ਕਰਨੀ।

## 3. ਗੁਰੂ ਅਮਰਦਾਸ ਜੀ

**ਪ੍ਰਸ਼ਨ 1. ਕਿਹੜੇ ਕਿਹੜੇ ਭੱਟ ਸਾਹਿਬਾਨ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਅਮਰਦਾਸ ਜੀ ਦੀ ਉਸਤਤ ਕੀਤੀ ਹੈ?**

**ਉੱਤਰ** : ਭੱਟ ਕਲਸਹਾਰ ਜੀ, ਜਾਲਪ ਜੀ, ਕੀਰਤ ਜੀ, ਭਿਖ੍ਹਾ ਜੀ, ਸਲ੍ਹ ਜੀ ਤੇ ਭਲ੍ਹ ਜੀ ਨੇ।

**ਪ੍ਰਸ਼ਨ 2. ਭੱਟ ਜਾਲਪ ਜੀ, ਗੁਰੂ ਜੀ ਦੀ ਸ਼ਖ਼ਸੀਅਤ ਬਾਰੇ ਕੀ ਫੁਰਮਾਨ ਕਰਦੇ ਹਨ?**

**ਉੱਤਰ** : ਭੱਟ ਜਾਲਪ ਜੀ ਫੁਰਮਾਨ ਕਰਦੇ ਹਨ, ਮਨੁੱਖ ਦੇ ਸਭ ਇੰਦਰੇ, ਅੱਖਾਂ, ਹੱਥ, ਪੈਰ, ਜੀਭ, ਕੰਨ, ਹਿਰਦਾ ਤੇ ਸੀਸ ਤਦੋਂ ਹੀ ਸਫਲ ਹੋ ਸਕਦੇ ਹਨ ਜੇ ਇਨ੍ਹਾਂ ਰਾਹੀਂ ਗੁਰੂ ਅਮਰਦਾਸ ਜੀ ਦੀ ਪਵਿੱਤਰ ਸਿੱਖਿਆ ਦ੍ਰਿੜ੍ਹ ਕਰਕੇ ਪ੍ਰਭੂ ਦੀ ਪ੍ਰਾਪਤੀ ਕੀਤੀ ਜਾਵੇ।

**ਪ੍ਰਸ਼ਨ 3. ਗੁਰੂ ਜੀ ਦੀ ਮਹਾਨ ਸ਼ਖ਼ਸੀਅਤ ਅਤੇ ਬੇਅੰਤਤਾਈ ਬਾਰੇ ਭੱਟ ਭਲ੍ਹ ਜੀ ਕੀ ਫੁਰਮਾਨ ਕਰਦੇ ਹਨ?**

**ਉੱਤਰ** : ਭੱਟ ਭਲ੍ਹ ਜੀ ਫੁਰਮਾਉਂਦੇ ਹਨ ਕਿ ਇਹ ਤਾਂ ਸੰਭਵ ਹੈ ਕਿ ਕੋਈ ਸਿਰੜੀ ਪੁਰਖ, ਬੱਦਲਾਂ ਦੀਆਂ ਬੂੰਦਾਂ ਦੀ ਗਿਣਤੀ ਕਰ ਲਵੇ, ਧਰਤੀ ਉੱਪਰ ਲੱਗੇ ਫੁੱਲ ਬੂਟਿਆਂ ਦੀ ਗਿਣਤੀ ਕਰ ਲਵੇ, ਸੂਰਜ, ਚੰਦਰਮਾ ਦੀਆਂ ਕਿਰਣਾਂ ਦੀ ਗਿਣਤੀ ਕਰ ਲਵੇ, ਸਮੁੰਦਰ ਦੀਆਂ ਲਹਿਰਾਂ ਦੀ ਗਿਣਤੀ ਕਰ ਲਵੇ, ਪਰ ਕਿਸੇ ਵਿਚ ਇਹ ਸਮਰੱਥਾ ਨਹੀਂ ਕਿ ਉਹ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੇ ਗੁਣਾਂ ਦੀ ਥਾਹ ਪਾ ਸਕੇ।

**ਪ੍ਰਸ਼ਨ 4. ਕਿਸ ਪਾਸੋਂ ਬਾਣੀ ਸੁਣ ਕੇ ਆਪ ਜੀ ਦੀ ਗੁਰੂ ਘਰ ਨਾਲ ਸਾਂਝ ਬਣੀ?**

**ਉੱਤਰ** : ਬੀਬੀ ਅਮਰੋ ਜੀ ਕੋਲੋਂ।

**ਪ੍ਰਸ਼ਨ 5. ਬੀਬੀ ਅਮਰੋ ਜੀ ਪਾਸੋਂ ਆਪ ਜੀ ਨੇ ਕਿਹੜਾ ਸ਼ਬਦ ਸੁਣਿਆ?**

**ਉੱਤਰ** : ਕਰਣੀ ਕਾਗਦੁ, ਮਨੁ ਮਸਵਾਣੀ,
ਬੁਰਾ ਭਲਾ ਦੁਇ ਲੇਖ ਪਏ॥
ਜਿਉ ਜਿਉ ਕਿਰਤੁ ਚਲਾਏ, ਤਿਉ ਚਲੀਐ,
ਤਉ ਗੁਣ ਨਾਹੀ ਅੰਤੁ ਹਰੇ॥ ੧॥ *(ਪੰਨਾ ੯੯੦)*

**ਪ੍ਰਸ਼ਨ 6. ਆਪ ਕਿੰਨੀ ਉਮਰ ਵਿਚ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਵਿਚ ਗਏ?**

**ਉੱਤਰ** : 62 ਸਾਲ ਦੀ ਉਮਰ ਵਿਚ।

**ਪ੍ਰਸ਼ਨ 7. ਖਡੂਰ ਸਾਹਿਬ ਵਿਖੇ ਗੁਰੂ ਅੰਗਦ ਦੇਵ ਜੀ ਨਾਲ ਕਿਹੜਾ ਯੋਗੀ ਈਰਖਾ ਕਰਦਾ ਸੀ?**

**ਉੱਤਰ** : ਜੋਗੀ ਸ਼ਿਵਨਾਥ।

**ਪ੍ਰਸ਼ਨ 8. ਜੋਗੀ ਸ਼ਿਵਨਾਥ ਗੁਰੂ ਅੰਗਦ ਦੇਵ ਜੀ ਨਾਲ ਕਿਉਂ ਈਰਖਾ ਕਰਦਾ ਸੀ?**

**ਉੱਤਰ** : ਕਿਉਂਕਿ ਗੁਰੂ ਅੰਗਦ ਦੇਵ ਜੀ ਦੇ ਖਡੂਰ ਸਾਹਿਬ ਆਉਣ ਨਾਲ ਜੋਗੀ ਦੀ ਪੂਜਾ ਮਾਨਤਾ ਖ਼ਤਮ ਹੋ ਗਈ ਸੀ।

**ਪ੍ਰਸ਼ਨ 9. (ਗੁਰੂ) ਅਮਰਦਾਸ ਜੀ ਨੇ ਖਡੂਰ ਸਾਹਿਬ ਵਿਖੇ ਕਿੰਨੇ ਸਾਲ ਸੇਵਾ ਕੀਤੀ?**

**ਉੱਤਰ** : 11 ਸਾਲ।

**ਪ੍ਰਸ਼ਨ 10. ਆਪ ਜੀ ਕੀ ਸੇਵਾ ਕਰਦੇ ਸਨ?**

**ਉੱਤਰ** : ਆਪ ਲੰਗਰ ਦੀ ਸੇਵਾ, ਭਾਂਡੇ ਮਾਂਜਣ ਦੀ ਸੇਵਾ, ਖੂਹ ਵਿਚੋਂ ਪਾਣੀ ਕੱਢ ਕੇ ਲਿਆਉਣ ਦੀ ਸੇਵਾ, ਸੰਗਤਾਂ ਨੂੰ ਇਸ਼ਨਾਨ ਕਰਵਾਉਣ ਦੀ ਸੇਵਾ, ਗਰਮੀਆਂ ਵਿਚ ਸੰਗਤਾਂ ਨੂੰ ਪੱਖਾ ਝੱਲਣ ਦੀ ਸੇਵਾ ਕਰਦੇ ਸਨ।



**ਪ੍ਰਸ਼ਨ 11. ਨਵਾਂ ਨਗਰ ਵਸਾਉਣ ਲਈ, ਇਮਾਰਤੀ ਲਕੜੀ ਲਿਆਉਣ ਵਾਸਤੇ ਕਾਂਗੜੇ ਦੇ ਪਹਾੜੀ ਇਲਾਕਿਆਂ ਵਿਚ (ਗੁਰੂ) ਅਮਰਦਾਸ ਸਾਹਿਬ ਨੇ ਕਿਸਨੂੰ ਭੇਜਿਆ?**

**ਉੱਤਰ** : ਆਪਣੇ ਭਤੀਜੇ ਸਾਵਣ ਮੱਲ ਨੂੰ।

**ਪ੍ਰਸ਼ਨ 12. ਸਾਵਣ ਮੱਲ ਜੀ ਦੇ ਪ੍ਰਚਾਰ ਤੋਂ ਪ੍ਰਭਾਵਿਤ ਹੋ ਕੇ ਕਿਸ ਰਾਜੇ ਨੇ ਗੁਰੂ ਅੰਗਦ ਦੇਵ ਜੀ ਤੋਂ ਸਿੱਖੀ ਧਾਰਣ ਕੀਤੀ?**

**ਉੱਤਰ** : ਹਰੀਪੁਰ ਦੇ ਰਾਜੇ ਨੇ, ਆਪਣੇ ਵਜ਼ੀਰਾਂ ਸਮੇਤ ਸਿੱਖੀ ਧਾਰਣ ਕੀਤੀ।

**ਪ੍ਰਸ਼ਨ 13. ਜਦ ਆਪ ਪਾਣੀ ਦੀ ਗਾਗਰ ਚੁੱਕੀ ਜੁਲਾਹੇ ਦੀ ਖੱਡੀ ਵਿਚ ਡਿੱਗ ਪਏ ਤਾਂ ਜੁਲਾਹੀ ਨੇ ਅੱਗੋਂ ਕੀ ਆਖਿਆ?**

**ਉੱਤਰ** : ਜੁਲਾਹੀ ਨੇ ਕਿਹਾ, "ਇਹ ਅਮਰਦਾਸ ਨਿਥਾਵਾਂ ਹੀ ਹੋਣਾ ਹੈ, ਜਿਸਨੂੰ ਨਾ ਦਿਨੇ ਚੈਨ ਅਤੇ ਨਾ ਰਾਤ ਨੂੰ ਨੀਂਦ।"

**ਪ੍ਰਸ਼ਨ 14. ਜੁਲਾਹੀ ਦਾ ਜੁਆਬ ਸੁਣ ਕੇ ਆਪ ਨੇ ਅੱਗੋਂ ਕੀ ਕਿਹਾ?**

**ਉੱਤਰ** : ਆਪ ਨੇ ਕਿਹਾ, "ਕਮਲੀਏ, ਪਹਿਲਾਂ ਤਾਂ ਮੈਂ ਜ਼ਰੂਰ ਨਿਥਾਵਾਂ ਸਾਂ, ਪਰ ਹੁਣ ਤਾਂ ਸ੍ਰੀ ਗੁਰੂ ਅੰਗਦ ਦੇਵ ਜੀ ਮੇਰੇ ਸਿਰ ਦੇ ਸਾਈਂ ਹਨ, ਹੁਣ ਮੈਂ ਨਿਥਾਵਾਂ ਕਿੱਥੇ?"

**ਪ੍ਰਸ਼ਨ 15. ਆਪ ਜੀ ਨੂੰ ਗੁਰਗੱਦੀ ਮਿਲਣ ਸਮੇਂ ਕੌਣ-ਕੌਣ ਨਰਾਜ਼ ਹੋਏ?**

**ਉੱਤਰ** : ਬਾਬਾ ਦਾਤੂ ਜੀ ਅਤੇ ਬਾਬਾ ਦਾਸੂ ਜੀ।

**ਪ੍ਰਸ਼ਨ 16. ਉਸ ਸ਼ਬਦ ਦੀਆਂ ਪਹਿਲੀਆਂ ਤੁਕਾਂ ਲਿਖੋ ਜਿਸ ਵਿਚ ਗੁਰੂ ਜੀ ਦੇ ਅਭੀਚ ਨਛੱਤਰ ਦੇ ਮੌਕੇ ਪ੍ਰਚਾਰਕ ਦੌਰੇ 'ਤੇ ਜਾਣ ਦਾ ਜ਼ਿਕਰ ਹੈ?**

**ਉੱਤਰ** : ਨਾਵਣੁ ਪੁਰਬੁ ਅਭੀਚੁ, ਗੁਰ ਸਤਿਗੁਰ ਦਰਸੁ ਭਇਆ॥
ਦੁਰਮਤਿ ਮੈਲੁ ਹਰੀ, ਅਗਿਆਨੁ ਅੰਧੇਰੁ ਗਇਆ॥ *(ਪੰਨਾ ੧੧੧੬)*

**ਪ੍ਰਸ਼ਨ 17. ਗੁਰੂ ਜੀ ਨੇ 'ਮਾਈ ਦਾਸ' ਨੂੰ ਸਿੱਖੀ ਦੇ ਅਮਲੀ ਜੀਵਨ ਦੀ ਜਾਚ ਸਿੱਖਣ ਲਈ ਕਿਹੜੇ ਸਿੱਖ ਦੀ ਸੰਗਤ ਕਰਨ ਦੀ ਤਾਕੀਦ ਕੀਤੀ?**

**ਉੱਤਰ** : ਭਾਈ ਮਾਨਕ ਚੰਦ ਦੀ।

**ਪ੍ਰਸ਼ਨ 18. 'ਮਾਈ ਸੇਵਾਂ' ਕਿੱਥੋਂ ਦੀ ਰਹਿਣ ਵਾਲੀ ਸੀ?**

**ਉੱਤਰ** : ਕਾਬਲ ਦੀ।

**ਪ੍ਰਸ਼ਨ 19. 'ਮਾਈ ਸੇਵਾਂ' ਤੋਂ ਖੁਸ਼ ਹੋ ਕੇ ਗੁਰੂ ਸਾਹਿਬ ਨੇ ਇਹਨਾਂ ਨੂੰ ਕੀ ਮਾਣ ਬਖ਼ਸ਼ਿਆ?**

**ਉੱਤਰ** : ਗੁਰੂ ਸਾਹਿਬ ਨੇ ਇਹਨਾਂ ਦੀ ਸੇਵਾ ਤੋਂ ਖੁਸ਼ ਹੋ ਕੇ ਇਹਨਾਂ ਨੂੰ ਕਾਬਲ ਦੇ ਇਲਾਕੇ ਵਿਚ ਸਿੱਖੀ ਦੇ ਪ੍ਰਚਾਰ ਦੀ ਸੇਵਾ ਬਖ਼ਸ਼ੀ ਸੀ।

**ਪ੍ਰਸ਼ਨ 20. 'ਭਾਈ ਪਾਰੋ ਜੁਲਕਾ' ਦੀ ਸੇਵਾ ਤੋਂ ਖੁਸ਼ ਹੋ ਕੇ ਗੁਰੂ ਜੀ ਨੇ ਇਹਨਾਂ ਨੂੰ ਕਿਹੜੀ ਪਦਵੀ ਨਾਲ ਸਨਮਾਨਿਆ ਸੀ?**

**ਉੱਤਰ** : 'ਪਰਮ ਹੰਸ' ਦੀ ਪਦਵੀ ਨਾਲ।

**ਪ੍ਰਸ਼ਨ 21. ਪਹਿਲੀ ਵਾਰ ਵਿਸਾਖੀ ਸਮੇਂ ਸੰਗਤਾਂ ਦਾ ਇਕੱਠ ਕਰਨ ਦਾ ਉੱਦਮ ਕਿਸ ਗੁਰੂ ਜੀ ਨੇ ਕੀਤਾ?**

**ਉੱਤਰ** : ਸ੍ਰੀ ਗੁਰੂ ਅਮਰਦਾਸ ਜੀ ਨੇ।

**ਪ੍ਰਸ਼ਨ 22. ਜਾਤ ਅਭਿਮਾਨੀਆਂ ਦੇ ਹੰਕਾਰ ਨੂੰ ਤੋੜਨ ਲਈ ਗੁਰੂ ਜੀ ਨੇ ਲੰਗਰ ਛਕਣ ਲਈ ਕੀ ਇਨਾਮ ਰੱਖਿਆ?**

**ਉੱਤਰ** : ਪਹਿਲਾਂ ਇਕ ਰੁਪਈਆ ਅਤੇ ਬਾਅਦ ਵਿਚ 'ਇਕ ਮੋਹਰ' ਇਨਾਮ ਰੱਖਿਆ ਗਿਆ।

**ਪ੍ਰਸ਼ਨ 23. ਮੋਹਰ ਦੇ ਲਾਲਚ ਨੇ ਕਿਸ ਤਪੇ ਨੂੰ ਆਪਣਾ ਸਿਧਾਂਤ ਛੱਡਣ ਲਈ ਪ੍ਰੇਰਿਆ?**

**ਉੱਤਰ** : ਹਰੀ ਰਾਮ ਤਪੇ ਨੂੰ।

**ਪ੍ਰਸ਼ਨ 24. ਹਰੀ ਰਾਮ ਤਪੇ ਨੇ ਮੋਹਰ ਹਾਸਲ ਕਰਨ ਲਈ ਕੀ ਵਿਉਂਤ ਬਣਾਈ?**

**ਉੱਤਰ** : ਹਰੀ ਰਾਮ ਤਪੇ ਨੇ ਚੁੱਪ-ਚਾਪ ਆਪਣੇ ਛੋਟੇ ਲੜਕੇ ਨੂੰ ਲੰਗਰ ਦੀ ਪਿਛਲੀ ਕੰਧ ਟਪਾ ਕੇ ਲੰਗਰ ਵਿਚ ਦਾਖਲ ਕੀਤਾ ਅਤੇ ਦਾਖਲ ਕਰਨ ਵੇਲੇ ਕੰਧ ਤੋਂ ਡਿੱਗ ਕੇ ਲੜਕੇ ਦੀ ਲੱਤ ਟੁੱਟ ਗਈ।

**ਪ੍ਰਸ਼ਨ 25. ਉਸ ਸ਼ਬਦ ਦੀ ਪਹਿਲੀ ਪੰਕਤੀ ਲਿਖੋ, ਜਿਸ ਵਿਚ ਪਖੰਡੀ ਤਪੇ ਦਾ ਵਰਨਣ ਕੀਤਾ ਗਿਆ ਹੈ?**

**ਉੱਤਰ** : ਤਪਾ ਨ ਹੋਵੈ, ਅੰਦ੍ਰਹੁ ਲੋਭੀ, ਨਿਤ ਮਾਇਆ ਨੋ ਫਿਰੈ ਜਜਮਾਲਿਆ॥

*(ਗਉੜੀ ਕੀ ਵਾਰ, ਮ: ੪, ਪੰਨਾ ੩੧੫)*

**ਪ੍ਰਸ਼ਨ 26. ਲਾਹੌਰ ਦੇ ਗਵਰਨਰ ਖਿਜ਼ਰ ਖਵਾਜ਼ਾ ਖ਼ਾਨ ਨਾਲ ਆਇਆ ਕਿਹੜਾ ਫ਼ੌਜਦਾਰ ਸਿੱਖ ਸਜ ਗਿਆ ਸੀ?**

**ਉੱਤਰ** : 'ਤਾਹਰਬੇਗ' ਗੁਰੂ ਸਾਹਿਬ ਤੋਂ ਪ੍ਰਭਾਵਤ ਹੋ ਕੇ ਸਿੱਖ ਸਜ ਗਿਆ ਸੀ।

**ਪ੍ਰਸ਼ਨ 27. ਜਾਤ ਅਭਿਮਾਨੀਆਂ ਨੇ ਜਦੋਂ ਅਕਬਰ ਕੋਲ ਗੁਰੂ ਘਰ ਵਿਰੁੱਧ ਸ਼ਿਕਾਇਤ ਕੀਤੀ ਤਾਂ ਅਕਬਰ ਨੇ ਕੀ ਕਾਰਵਾਈ ਕੀਤੀ?**

**ਉੱਤਰ** : ਅਕਬਰ ਬਾਦਸ਼ਾਹ ਨੇ ਸ਼ਾਹੀ ਪਿਆਦੇ ਗੁਰੂ ਅਮਰਦਾਸ ਜੀ ਪਾਸ ਭੇਜੇ ਅਤੇ ਸ਼ਿਕਾਇਤ ਦੇ ਨਿਪਟਾਰੇ ਲਈ ਕਿਸੇ ਨੂੰ ਭੇਜਣ ਲਈ ਬੇਨਤੀ ਕੀਤੀ।

**ਪ੍ਰਸ਼ਨ 28. ਅਕਬਰ ਕੋਲ ਗੁਰੂ ਜੀ ਨੇ ਸਪੱਸ਼ਟੀਕਰਨ ਦੇਣ ਲਈ ਕਿਸਨੂੰ ਭੇਜਿਆ?**

**ਉੱਤਰ** : ਭਾਈ ਬੁੱਲ੍ਹਾ ਜੀ, ਬਾਬਾ ਬੁੱਢਾ ਜੀ, ਭਾਈ ਕਿਦਾਰੀ ਜੀ ਤੇ ਭਾਈ ਜੇਠਾ ਜੀ।



**ਪ੍ਰਸ਼ਨ 29. ਇਸ ਸਪੱਸ਼ਟੀਕਰਨ ਦਾ ਅਕਬਰ 'ਤੇ ਕੀ ਪ੍ਰਭਾਵ ਪਿਆ?**

**ਉੱਤਰ** : ਅਕਬਰ, ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਵਲੋਂ ਸਪੱਸ਼ਟ ਕੀਤੇ ਗਏ ਸਿੱਖੀ ਸਿਧਾਂਤਾਂ ਤੇ ਸਿੱਖੀ ਰਹੁ-ਰੀਤਾਂ ਤੋਂ ਇਤਨਾ ਪ੍ਰਭਾਵਿਤ ਹੋਇਆ ਕਿ ਉਸਨੇ ਗੋਇੰਦਵਾਲ ਜਾ ਕੇ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਦਾ ਮਨ ਬਣਾਇਆ ਅਤੇ ਸ਼ਿਕਾਇਤੀ ਬ੍ਰਾਹਮਣਾਂ ਨੂੰ ਫਿਟਕਾਰਾਂ ਪਾਈਆਂ।

**ਪ੍ਰਸ਼ਨ 30. ਅਕਬਰ ਵਲੋਂ ਲੰਗਰ ਲਈ ਪੇਸ਼ ਜਗੀਰ ਨੂੰ ਗੁਰੂ ਅਮਰਦਾਸ ਜੀ ਨੇ ਕੀ ਕਹਿ ਕੇ ਰੱਦ ਕਰ ਦਿੱਤਾ ਸੀ?**

**ਉੱਤਰ** : ਇਹ ਲੰਗਰ ਗੁਰਸਿੱਖਾਂ ਦੇ ਦਸਵੰਧ ਨਾਲ ਹੀ ਚਲਦਾ ਹੈ।

**ਪ੍ਰਸ਼ਨ 31. ਅੰਮ੍ਰਿਤਸਰ ਸ਼ਹਿਰ ਦੀ ਨੀਂਹ ਕਿਸ ਨੇ ਰੱਖੀ?**

**ਉੱਤਰ** : ਸ੍ਰੀ ਗੁਰੂ ਅਮਰਦਾਸ ਜੀ ਨੇ।

**ਪ੍ਰਸ਼ਨ 32. ਕਿਹੜੇ-ਕਿਹੜੇ ਪਿੰਡ ਦੀ ਜ਼ਮੀਨ ਲੈ ਕੇ ਅੰਮ੍ਰਿਤਸਰ ਨਗਰ ਵਸਾਇਆ ਗਿਆ?**

**ਉੱਤਰ** : ਗੁੰਮਟਾਲਾ, ਤੁੰਗ, ਸੁਲਤਾਨਵਿੰਡ, ਗਿਲਵਾਲੀ ਪਿੰਡਾਂ ਦੀ ਜ਼ਮੀਨ ਲੈ ਕੇ।

**ਪ੍ਰਸ਼ਨ 33. ਗੁਰੂ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਜੋ ਉਪਦੇਸ਼ ਦਿੱਤਾ, ਉਹ ਕਿੱਥੇ ਦਰਜ ਹੈ?**

**ਉੱਤਰ** : ਇਹ ਉਪਦੇਸ਼ 'ਸਦੁ ਬਾਣੀ' ਦੇ ਸਿਰਲੇਖ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਰਾਗ ਰਾਮਕਲੀ' ਵਿਚ ਪੰਨਾ ੯੨੩-੨੪ 'ਤੇ ਦਰਜ ਹੈ।

**ਪ੍ਰਸ਼ਨ 34. ਇਹ ਉਪਦੇਸ਼ ਕਿਸ ਨੇ ਕਲਮਬੰਦ ਕੀਤਾ?**

**ਉੱਤਰ** : ਬਾਬਾ ਸੁੰਦਰ ਜੀ ਨੇ।

**ਪ੍ਰਸ਼ਨ 35. ਬਾਬਾ ਸੁੰਦਰ ਜੀ ਕੌਣ ਸਨ?**

**ਉੱਤਰ** : ਗੁਰੂ ਅਮਰਦਾਸ ਜੀ ਦੇ ਸਪੁੱਤਰ ਬਾਬਾ ਮੋਹਰੀ ਜੀ ਦੇ ਪੋਤਰੇ ਸਨ ਤੇ ਬਾਬਾ ਅਨੰਦ ਜੀ ਦੇ ਸਪੁੱਤਰ ਸਨ।

**ਪ੍ਰਸ਼ਨ 36. 'ਸਦੁ ਬਾਣੀ' ਵਿਚ ਕਿਹੜੇ-ਕਿਹੜੇ ਅਨਮਤੀ ਕਰਮ ਕਾਂਡਾਂ ਤੋਂ ਵਰਜਿਆ ਗਿਆ ਹੈ?**

**ਉੱਤਰ** : (ੳ) ਰੋਣ-ਪਿੱਟਣ ਦੇ ਸਿਆਪੇ ਕਰਨ ਤੋਂ। (ਅ) ਹੱਡੀਆਂ ਕਿਸੇ ਉਚੇਚੇ ਸਥਾਨ 'ਤੇ ਲਿਜਾਣ ਤੋਂ (ੲ) ਬਿਬਾਣ ਕੱਢਣ ਤੋਂ (ਸ) ਪਿੰਡ, ਪੱਤਲ, ਕਿਰਿਆ, ਦੀਵਾ ਆਦਿ ਕਰਮ ਕਾਂਡ ਕਰਨ ਤੋਂ ਵਰਜਿਆ ਗਿਆ ਹੈ।

**ਪ੍ਰਸ਼ਨ 37. 'ਸਦੁ' ਬਾਣੀ ਵਿਚ ਪ੍ਰਾਣੀ ਦੇ ਚਲਾਣੇ ਮਗਰੋਂ ਕਿਹੜੇ-ਕਿਹੜੇ ਕਰਮ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ?**

**ਉੱਤਰ** : (ੳ) ਗੁਰਸਿੱਖਾਂ ਨੂੰ ਬੁਲਾ ਕੇ ਸਤਿਸੰਗ ਕਰਨ ਦਾ, (ਅ) ਕੀਰਤਨ ਕਰਨ ਦਾ ਅਤੇ (ੲ) ਕੇਵਲ ਪ੍ਰਭੂ ਦੀ ਉਸਤਤ ਕਰਨ ਦਾ।

**ਪ੍ਰਸ਼ਨ 38. ਸਦੁ ਬਾਣੀ ਵਿਚੋਂ ਪ੍ਰਮਾਣ ਲਿਖੋ ਕਿ ਰੋਣਾ ਪਿੱਟਣਾ ਗੁਰੂ ਸਾਹਿਬ ਨੂੰ ਮੂਲੋਂ ਹੀ ਚੰਗਾ ਨਹੀਂ ਲਗਦਾ?**

**ਉੱਤਰ** : ਮਤ ਮੈ ਪਿਛੈ ਕੋਈ ਰੋਵਸੀ, ਸੋ ਮੈ, ਮੂਲਿ ਨ ਭਾਇਆ॥

*(ਪੰਨਾ ੯੨੩)*

**ਪ੍ਰਸ਼ਨ 39. ਸ੍ਰੀ ਗੁਰੂ ਅਮਰਦਾਸ ਜੀ ਦੀ ਸਭ ਤੋਂ ਪ੍ਰਚਲਤ ਬਾਣੀ ਕਿਹੜੀ ਹੈ?**

**ਉੱਤਰ** : ਅਨੰਦੁ ਸਾਹਿਬ।

**ਪ੍ਰਸ਼ਨ 40. ਗੁਰੂ ਜੀ ਨੇ ਕਿਤਨੇ ਰਾਗਾਂ ਵਿਚ ਬਾਣੀ ਉਚਾਰਨ ਕੀਤੀ?**

**ਉੱਤਰ** : 17 ਰਾਗਾਂ ਵਿਚ।

**ਪ੍ਰਸ਼ਨ 41. ਆਪ ਜੀ ਨੇ ਕੁੱਲ ਕਿਤਨੀ ਬਾਣੀ ਉਚਾਰਨ ਕੀਤੀ?**

**ਉੱਤਰ** : ਆਪ ਜੀ ਨੇ ਕੁੱਲ 172 ਸ਼ਬਦ, 91 ਅਸ਼ਟਪਦੀਆਂ, 20 ਛੰਦ, 4 ਵਾਰਾਂ ਦੀਆਂ 85 ਪਉੜੀਆਂ ਅਤੇ 411 ਸਲੋਕਾਂ ਤੋਂ ਇਲਾਵਾ ਆਸਾ ਰਾਗ ਵਿਚ ਪੱਟੀ 18 ਪਉੜੀਆਂ, ਵਡਹੰਸ ਰਾਗ ਵਿਚ 4 ਸ਼ਬਦ ਅਲਾਹਣੀਆਂ ਦੇ, ਬਿਲਾਵਲ ਵਿਚ ਸਤਵਾਰਾ ਦੇ ਦੋ ਸ਼ਬਦ, ਰਾਮਕਲੀ ਵਿਚ ਅਨੰਦੁ ਦੀਆਂ ਚਾਲੀ ਪਉੜੀਆਂ, ਮਾਰੂ ਰਾਗ ਵਿਚ ਸੋਲਹੇ ਦੇ 24 ਸ਼ਬਦ।

**ਪ੍ਰਸ਼ਨ 42. ਗੁਰੂ ਜੀ ਨੇ ਸਮਾਜ ਸੁਧਾਰ ਦੇ ਕਿਹੜੇ-ਕਿਹੜੇ ਕੰਮ ਕੀਤੇ?**

**ਉੱਤਰ** :
1. ਸਤੀ ਪ੍ਰਥਾ ਨੂੰ ਬੰਦ ਕੀਤਾ।
2. ਪੁਨਰ ਵਿਆਹ ਦੀ ਮਰਯਾਦਾ ਸ਼ੁਰੂ ਕੀਤੀ।
3. ਅੰਤਰ ਜਾਤੀ ਵਿਆਹ ਕਰਵਾਏ।
4. ਬੁੱਢਾ ਮਰਨਾ ਕਰਨ 'ਤੇ ਪਾਬੰਦੀ ਲਾਈ।
5. ਜਾਤ ਪਾਤ ਨੂੰ ਖ਼ਤਮ ਕਰਨ ਲਈ ਬਾਉਲੀ ਦੀ ਸਥਾਪਨਾ ਕੀਤੀ।
6. ਵਿਆਹ ਸ਼ਾਦੀਆਂ ਦੀਆਂ ਰਸਮਾਂ ਵਿਚ ਸੁਧਾਰ ਕੀਤੇ।

**ਪ੍ਰਸ਼ਨ 43. ਗੁਰੂ ਜੀ ਨੇ ਮਾਇਆ ਦੀ ਪਰਿਭਾਸ਼ਾ ਕਿਵੇਂ ਕੀਤੀ ਹੈ?**

**ਉੱਤਰ** : ਏਹ ਮਾਇਆ, ਜਿਤੁ ਹਰਿ ਵਿਸਰੈ, ਮੋਹੁ ਉਪਜੈ, ਭਾਉ ਦੂਜਾ ਲਾਇਆ॥

*(ਪੰਨਾ ੯੨੧)*



**ਪ੍ਰਸ਼ਨ 44. ਮਾਇਆ ਦੇ ਪ੍ਰਭਾਵ ਤੋਂ ਬਚਣ ਲਈ ਗੁਰੂ ਜੀ ਦਾ ਕੀ ਹੁਕਮ ਹੈ?**

**ਉੱਤਰ** : ਮਾਇਆ ਵੇਖਿ ਨ ਭੁਲੁ, ਤੂ ਮਨਮੁਖ ਮੂਰਖਾ॥
ਚਲਦਿਆ ਨਾਲ ਨ ਚਲਈ, ਸਭੁ ਝੂਠੁ ਦਰਬੁ ਲਖਾ॥

*(ਮਾਰੂ ਕੀ ਵਾਰ, ਮਃ ੩, ਪੰਨਾ ੧੦੮੭)*

**ਪ੍ਰਸ਼ਨ 45. ਬੇਦਾਂ ਆਦਿ ਅਨਮਤੀ ਪੁਸਤਕਾਂ ਬਾਰੇ ਗੁਰੂ ਸਾਹਿਬ ਦਾ ਕੀ ਫ਼ੁਰਮਾਣ ਹੈ?**

**ਉੱਤਰ** : ਪੜਿ, ਪੜਿ ਪੰਡਿਤ ਮੋਨੀ ਥਕੇ, ਬੇਦਾਂ ਕਾ ਅਭਿਆਸੁ॥
ਹਰਿ ਨਾਮੁ ਚਿਤਿ ਨ ਆਵਈ, ਨਹ ਨਿਜ ਘਰਿ ਹੋਵੈ ਵਾਸੁ॥

*(ਮਲਾਰ, ਮਃ ੩, ਪੰਨਾ ੧੨੭)*

**ਪ੍ਰਸ਼ਨ 46. ਜਿਹੜੇ ਮਨੁੱਖ, ਮਨੁੱਖਾ ਸਰੀਰ ਪਾ ਕੇ ਵੀ ਪਰਮਾਤਮਾ ਦੀ ਬੰਦਗੀ ਨਹੀਂ ਕਰਦੇ ਉਹਨਾਂ ਬਾਬਤ ਗੁਰੂ ਜੀ ਦਾ ਕੀ ਫ਼ੁਰਮਾਣ ਹੈ?**

**ਉੱਤਰ** : ਭਾਈ ਰੇ, ਭਗਤਿਹੀਣੁ ਕਾਹੇ ਜਗਿ ਆਇਆ॥
ਪੂਰੇ ਗੁਰੁ ਕੀ ਸੇਵ ਨ ਕੀਨੀ, ਬਿਰਥਾ ਜਨਮੁ ਗਵਾਇਆ॥

*(ਪੰਨਾ ੬੪)*

## 4. ਗੁਰੂ ਰਾਮਦਾਸ ਜੀ

**ਪ੍ਰਸ਼ਨ 1. ਸਿੱਖ ਗੁਰੂ ਸਾਹਿਬਾਨ ਦੇ ਆਤਮਕ ਬਲ, ਉੱਚੀ ਆਤਮਕ-ਅਵੱਸਥਾ ਅਤੇ ਸਿੱਖਿਆਵਾਂ ਆਦਿ ਦਾ ਪਤਾ ਸਾਨੂੰ ਕਿੱਥੋਂ ਲਗਦਾ ਹੈ?**

**ਉੱਤਰ** : ਭੱਟਾਂ ਦੀ ਬਾਣੀ, ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਜੀ ਦੀ ਰਚਨਾ ਤੋਂ।

**ਪ੍ਰਸ਼ਨ 2. ਸੱਚ ਦੇ ਪਾਂਧੀ ਭੱਟ, ਕਿਹੜੇ ਗੁਰੂ ਸਾਹਿਬ ਦੇ ਦਰਬਾਰ ਵਿਚ ਪੁੱਜੇ ਸਨ?**

**ਉੱਤਰ** : ਗੁਰੂ ਅਰਜਨ ਦੇਵ ਜੀ ਦੇ।

**ਪ੍ਰਸ਼ਨ 3. ਭੱਟ ਕਵੀਆਂ ਦੀ ਬਾਣੀ "ਭੱਟਾਂ ਦੇ ਸਵਈਏ" ਵਿਚੋਂ ਉਹ ਪੰਗਤੀਆਂ ਲਿਖੋ ਜਿਨ੍ਹਾਂ ਵਿਚ ਉਨ੍ਹਾਂ ਨੇ ਗੁਰੂ ਰਾਮਦਾਸ ਜੀ ਨੂੰ ਨਾਮ ਵਿਚ ਰੱਤੇ ਹੋਏ ਅਤੇ ਨਾਮ ਦੇ ਸਰੋਵਰ ਕਰਕੇ ਲਿਖਿਆ ਹੈ?**

**ਉੱਤਰ** : ਹਰਿ ਨਾਮ ਰਸਿਕੁ, ਗੋਬਿੰਦ ਗੁਣ ਗਾਹਕੁ,
ਚਾਹਕੁ ਤਤ, ਸਮਤ ਸਰੇ॥
ਕਵਿ ਕਲ੍ਯ, ਠਕੁਰ ਹਰਦਾਸ ਤਨੇ,
ਗੁਰ ਰਾਮਦਾਸ ਸਰ ਅਭਰ ਭਰੇ॥ *(ਪੰਨਾ ੧੩੯੬)*

**ਪ੍ਰਸ਼ਨ 4. ਸਤਿਗੁਰੂ ਆਤਮਕ-ਗੁਣਾਂ ਵਾਲੇ ਤੇ ਹਰੀ ਦਾ ਰੂਪ ਹਨ : ਭੱਟ ਬਾਣੀ ਵਿਚੋਂ ਪ੍ਰਮਾਣ ਲਿਖੋ।**

ਉੱਤਰ : ਮਤਿ ਮਾਤਾ, ਸੰਤੋਖੁ ਪਿਤਾ, ਸਰਿ ਸਹਜ ਸਮਾਯਉ॥
ਆਜੋਨੀ ਸੰਭਵਿਅਉ, ਜਗਤੁ ਗੁਰ ਬਚਨਿ ਤਰਾਯਉ॥

*(ਪੰਨਾ ੧੩੯੭)*

**ਪ੍ਰਸ਼ਨ 5. ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ (ਜਨਮ) ਸਮੇਂ ਕਿਹੜੇ-ਕਿਹੜੇ ਗੁਰੂ ਸਾਹਿਬਾਨ ਮੌਜੂਦ ਸਨ ਤੇ ਉਨ੍ਹਾਂ ਦੀ ਕੀ ਆਯੂ ਸੀ?**

ਉੱਤਰ : 1. ਗੁਰੂ ਨਾਨਕ ਦੇਵ ਜੀ—65½ ਸਾਲ
2. ਭਾਈ ਲਹਿਣਾ ਜੀ (ਗੁਰੂ ਅੰਗਦ ਦੇਵ ਜੀ)—30 ਸਾਲ
3. (ਗੁਰੂ) ਅਮਰਦਾਸ ਜੀ—55½ ਸਾਲ

**ਪ੍ਰਸ਼ਨ 6. ਗੁਰੂ ਜੀ ਦੀ ਭੈਣ ਅਤੇ ਭਰਾ ਦਾ ਕੀ ਨਾਂ ਸੀ?**

ਉੱਤਰ : ਭੈਣ ਬੀਬੀ ਰਮਦਾਸੀ ਜੀ ਅਤੇ ਭਰਾ ਹਰਿਦਿਆਲ ਜੀ।

**ਪ੍ਰਸ਼ਨ 7. ਗੁਰੂ ਅਮਰਦਾਸ ਜੀ ਦੇ ਹਿੰਦੂ ਤੀਰਥਾਂ 'ਤੇ ਜਾਣ ਦਾ ਮਕਸਦ ਲੋਕਾਂ ਨੂੰ ਗੁਰਮਤਿ ਦ੍ਰਿੜ੍ਹ ਕਰਵਾਉਣਾ ਸੀ। ਗੁਰੂ ਰਾਮਦਾਸ ਜੀ ਨੇ ਇਸ ਦਾ ਉਲੇਖ ਕਿਸ ਤੁਕ ਵਿਚ ਕੀਤਾ ਹੈ?**

ਉੱਤਰ : "ਤੀਰਥ ਉਦਮੁ ਸਤਿਗੁਰੂ ਕੀਆ,
ਸਭ ਲੋਕ ਉਧਰਣ ਅਰਥਾ॥ *(ਪੰਨਾ ੧੧੧੬)*

**ਪ੍ਰਸ਼ਨ 8. ਗੁਰੂ ਜੀ ਨੇ ਪਾਣੀ ਦੀ ਲੋੜ ਪੂਰੀ ਕਰਨ ਤੇ ਇਸ਼ਨਾਨ ਕਰਨ ਲਈ ਕਿਹੜੇ ਦੋ ਸਰੋਵਰ ਖੁਦਵਾਏ?**

ਉੱਤਰ : ਪਹਿਲਾ 'ਸੰਤੋਖ ਸਰ' ਦੂਜਾ 'ਅੰਮ੍ਰਿਤਸਰ'।

**ਪ੍ਰਸ਼ਨ 9. ਥੜ੍ਹੇ ਬਣਾਉਣ ਦੀ ਪ੍ਰੀਖਿਆ ਕਿਸ-ਕਿਸ ਦੀ ਲਈ ਗਈ?**

ਉੱਤਰ : ਭਾਈ ਰਾਮਾ ਜੀ ਤੇ ਭਾਈ ਜੇਠਾ ਜੀ ਦੀ।

**ਪ੍ਰਸ਼ਨ 10. ਥੜ੍ਹੇ ਬਣਾਉਣ ਵਾਲੀ ਪ੍ਰੀਖਿਆ ਤੋਂ ਗੁਰੂ ਅਮਰਦਾਸ ਜੀ ਦਾ ਕੀ ਮੰਤਵ ਸੀ?**

ਉੱਤਰ : ਆਪਾ ਨਾ ਜਨਾਉਣ ਵਾਲੇ ਨਿਰਮਾਣ ਸੇਵਕ ਦੀ ਪਰਖ ਕਰਨਾ।

**ਪ੍ਰਸ਼ਨ 11. ਗੁਰੂ ਬਣਨ ਤੋਂ ਪਹਿਲਾਂ, ਆਪਣੀ ਬਚਪਨ ਦੀ ਦੀਨ ਤੇ ਅਨਾਥ-ਬਾਲ ਅਵਸਥਾ ਤੋਂ ਗੁਰੂ ਬਖ਼ਸ਼ਿਸ਼ ਨਾਲ ਗੁਰੂ ਪਦਵੀ ਤੱਕ ਪੁੱਜਣ ਬਾਰੇ ਗੁਰੂ ਜੀ ਨੇ ਆਪਣੀ ਬਾਣੀ ਵਿਚ ਕਿੰਝ ਬਿਆਨ ਕੀਤਾ ਹੈ?**

ਉੱਤਰ : ਜੋ ਹਮਰੀ ਬਿਧਿ ਹੋਤੀ, ਮੇਰੇ ਸਤਿਗੁਰਾ,
ਸਾ ਬਿਧਿ, ਤੁਮ ਹਰਿ ਜਾਣਹੁ ਆਪੇ॥



ਹਮ ਰੁਲਤੇ ਫਿਰਤੇ, ਕੋਈ ਬਾਤ ਨ ਪੂਛਤਾ;
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥

*(ਗਉੜੀ ਬੈਰਾਗਣਿ, ਮ: ੪, ਪੰਨਾ ੧੬੭)*

**ਪ੍ਰਸ਼ਨ 12. ਗੁਰੂ ਰਾਮਦਾਸ ਜੀ ਦੇ, 'ਗੁਰੂ' ਬਣਨ ਦਾ ਜ਼ਿਕਰ ਕਿਸ ਬਾਣੀ ਵਿਚ ਕਿਹੜਾ ਹੈ?**

ਉੱਤਰ : (ੳ) ਸਦੁ ਬਾਣੀ ਵਿਚ।
(ਅ) ਹਰਿ ਭਾਇਆ, ਸਤਿਗੁਰੁ ਬੋਲਿਆ,
ਹਰਿ ਮਿਲਿਆ ਪੁਰਖੁ ਸੁਜਾਣੁ ਜੀਉ॥
ਰਾਮਦਾਸ ਸੋਢੀ ਤਿਲਕੁ ਦੀਆ,
ਗੁਰ ਸਬਦੁ ਸਚੁ ਨੀਸਾਣੁ ਜੀਉ॥ *(ਪੰਨਾ ੯੨੩)*

**ਪ੍ਰਸ਼ਨ 13. ਗੁਰੂ ਰਾਮਦਾਸ ਜੀ ਦੇ ਗੁਰੂ ਬਣਨ ਸਮੇਂ ਕਿਸ ਨੇ ਗੁਰ ਹੁਕਮ ਦੀ ਪ੍ਰਵਾਹ ਨਾ ਕੀਤੀ ਤੇ ਗੁਰੂ ਜੀ ਨੂੰ ਮੱਥਾ ਨਾ ਟੇਕਿਆ?**

ਉੱਤਰ : ਬਾਬਾ ਮੋਹਨ ਜੀ ਨੇ।

**ਪ੍ਰਸ਼ਨ 14. ਇਲਾਇਚੀ ਬੇਰੀ ਕਿੱਥੇ ਸਥਿਤ ਹੈ, ਜਿਥੇ ਬੈਠ ਕੇ ਗੁਰੂ ਜੀ ਸੇਵਾ ਕਰਵਾਉਂਦੇ ਸਨ?**

ਉੱਤਰ : ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਪਰਕਰਮਾ ਵਿਚ, ਦਰਸ਼ਨੀ ਦਰਵਾਜ਼ੇ ਦੇ ਕੋਲ।

**ਪ੍ਰਸ਼ਨ 15. ਡਾਕਟਰ ਸੱਯਦ ਮੁਹੰਮਦ ਲਤੀਫ, ਅੰਮ੍ਰਿਤਸਰ ਦੀ ਨੀਂਹ ਬਾਰੇ ਕੀ ਲਿਖਦਾ ਹੈ?**

ਉੱਤਰ : ਉਹ ਲਿਖਦਾ ਹੈ ਕਿ "ਅੰਮ੍ਰਿਤਸਰ ਦੀ ਨੀਂਹ ਇਕ ਕੇਂਦਰੀ ਅਸਥਾਨ ਵਜੋਂ ਰੱਖ ਕੇ ਗੁਰੂ ਜੀ ਨੇ ਸਿੱਖਾਂ ਦਾ ਭਵਿੱਖ ਬਤੌਰ ਇਕ ਕੌਮ ਦੇ ਉਜਾਗਰ ਕਰਨ ਦੀ ਨੀਂਹ ਰੱਖੀ।"

**ਪ੍ਰਸ਼ਨ 16. ਆਪਣੇ ਘਰ (ਚੂਨਾ ਮੰਡੀ ਲਾਹੌਰ ਵਿਖੇ) ਨੂੰ ਧਰਮਸ਼ਾਲਾ ਵਿਚ ਪਰਿਵਰਤਨ ਕਰਕੇ ਗੁਰੂ ਜੀ ਕਿਹੜੇ ਪ੍ਰੇਮੀ ਸਿੱਖ ਦੇ ਘਰ ਠਹਿਰੇ?**

ਉੱਤਰ : ਭਾਈ ਸਿਹਾਰੀ ਮੱਲ ਜੀ ਦੇ।

**ਪ੍ਰਸ਼ਨ 17. "ਸੱਚੀ ਸ਼ਾਂਤੀ ਕਿਵੇਂ ਮਿਲੇ?" ਭਾਈ ਤੀਰਥਾ ਦੇ ਪ੍ਰਸ਼ਨ ਦੇ ਉੱਤਰ ਵਿਚ ਗੁਰੂ ਜੀ ਨੇ ਕੀ ਸਮਝਾਇਆ?**

ਉੱਤਰ : ਨਾਮ ਵਿਚ ਸੁਰਤ ਜੋੜਨ ਤੇ ਇਸ ਨੂੰ ਜੀਵਨ ਦਾ ਆਧਾਰ ਬਣਾਉਣ ਨਾਲ ਸੱਚੀ ਸ਼ਾਂਤੀ ਮਿਲਦੀ ਹੈ।

**ਪ੍ਰਸ਼ਨ 18. ਗਉੜੀ ਰਾਗ ਵਿਚ ਗੁਰੂ ਜੀ ਦੇ ਉਚਾਰਨ ਕੀਤੇ ਉਸ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਲਿਖੋ ਜਿਸ ਵਿਚ ਸਿੱਖ ਦੇ ਰੋਜ਼ਾਨਾ ਜੀਵਨ ਆਚਾਰ ਦਾ ਉਲੇਖ ਹੈ?**

**ਉੱਤਰ** : "ਗੁਰ ਸਤਿਗੁਰ ਕਾ ਜੋ ਸਿਖੁ ਅਖਾਏ,
ਸੁ ਭਲਕੇ ਉਠਿ, ਹਰਿ ਨਾਮੁ ਧਿਆਵੈ॥" *(ਪੰਨਾ ੩੦੫)*

**ਪ੍ਰਸ਼ਨ 19. ਸੂਹੀ ਰਾਗ ਵਿਚ ਚਾਰ ਲਾਵਾਂ ਦਾ ਪਾਠ ਜੋ ਅਨੰਦ ਕਾਰਜ ਸਮੇਂ ਪੜ੍ਹਨ ਦੀ ਮਰਯਾਦਾ ਹੈ, ਕਿਹੜੇ ਗੁਰੂ ਜੀ ਦਾ ਉਚਾਰਨ ਕੀਤਾ ਹੋਇਆ ਹੈ?**

**ਉੱਤਰ** : ਗੁਰੂ ਰਾਮਦਾਸ ਜੀ ਦਾ।

**ਪ੍ਰਸ਼ਨ 20. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 31 ਰਾਗਾਂ ਵਿਚੋਂ ਗੁਰੂ ਰਾਮਦਾਸ ਜੀ ਦੀ ਬਾਣੀ ਕਿੰਨੇ ਰਾਗਾਂ ਵਿਚ ਹੈ?**

**ਉੱਤਰ** : 30 ਰਾਗਾਂ ਵਿਚ।

**ਪ੍ਰਸ਼ਨ 21. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 22 ਵਾਰਾਂ ਵਿਚੋਂ ਗੁਰੂ ਰਾਮਦਾਸ ਜੀ ਦੀਆਂ ਕਿੰਨੀਆਂ ਵਾਰਾਂ ਹਨ?**

**ਉੱਤਰ** : 8 ਵਾਰਾਂ।

**ਪ੍ਰਸ਼ਨ 22. ਸ਼ਬਦ, ਅਸ਼ਟਪਦੀਆਂ ਤੇ ਛੰਤਾਂ ਤੋਂ ਇਲਾਵਾ ਗੁਰੂ ਜੀ ਨੇ ਹੋਰ ਕਿਹੜੀਆਂ ਉਚੇਚੀਆਂ ਬਾਣੀਆਂ ਦੀ ਰਚਨਾ ਕੀਤੀ?**

**ਉੱਤਰ** : 1. ਪਹਿਰੇ 2. ਵਣਜਾਰਾ 3. ਕਰਹਲੇ 4. ਘੋੜੀਆਂ 5. ਸੋਲਹੇ

**ਪ੍ਰਸ਼ਨ 23. ਪ੍ਰਭੂ ਪਰਮਾਤਮਾ ਦੀ ਵਿਸ਼ਾਲਤਾ ਬਾਰੇ ਗੁਰੂ ਰਾਮਦਾਸ ਜੀ ਦੀ ਬਾਣੀ ਵਿਚੋਂ ਇਕ ਪ੍ਰਮਾਣ ਦਿਉ।**

**ਉੱਤਰ** : ਤੇਰੀ ਵਡਿਆਈ ਤੂਹੈ ਜਾਣਦਾ
ਤੁਧੁ ਜੇਵਡੁ ਅਵਰੁ ਨ ਕੋਈ॥
ਤੁਧੁ ਜੇਵਡੁ ਹੋਰੁ ਸਰੀਕੁ ਹੋਵੈ ਤਾ ਆਖੀਐ,
ਤੁਧੁ ਜੇਵਡੁ ਤੂਹੈ ਹੋਈ॥
*(ਬਿਹਾਗੜੇ ਕੀ ਵਾਰ, ਮਹਲਾ ੪, ਪੰਨਾ ੫੪੯)*

**ਪ੍ਰਸ਼ਨ 24. ਗੁਰਬਾਣੀ ਅਥਵਾ ਸ਼ਬਦ ਹੀ ਗੁਰੂ ਹੈ, ਗੁਰੂ ਰਾਮਦਾਸ ਜੀ ਦੀ ਬਾਣੀ ਵਿਚੋਂ ਪ੍ਰਮਾਣ ਲਿਖੋ।**

**ਉੱਤਰ** : ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ, ਬਾਣੀ ਕਹੈ, ਸੇਵਕੁ ਜਨੁ ਮਾਨੈ,
ਪਰਤਖਿ ਗੁਰੂ ਨਿਸਤਾਰੇ॥
*(ਨਟ, ਅਸਟਪਦੀਆਂ, ਮਹਲਾ ੪, ਪੰਨਾ ੯੮੨)*



**ਪ੍ਰਸ਼ਨ 25. ਉਪਦੇਸ਼ਕ ਦੀ ਮਹਾਨਤਾ ਤੇ ਸਤਿਕਾਰ ਲਈ ਗੁਰੂ ਰਾਮਦਾਸ ਜੀ ਦੀ ਬਾਣੀ ਵਿਚੋਂ ਇਕ ਪ੍ਰਮਾਣ ਲਿਖੋ।**

**ਉੱਤਰ** : ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ,
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ *(ਪੰਨਾ ੩੦੬)*

**ਪ੍ਰਸ਼ਨ 26. ਬਾਬਾ ਪ੍ਰਿਥੀ ਚੰਦ ਜੀ ਨੂੰ ਉਪਦੇਸ਼ ਕਰਦਿਆਂ ਜੋ ਸ਼ਬਦ ਉਚਾਰਨ ਕੀਤਾ, ਉਸ ਦੀਆਂ ਪਹਿਲੀਆਂ ਦੋ ਪੰਗਤੀਆਂ ਲਿਖੋ।**

**ਉੱਤਰ** : ਕਾਹੇ ਪੂਤ, ਝਗਰਤ ਹਉ, ਸੰਗਿ ਬਾਪ॥
ਜਿਨ ਕੇ ਜਣੇ ਬਡੀਰੇ ਤੁਮ ਹਉ,
ਤਿਨ ਸਿਉ ਝਗਰਤ ਪਾਪ॥ ੧॥ ਰਹਾਉ॥ *(ਪੰਨਾ ੧੨੦੦)*

## 5. ਗੁਰੂ ਅਰਜਨ ਦੇਵ ਜੀ

**ਪ੍ਰਸ਼ਨ 1. (ਗੁਰੂ) ਅਰਜਨ ਦੇਵ ਜੀ ਦੇ ਜਨਮ ਸਮੇਂ ਕਿਹੜੇ ਗੁਰੂ ਸਾਹਿਬਾਨ ਗੁਰਗੱਦੀ 'ਤੇ ਸੁਸ਼ੋਭਿਤ ਸਨ?**

**ਉੱਤਰ** : ਸ੍ਰੀ ਗੁਰੂ ਅਮਰਦਾਸ ਜੀ।

**ਪ੍ਰਸ਼ਨ 2. 'ਦੋਹਿਤਾ ਬਾਣੀ ਕਾ ਬੋਹਿਥਾ' ਕਿਸ ਨੇ, ਕਿਸ ਵਾਸਤੇ ਕਿਹਾ ਸੀ?**

**ਉੱਤਰ** : ਗੁਰੂ ਅਮਰਦਾਸ ਜੀ ਨੇ, ਗੁਰੂ ਅਰਜਨ ਦੇਵ ਜੀ ਵਾਸਤੇ।

**ਪ੍ਰਸ਼ਨ 3. ਗੁਰੂ ਰਾਮਦਾਸ ਜੀ ਨੇ ਗੁਰੂ ਅਰਜਨ ਦੇਵ ਜੀ ਦੇ ਕਿਹੜੇ ਗੁਣਾਂ ਨੂੰ ਦੇਖ ਕੇ ਉਹਨਾਂ ਨੂੰ ਗੁਰਗੱਦੀ ਦੇ ਲਾਇਕ ਸਮਝਿਆ?**

**ਉੱਤਰ** : ਗੁਰੂ ਰਾਮਦਾਸ ਜੀ ਨੇ ਗੁਰੂ ਅਰਜਨ ਦੇਵ ਜੀ ਦੇ (ੳ) ਬਾਣੀ ਨਾਲ ਪਿਆਰ, (ਅ) ਪ੍ਰਭੂ ਨਾਲ ਪਿਆਰ, (ੲ) ਅਗਿਆਕਾਰਤਾ, (ਸ) ਨਿਰਮਾਣਤਾ (ਹ) ਸੇਵਾ ਭਾਵਨਾ, (ਕ) ਗੁਰਸਿੱਖੀ ਦੇ ਪ੍ਰਚਾਰ ਦੀ ਲਗਨ ਆਦਿਕ ਗੁਣਾਂ ਨੂੰ ਦੇਖ ਕੇ ਉਨ੍ਹਾਂ ਨੂੰ ਗੁਰਗੱਦੀ ਦੇ ਯੋਗ ਸਮਝਿਆ।

**ਪ੍ਰਸ਼ਨ 4. ਗੋਇੰਦਵਾਲ ਪਹੁੰਚ ਕੇ ਭੱਟਾਂ ਨੂੰ ਹੈਰਾਨੀ ਕਿਉਂ ਹੋਈ?**

**ਉੱਤਰ** : ਰਸਤੇ ਵਿਚ ਸਿੱਖ ਸੰਗਤਾਂ ਤੋਂ ਗੁਰੂ ਪਾਤਸ਼ਾਹ ਦੀ ਸਿਫ਼ਤ ਸਲਾਹ ਦੀਆਂ ਅਨੇਕ ਗੱਲਾਂ ਸੁਣਨ ਤੋਂ ਬਾਅਦ ਭੱਟਾਂ ਦਾ ਅਨੁਮਾਨ ਸੀ ਕਿ ਗੁਰੂ ਕੋਈ ਵਡੇਰੀ ਉਮਰ ਦਾ ਇਨਸਾਨ ਹੋਵੇਗਾ, ਪਰ 18 ਸਾਲ ਦੀ ਉਮਰ ਦੇ ਗੁਰੂ ਅਰਜਨ ਦੇਵ ਜੀ ਨੂੰ ਤਖ਼ਤ 'ਤੇ ਦੇਖ ਕੇ ਹੈਰਾਨ ਹੋ ਗਏ ਅਤੇ ਉਹ ਵੀ ਗ੍ਰਿਹਸਤੀਆਂ ਦੇ ਵੇਸ ਵਿਚ।

**ਪ੍ਰਸ਼ਨ 5. ਭੱਟਾਂ ਨੇ ਗੁਰੂ ਅਰਜਨ ਦੇਵ ਜੀ ਦੀ ਉਸਤਤਿ ਵਿਚ ਕੁਲ ਕਿਤਨੇ ਸਵੱਈਏ ਰਚੇ ਹਨ?**

ਉੱਤਰ : 21 ਸਵੱਈਏ।

**ਪ੍ਰਸ਼ਨ 6. ਕੀਰਤਨ ਕਰਦੇ ਸਮੇਂ ਗੁਰੂ ਜੀ ਕਿਹੜਾ ਸਾਜ਼ ਵਜਾਂਦੇ ਸਨ?**

ਉੱਤਰ : ਸਿਰੰਦਾ।

**ਪ੍ਰਸ਼ਨ 7. ਕਿਹੜੇ ਦੋ ਭਰਾ, ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਕੀਰਤਨ ਕਰਿਆ ਕਰਦੇ ਸਨ?**

ਉੱਤਰ : ਭਾਈ ਬਲਵੰਡ ਅਤੇ ਭਾਈ ਸੱਤਾ।

**ਪ੍ਰਸ਼ਨ 8. ਭਾਈ ਸੱਤੇ ਅਤੇ ਬਲਵੰਡ ਨੂੰ ਕਿਸ ਨੇ ਗੁਰੂ ਅਰਜਨ ਦੇਵ ਜੀ ਦੇ ਵਿਰੁੱਧ ਭੜਕਾਇਆ ਸੀ?**

ਉੱਤਰ : ਪ੍ਰਿਥੀ ਚੰਦ ਨੇ।

**ਪ੍ਰਸ਼ਨ 9. ਕਿਹੜੇ ਪ੍ਰਮੁੱਖ ਗੁਰਸਿੱਖਾਂ ਦੀਆਂ ਕੋਸ਼ਿਸ਼ਾਂ ਸਦਕਾ ਗੁਰੂ ਦੇ ਲੰਗਰ ਦੀ, ਪ੍ਰਿਥੀ ਚੰਦ ਵਲੋਂ ਲਗਾਈ ਹੋਈ ਨਾਕਾਬੰਦੀ ਤੋੜੀ ਗਈ ਸੀ?**

ਉੱਤਰ : ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਦੀਆਂ ਕੋਸ਼ਿਸ਼ਾਂ ਸਦਕਾ।

**ਪ੍ਰਸ਼ਨ 10. ਗੁਰੂ ਅਰਜਨ ਦੇਵ ਜੀ ਕੋਲੋਂ ਮੁਆਫ਼ੀ ਦੁਆਉਣ ਲਈ ਭਾਈ ਸੱਤਾ ਤੇ ਭਾਈ ਬਲਵੰਡ ਨੂੰ ਆਪਣੇ ਨਾਲ ਅੰਮ੍ਰਿਤਸਰ ਲੈ ਕੇ ਕੌਣ ਆਇਆ ਸੀ?**

ਉੱਤਰ : ਭਾਈ ਲੱਧਾ ਜੀ।

**ਪ੍ਰਸ਼ਨ 11. ਅੰਮ੍ਰਿਤਸਰ ਸ਼ਹਿਰ ਦੀ ਉਸਾਰੀ ਸਮੇਂ ਕਿਹੜਾ ਸਰੋਵਰ ਸਭ ਤੋਂ ਪਹਿਲਾਂ ਬਣ ਕੇ ਤਿਆਰ ਹੋਇਆ?**

ਉੱਤਰ : ਸੰਤੋਖ-ਸਰ ਸਰੋਵਰ।

**ਪ੍ਰਸ਼ਨ 12. ਸਾਈਂ ਮੀਆਂ ਮੀਰ ਦਾ ਅਸਲੀ ਨਾਮ ਕੀ ਸੀ?**

ਉੱਤਰ : ਸ਼ੇਖ ਮੁਹੰਮਦ ਮੀਰ ਸ਼ਾਹ।

**ਪ੍ਰਸ਼ਨ 13. ਗੁਰੂ ਅਰਜਨ ਦੇਵ ਜੀ ਨੇ ਲਾਹੌਰ ਵਿਚ ਕਾਲਪੀੜਤਾਂ ਦੀ ਲਗਾਤਾਰ ਕਿਤਨਾ ਚਿਰ ਹੱਥੀਂ ਸੇਵਾ ਕੀਤੀ?**

ਉੱਤਰ : ਅੱਠ ਮਹੀਨੇ।

**ਪ੍ਰਸ਼ਨ 14. ਕਿਸ ਦੇ ਕਹਿਣ 'ਤੇ ਅਕਬਰ ਨੇ ਪੰਜਾਬ ਦਾ ਮਾਮਲਾ ਇਕ ਸਾਲ ਲਈ ਮੁਆਫ਼ ਕਰ ਦਿੱਤਾ ਸੀ?**

ਉੱਤਰ : ਗੁਰੂ ਅਰਜਨ ਦੇਵ ਜੀ ਦੇ ਕਹਿਣ 'ਤੇ।



**ਪ੍ਰਸ਼ਨ 15. ਪ੍ਰਿਥੀ ਚੰਦ ਨੇ ਹਰਿਮੰਦਰ ਸਾਹਿਬ ਦੇ ਮੁਕਾਬਲੇ ਵਿਚ ਕਿਹੜਾ ਸਰੋਵਰ ਤਿਆਰ ਕੀਤਾ?**

ਉੱਤਰ : ਦੂਖ ਨਿਵਾਰਨ।

**ਪ੍ਰਸ਼ਨ 16. ਪ੍ਰਿਥੀ ਚੰਦ ਗੁਰੂ ਸਾਹਿਬ ਨੂੰ ਡਰਾਉਣ ਧਮਕਾਉਣ ਦੇ ਇਰਾਦੇ ਨਾਲ ਕਿਹੜੇ ਮੁਗ਼ਲ ਜਰਨੈਲ ਨੂੰ ਲੈ ਕੇ ਆਇਆ ਅਤੇ ਉਸ ਦਾ ਕੀ ਹਸ਼ਰ ਹੋਇਆ?**

ਉੱਤਰ : (ੳ) ਸੁਲਹੀ ਖ਼ਾਨ ਨੂੰ (ਅ) ਸੁਲਹੀ ਖ਼ਾਨ ਆਪਣੇ ਘੋੜੇ ਸਮੇਤ ਬਲਦੇ ਭੱਠੇ ਵਿਚ ਡਿੱਗ ਕੇ ਸੁਆਹ ਹੋ ਗਿਆ।

**ਪ੍ਰਸ਼ਨ 17. ਗੁਰੂ ਅਰਜਨ ਦੇਵ ਜੀ ਦੀ ਆਗਿਆ ਅਨੁਸਾਰ, ਕਿਸ ਦੀ ਨਿਗਰਾਨੀ ਹੇਠ ਆਦਿ ਬੀੜ ਦੇ ਉਤਾਰੇ ਕਰਵਾਏ ਗਏ?**

ਉੱਤਰ : ਭਾਈ ਬੰਨੋ ਜੀ ਦੀ ਨਿਗਰਾਨੀ ਹੇਠ।

**ਪ੍ਰਸ਼ਨ 18. ਗੁਰੂ ਜੀ ਨੇ ਭਾਈ ਬਹਿਲੋ ਨੂੰ ਕੀ ਆਖ ਕੇ ਉਹਨਾਂ ਦਾ ਸਤਿਕਾਰ ਕੀਤਾ?**

ਉੱਤਰ : ਭਾਈ ਬਹਿਲੋ, ਸਭ ਤੋਂ ਪਹਿਲੋਂ।

**ਪ੍ਰਸ਼ਨ 19. ਕਾਹਨਾ, ਪੀਲੋ, ਛੱਜੂ ਸ਼ਾਹ ਹੁਸੈਨ ਆਦਿਕ ਭਗਤਾਂ ਦੀਆਂ ਰਚਨਾਵਾਂ ਨੂੰ ਗੁਰੂ ਅਰਜਨ ਦੇਵ ਜੀ ਨੇ ਆਦਿ ਬੀੜ ਵਿਚ ਸ਼ਾਮਲ ਕਿਉਂ ਨਹੀਂ ਕੀਤਾ?**

ਉੱਤਰ : ਕਿਉਂਕਿ ਉਹ ਗੁਰਮਤਿ ਦੇ ਸਿਧਾਂਤਾਂ ਤੋਂ ਉਲਟ ਸਨ।

**ਪ੍ਰਸ਼ਨ 20. ਬਨਾਰਸ ਤੋਂ ਆਏ ਪੰਡਿਤ ਨੂੰ ਗੁਰੂ ਜੀ ਨੇ ਕੀ ਸਿੱਖਿਆ ਦਿੱਤੀ?**

ਉੱਤਰ : ਗੁਰੂ ਜੀ ਨੇ ਸਮਝਾਇਆ ਕਿ ਜੇ ਧਰਮ ਗ੍ਰੰਥਾਂ ਵਿਚ ਸ਼ਰਧਾ ਹੀ ਨਹੀਂ ਤਾਂ ਉਨ੍ਹਾਂ ਨੂੰ ਪੜ੍ਹਨ-ਪੜ੍ਹਾਉਣ ਦਾ ਕੋਈ ਲਾਭ ਨਹੀਂ।

**ਪ੍ਰਸ਼ਨ 21. ਗੁਰੂ ਅਰਜਨ ਦੇਵ ਜੀ ਨੇ ਕਿਤਨੇ ਰਾਗਾਂ ਵਿਚ ਬਾਣੀ ਉਚਾਰਨ ਕੀਤੀ ਹੈ?**

ਉੱਤਰ : 30 ਰਾਗਾਂ ਵਿਚ।

**ਪ੍ਰਸ਼ਨ 22. ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਦੀਆਂ ਕਿੰਨੀਆਂ ਵਾਰਾਂ ਕਿਹੜੇ-ਕਿਹੜੇ ਰਾਗ ਵਿਚ ਦਰਜ ਹਨ?**

ਉੱਤਰ : ਛੇ ਵਾਰਾਂ ਹਨ ਜੋ ਗਉੜੀ, ਗੂਜਰੀ, ਜੈਤਸਰੀ, ਰਾਮਕਲੀ, ਮਾਰੂ ਅਤੇ ਬਸੰਤ ਰਾਗ ਵਿਚ ਦਰਜ ਹਨ।

**ਪ੍ਰਸ਼ਨ 23. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ, ਉਚੇਚੀਆਂ ਬਾਣੀਆਂ ਕਿਹੜੀਆਂ-ਕਿਹੜੀਆਂ ਹਨ?**

ਉੱਤਰ : (ੳ) ਪਹਰੇ; (ਅ) ਬਾਰਹਮਾਹਾ (ਮਾਝ); (ੲ) ਦਿਨ ਰੈਣਿ (ਸ) ਬਾਵਨ ਅਖਰੀ (ਹ) ਸੁਖਮਨੀ (ਕ) ਥਿਤੀ (ਖ) ਬਿਰਹੜੇ (ਗ) ਗੁਣਵੰਤੀ (ਘ) ਅੰਜੁਲੀਆਂ (ਙ) ਸੋਲਹੇ (ਚ) ਸਲੋਕ ਸਹਸਕ੍ਰਿਤੀ (ਛ) ਗਾਥਾ (ਜ) ਫੁਨਹੇ (ਝ) ਚਉਬੋਲੇ (ਞ) ਸਵੱਯੇ।

**ਪ੍ਰਸ਼ਨ 24. ਸ਼ੇਖ ਅਹਿਮਦ ਸਰਹੰਦੀ ਕਿਸ ਲਹਿਰ ਦਾ ਆਗੂ ਸੀ?**

ਉੱਤਰ : ਨਕਸ਼ਬੰਦੀ ਲਹਿਰ ਦਾ।

**ਪ੍ਰਸ਼ਨ 25. 'ਸਿਲਸਿਲਹ' ਕਿਸ ਨੂੰ ਕਿਹਾ ਜਾਂਦਾ ਸੀ?**

ਉੱਤਰ : ਸਿਲਸਿਲਾਹ ਸੂਫ਼ੀਆਂ ਦੇ ਉਸ ਡੇਰੇ ਅਥਵਾ ਅਖਾੜੇ ਨੂੰ ਕਿਹਾ ਜਾਂਦਾ ਸੀ ਜੋ ਇਸਲਾਮ ਦਾ ਪ੍ਰਚਾਰ ਕਰਦੇ ਸਨ।

**ਪ੍ਰਸ਼ਨ 26. ਕਿਸ ਦੀ ਸਹਾਇਤਾ ਨਾਲ ਸ਼ੇਖ ਅਹਿਮਦ ਸਰਹੰਦੀ ਨੇ ਰਾਜ ਦਰਬਾਰ ਵਿਚ ਆਪਣੇ ਲਈ ਕਈ ਹਮਾਇਤੀ ਬਣਾਏ?**

ਉੱਤਰ : ਸ਼ੇਖ ਫਰੀਦ ਬੁਖ਼ਾਰੀ ਦੀ ਸਹਾਇਤਾ ਨਾਲ।

**ਪ੍ਰਸ਼ਨ 27. ਕੀ ਸ਼ੇਖ ਅਹਿਮਦ ਸਰਹੰਦੀ ਅਤੇ ਉਸ ਦੇ ਹਮਾਇਤੀ ਦਰਬਾਰੀ, ਅਕਬਰ ਦੀ ਧਰਮ-ਨਿਰਪੱਖਤਾ ਦੀ ਨੀਤੀ ਤੋਂ ਖੁਸ਼ ਸਨ? ਉਹ ਕੀ ਚਾਹੁੰਦੇ ਸਨ?**

ਉੱਤਰ : (ੳ) ਨਹੀਂ, (ਅ) ਉਹ ਚਾਹੁੰਦੇ ਸਨ ਕਿ ਅਕਬਰ ਤੋਂ ਬਾਅਦ ਕੋਈ ਅਜਿਹਾ ਬਾਦਸ਼ਾਹ ਗੱਦੀ 'ਤੇ ਬੈਠੇ ਜਿਸਦੀ ਸਹਾਇਤਾ ਨਾਲ ਹਿੰਦੁਸਤਾਨ ਵਿਚ ਸਾਰੀਆਂ ਗ਼ੈਰ-ਇਸਲਾਮੀ ਤਾਕਤਾਂ ਦਾ ਸਿਰ ਫੇਹ ਦਿੱਤਾ ਜਾਵੇ।

**ਪ੍ਰਸ਼ਨ 28. ਚੰਦੂ ਸ਼ਾਹ ਲਾਹੌਰ ਦੇ ਦਰਬਾਰ ਵਿਚ ਕਿਸ ਅਹੁਦੇ 'ਤੇ ਸੀ?**

ਉੱਤਰ : ਚੰਦੂ ਸ਼ਾਹ ਲਾਹੌਰ ਦਰਬਾਰ ਵਿਚ ਕੋਈ ਛੋਟਾ-ਮੋਟਾ ਅਧਿਕਾਰੀ ਸੀ ਜਿਸ ਕੋਲ ਕੋਈ ਵਿਸ਼ੇਸ਼ ਅਹੁਦਾ ਨਹੀਂ ਸੀ।

**ਪ੍ਰਸ਼ਨ 29. ਅਕਬਰ ਆਪਣੇ ਪੁੱਤਰ ਸਲੀਮ (ਜਹਾਂਗੀਰ) ਨੂੰ ਰਾਜ ਗੱਦੀ ਦੇ ਯੋਗ ਕਿਉਂ ਨਹੀਂ ਸੀ ਸਮਝਦਾ?**

ਉੱਤਰ : ਕਿਉਂਕਿ ਉਹ ਪਰਲੇ ਦਰਜੇ ਦਾ ਸ਼ਰਾਬੀ ਤੇ ਅੱਯਾਸ਼ ਸੀ।

**ਪ੍ਰਸ਼ਨ 30. ਸਲੀਮ, ਸ਼ੇਖ ਅਹਿਮਦ ਸਰਹੰਦੀ ਅਤੇ ਉਸ ਦੇ ਮਿੱਤਰਾਂ ਦੀ ਹਮਾਇਤ ਕਿਸ ਮੰਤਵ ਲਈ ਲੈਣਾ ਚਾਹੁੰਦਾ ਸੀ?**

ਉੱਤਰ : ਕੇਵਲ ਤਖ਼ਤ ਹਾਸਿਲ ਕਰਨ ਲਈ।



**ਪ੍ਰਸ਼ਨ 31. ਖੁਸਰੋ ਦੀ ਬਗ਼ਾਵਤ ਤੋਂ ਬਾਅਦ ਜਹਾਂਗੀਰ ਨੇ ਉਸ ਦੇ ਹਮਾਇਤੀਆਂ ਨਾਲ ਕੀ ਸਲੂਕ ਕੀਤਾ?**

ਉੱਤਰ : ਉਹਨਾਂ ਸਾਰਿਆਂ ਨੂੰ ਸਖ਼ਤ ਤਸੀਹੇ ਦੇ ਕੇ ਮਾਰ ਦਿੱਤਾ ਗਿਆ।

**ਪ੍ਰਸ਼ਨ 32. ਜਹਾਂਗੀਰ ਕੋਲ ਗੁਰੂ ਅਰਜਨ ਦੇਵ ਜੀ ਦੀ ਕਿਸ ਨੇ ਸ਼ਿਕਾਇਤ ਕੀਤੀ?**

ਉੱਤਰ : ਸ਼ੇਖ ਅਹਿਮਦ ਸਰਹੰਦੀ, ਸ਼ੇਖ ਫਰੀਦ ਬੁਖਾਰੀ ਅਤੇ ਉਹਨਾਂ ਦੇ ਹਮਾਇਤੀਆਂ ਨੇ।

**ਪ੍ਰਸ਼ਨ 33. ਗੁਰੂ ਜੀ 'ਤੇ ਕੀ ਦੂਸ਼ਨ ਲਗਾਇਆ ਗਿਆ ਸੀ?**

ਉੱਤਰ : ਗੁਰੂ ਜੀ 'ਤੇ ਇਹ ਦੂਸ਼ਨ ਸੀ ਕਿ ਉਹਨਾਂ ਨੇ ਖੁਸਰੋ ਨੂੰ ਜਹਾਂਗੀਰ ਦੇ ਖਿਲਾਫ ਬਗ਼ਾਵਤ ਵੇਲੇ ਆਸਰਾ ਦਿੱਤਾ ਅਤੇ ਮਦਦ ਕੀਤੀ ਅਤੇ ਉਸ ਨੂੰ ਜੇਤੂ ਹੋਣ ਦਾ ਆਸ਼ੀਰਵਾਦ ਵੀ ਦਿੱਤਾ।

**ਪ੍ਰਸ਼ਨ 34. ਕੀ ਅਸਲੀਅਤ ਵਿਚ ਖੁਸਰੋ, ਗੁਰੂ ਜੀ ਨੂੰ ਮਿਲਿਆ ਸੀ?**

ਉੱਤਰ : ਨਹੀਂ, ਕਿਉਂਕਿ ਜਦ ਖੁਸਰੋ ਗੋਇੰਦਵਾਲ ਦੇ ਕੋਲੋਂ ਲੰਘਿਆ ਸੀ ਉਸ ਵੇਲੇ ਗੁਰੂ ਜੀ ਤਰਨਤਾਰਨ ਵਿਖੇ ਸਨ।

**ਪ੍ਰਸ਼ਨ 35. ਕਿਸ ਨੇ, ਆਪਣੀ ਕਿਸ ਕਿਤਾਬ ਵਿਚ, ਗੁਰੂ ਘਰ ਨੂੰ "ਝੂਠ ਦੀ ਦੁਕਾਨ" ਕਿਹਾ ਹੈ?**

ਉੱਤਰ : ਜਹਾਂਗੀਰ ਨੇ ਆਪਣੀ ਪੁਸਤਕ 'ਤੁਜ਼ਕਿ-ਜਹਾਂਗੀਰੀ' ਵਿਚ।

**ਪ੍ਰਸ਼ਨ 36. ਜਹਾਂਗੀਰ ਤੋਂ ਪਹਿਲਾਂ ਕਿਹੜੇ ਮੁਗ਼ਲ ਬਾਦਸ਼ਾਹ ਗੁਰੂ ਘਰ ਦੇ ਸ਼ਰਧਾਲੂ ਸਨ ਅਤੇ ਇਥੇ ਆ ਕੇ ਮਾਨਸਿਕ ਸ਼ਾਂਤੀ ਪ੍ਰਾਪਤ ਕਰਦੇ ਸਨ?**

ਉੱਤਰ : ਹਿਮਾਯੂੰ ਅਤੇ ਅਕਬਰ।

**ਪ੍ਰਸ਼ਨ 37. ਗੁਰੂ ਅਰਜਨ ਦੇਵ ਜੀ ਨੂੰ ਗ੍ਰਿਫ਼ਤਾਰ ਅਤੇ ਸ਼ਹੀਦ ਕਰਨ ਦਾ ਹੁਕਮ ਕਿਸ ਨੇ ਦਿੱਤਾ?**

ਉੱਤਰ : ਜਹਾਂਗੀਰ ਨੇ।

**ਪ੍ਰਸ਼ਨ 38. ਇਸ ਹੁਕਮ ਨੂੰ ਕਿਸ ਮੁਗ਼ਲ ਜਰਨੈਲ ਨੇ ਆਪਣੀ ਨਿਗਰਾਨੀ ਵਿਚ ਪੂਰਾ ਕੀਤਾ?**

ਉੱਤਰ : ਮੁਰਤਜ਼ਾ ਖ਼ਾਨ ਨੇ।

**ਪ੍ਰਸ਼ਨ 39. ਮੁਰਤਜ਼ਾ ਖ਼ਾਨ ਨੇ ਗੁਰੂ ਜੀ ਨੂੰ ਤਸੀਹੇ ਦੇਣ ਲਈ ਕਿਸ ਦੇ ਹਵਾਲੇ ਕੀਤਾ?**

ਉੱਤਰ : ਚੰਦੂ ਸ਼ਾਹ ਦੇ।

**ਪ੍ਰਸ਼ਨ 40. ਪਹਿਲੇ ਦਿਨ ਗੁਰੂ ਜੀ ਨੂੰ ਕੀ ਤਸੀਹੇ ਦਿੱਤੇ ਗਏ?**

ਉੱਤਰ : ਪਹਿਲੇ ਦਿਨ ਗੁਰੂ ਜੀ ਨੂੰ ਉਬਲਦੇ ਪਾਣੀ ਵਿਚ ਬਿਠਾਇਆ ਗਿਆ।

**ਪ੍ਰਸ਼ਨ 41. ਦੂਸਰੇ ਦਿਨ ਗੁਰੂ ਜੀ ਨੂੰ ਕਿਹੜੇ ਤਸੀਹੇ ਦਿੱਤੇ ਗਏ?**

ਉੱਤਰ : ਅਗਲੇ ਦਿਨ ਗੁਰੂ ਜੀ ਦੇ ਨੰਗੇ ਸਰੀਰ 'ਤੇ ਗਰਮ-ਗਰਮ ਰੇਤ ਪਾਈ ਗਈ ਤੇ ਉਸਦੇ ਮਗਰੋਂ ਲੋਹ (ਤਵੀ) ਉਤੇ ਬਿਠਾ ਕੇ ਹੇਠਾਂ ਅੱਗ ਦੇ ਭਾਂਬੜ ਬਾਲੇ ਗਏ।

**ਪ੍ਰਸ਼ਨ 42. ਇਤਨੇ ਕਸ਼ਟ ਸਹਾਰਦੇ ਸਮੇਂ ਗੁਰੂ ਜੀ ਕੀ ਕਰਦੇ ਰਹੇ?**

ਉੱਤਰ : ਏਨੇ ਕਸ਼ਟਾਂ ਵਿਚ ਵੀ ਆਪ ਜੀ ਦੀ ਸੁਰਤ ਪ੍ਰਭੂ-ਚਰਨਾਂ ਨਾਲ ਜੁੜੀ ਰਹੀ ਤੇ ਆਪ ਬਾਣੀ ਦਾ ਪਾਠ ਕਰਦੇ ਰਹੇ।

**ਪ੍ਰਸ਼ਨ 43. ਅੰਤ ਵਿਚ ਗੁਰੂ ਜੀ ਨੂੰ ਕਿਸ ਦਰਿਆ ਵਿਚ ਸੁਟਵਾ ਦਿੱਤਾ ਗਿਆ?**

ਉੱਤਰ : ਰਾਵੀ ਦਰਿਆ ਵਿਚ।

## ਸ਼ਹੀਦੀ ਸ੍ਰੀ ਗੁਰੂ ਅਰਜਨ ਦੇਵ ਜੀ

**ਪ੍ਰਸ਼ਨ 1. ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਪ੍ਰੋਫੈਸਰ ਹਬੀਬ ਨੇ ਗੌਰਵ ਭਰੇ ਸਿੱਖ ਇਤਿਹਾਸ ਬਾਰੇ ਕੀ ਕਿਹਾ ਸੀ?**

ਉੱਤਰ : "ਸਿੱਖਾਂ ਨੇ ਇਤਿਹਾਸ ਬਣਾਇਆ ਅਵੱਸ਼ ਹੈ ਪਰ ਲਿਖਿਆ ਨਹੀਂ।"

**ਪ੍ਰਸ਼ਨ 2. ਹਿੰਦੂ ਲਿਖਾਰੀ, ਸਿੱਖੀ ਦੇ ਸ਼ਰਧਾਲੂ ਤੇ ਪ੍ਰਸ਼ੰਸਕ ਦੀ ਸ਼ਕਲ ਧਾਰ ਕੇ ਮਿੱਠੀ ਛੁਰੀ ਕਿਵੇਂ ਚਲਾਉਂਦੇ ਹਨ?**

ਉੱਤਰ : ਇਹ ਲਿਖਾਰੀ ਸਿੱਖ ਮੱਤ ਨੂੰ ਹਿੰਦੂ ਮੱਤ ਦੀ ਸ਼ਾਖ ਦੱਸ ਕੇ, ਸਿੱਖ ਸਤਿਗੁਰੂ ਸਾਹਿਬਾਨ ਨੂੰ ਹਿੰਦੂ ਰੂਪ ਵਿਚ ਪੇਸ਼ ਕਰਕੇ, ਸਿੱਖ ਧਰਮ ਦੀ ਸੁਤੰਤਰ ਤੇ ਆਜ਼ਾਦ ਹੋਂਦ ਦਾ ਵਿਰੋਧ ਕਰਦੇ ਹਨ।

**ਪ੍ਰਸ਼ਨ 3. ਧਰਮ ਲਈ ਸ਼ਰਧਾ ਦੇ ਨਾਲ ਹੋਰ ਕਿਸ ਮਹੱਤਵਪੂਰਨ ਚੀਜ਼ ਦੀ ਜ਼ਰੂਰਤ ਹੈ?**

ਉੱਤਰ : ਬਿਬੇਕ ਬੁੱਧੀ ਦੀ।

**ਪ੍ਰਸ਼ਨ 4. ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਦਾ ਮੂਲ ਕਾਰਨ ਲਿਖੋ।**

ਉੱਤਰ : ਗੁਰੂ ਜੀ ਦੀ ਸ਼ਹਾਦਤ ਦਾ ਮੂਲ ਕਾਰਨ ਹਾਕਮ ਕੌਮ ਦੇ ਉਹ ਮੁਤਅਸਬੀ ਅਤੇ ਜਨੂੰਨੀ ਮੁਸਲਮਾਨ ਸਨ, ਜਿਨ੍ਹਾਂ ਦਾ ਮੁਖੀ ਸ਼ੇਖ ਅਹਿਮਦ ਸਰਹੰਦੀ ਸੀ।

**ਪ੍ਰਸ਼ਨ 5. ਸ਼ੇਖ ਫਰੀਦ ਜੀ, ਸੂਫੀਆਂ ਦੇ ਕਿਸ ਸਿਲਸਿਲਹ ਨਾਲ ਸੰਬੰਧਤ ਸਨ?**

ਉੱਤਰ : ਚਿਸ਼ਤੀ ਸਿਲਸਿਲਹ ਨਾਲ।



**ਪ੍ਰਸ਼ਨ 6. ਸੂਫੀਆਂ ਦੇ ਚਿਸ਼ਤੀ ਸਿਲਸਿਲੇ ਨਾਲ ਸੰਬੰਧਤ ਹੋਰ ਦੋ ਪ੍ਰਸਿੱਧ ਸ਼ਖ਼ਸੀਅਤਾਂ ਦੇ ਨਾਮ ਲਿਖੋ, ਜਿਹੜੇ ਸਿੱਖੀ ਨਾਲ ਹਿਤ ਰੱਖਦੇ ਸਨ?**

ਉੱਤਰ : ਹਜ਼ਰਤ ਮੀਆਂ ਮੀਰ ਜੀ ਅਤੇ ਪੀਰ ਬੁੱਧੂ ਸ਼ਾਹ ਜੀ।

**ਪ੍ਰਸ਼ਨ 7. ਸੂਫੀਆਂ ਦੇ ਨਕਸ਼ਬੰਦੀ ਅਖਾੜੇ ਨੂੰ ਹਿੰਦੁਸਤਾਨ ਕੌਣ ਲੈ ਕੇ ਆਇਆ?**

ਉੱਤਰ : ਖਵਾਜ਼ਾ ਮੁਹੰਮਦ ਬਾਕੀਬਿਲਾ।

**ਪ੍ਰਸ਼ਨ 8. ਚਿਸ਼ਤੀ ਸਿਲਸਿਲੇ ਦਾ ਧਰਮ ਸਿਧਾਂਤ ਕੀ ਸੀ?**

ਉੱਤਰ : ਸ਼ਾਂਤੀ ਪੂਰਵਕ ਧਰਮ ਪ੍ਰਚਾਰ ਕਰਨਾ।

**ਪ੍ਰਸ਼ਨ 9. ਨਕਸ਼ਬੰਦੀ ਸਿਲਸਿਲੇ ਦਾ ਧਰਮ ਸਿਧਾਂਤ ਕੀ ਸੀ?**

ਉੱਤਰ : ਧਰਮ ਪ੍ਰਚਾਰ ਲਈ ਰਾਜ ਸ਼ਕਤੀ ਨੂੰ ਹਰ ਤਰੀਕੇ ਨਾਲ ਵਰਤਣਾ।

**ਪ੍ਰਸ਼ਨ 10. ਸ਼ੇਖ ਅਹਿਮਦ ਸਰਹੰਦੀ, ਸੂਫੀਆਂ ਦੇ ਕਿਸ ਸਿਲਸਿਲੇ ਨਾਲ ਸੰਬੰਧਤ ਸੀ?**

ਉੱਤਰ : ਨਕਸ਼ਬੰਦੀ ਸਿਲਸਿਲੇ ਨਾਲ।

**ਪ੍ਰਸ਼ਨ 11. ਸ਼ੇਖ ਅਹਿਮਦ ਸਰਹੰਦੀ ਦਾ ਖਵਾਜ਼ਾ ਮੁਹੰਮਦ ਬਾਕੀਬਿਲਾ ਨਾਲ ਕੀ ਸੰਬੰਧ ਸੀ?**

ਉੱਤਰ : ਉਹ ਖਵਾਜ਼ਾ ਮੁਹੰਮਦ ਬਾਕੀਬਿਲਾ ਦਾ ਸੇਵਕ ਸੀ।

**ਪ੍ਰਸ਼ਨ 12. ਅਕਬਰ ਦੇ ਪ੍ਰਭਾਵਸ਼ਾਲੀ ਦਰਬਾਰੀ, ਸ਼ੇਖ ਫਰੀਦ ਬੁਖਾਰੀ ਦਾ ਸ਼ੇਖ ਅਹਿਮਦ ਸਰਹੰਦੀ ਨਾਲ ਕੀ ਸੰਬੰਧ ਸੀ?**

ਉੱਤਰ : ਸ਼ੇਖ ਫਰੀਦ ਬੁਖਾਰੀ, ਸ਼ੇਖ ਅਹਿਮਦ ਸਰਹੰਦੀ ਦਾ ਸ਼ਰਧਾਲੂ ਸੀ ਅਤੇ ਉਸਦੀ ਗੱਲ ਮੰਨਦਾ ਸੀ।

**ਪ੍ਰਸ਼ਨ 13. ਸ਼ੇਖ ਅਹਿਮਦ ਸਰਹੰਦੀ ਦੀਆਂ ਸਰਗਰਮੀਆਂ ਅਤੇ ਗੁਰੂ ਅਰਜਨ ਦੇਵ ਪਾਤਸ਼ਾਹ ਦੀ ਸ਼ਹਾਦਤ ਕਰਵਾਉਣ ਦੇ ਨਿਭਾਏ ਰੋਲ ਦਾ ਪਤਾ ਕਿੱਥੋਂ ਲਗਦਾ ਹੈ?**

ਉੱਤਰ : ਸ਼ੇਖ ਅਹਿਮਦ ਦੇ ਪੱਤ੍ਰਿਕਾ-ਸੰਗ੍ਰਹਿ "ਮਕਤੂਬਾਤਿ-ਇਮਾਮਿ-ਰਬਾਨੀ" ਤੋਂ।

**ਪ੍ਰਸ਼ਨ 14. ਜਹਾਂਗੀਰ ਨੇ ਤਖ਼ਤ ਹਾਸਲ ਕਰਨ ਲਈ ਸ਼ੇਖ ਅਹਿਮਦ ਸਰਹੰਦੀ ਵਰਗੇ ਕੱਟੜ ਮੁਸਲਮਾਨਾਂ ਨੂੰ ਆਪਣੀ ਸਹਾਇਤਾ ਲਈ ਕਿਵੇਂ ਗੰਢਿਆ?**

ਉੱਤਰ : ਉਹਨਾਂ ਦੀ ਕੱਟੜ ਮੁਸਲਿਮ ਨੀਤੀ ਲਾਗੂ ਕਰਨ ਦਾ ਭਰੋਸਾ ਦੇ ਕੇ।

**ਪ੍ਰਸ਼ਨ 15. ਸ਼ੇਖ ਅਹਿਮਦ ਸਰਹੰਦੀ ਨੇ ਜਹਾਂਗੀਰ ਨੂੰ ਤਖ਼ਤ ਹਾਸਲ ਕਰਨ ਲਈ ਮਦਦ ਦੇਣ ਬਦਲੇ ਕਿਹੜੀ ਸ਼ਰਤ ਮਨਵਾਈ?**

**ਉੱਤਰ** : ਇਸਲਾਮ ਦੀ ਰਾਖੀ ਅਤੇ ਵਾਧੇ ਲਈ ਰਾਜ ਸ਼ਕਤੀ ਦੇ ਹਰ ਸਾਧਨ ਨੂੰ ਵਰਤਣ ਅਤੇ ਇਸਲਾਮ ਵਿਰੋਧੀ ਲੋਕਾਂ ਨੂੰ ਕੁਚਲਣ ਤੇ ਖ਼ਤਮ ਕਰਨ ਦੀ।

**ਪ੍ਰਸ਼ਨ 16. ਲਾਹੌਰ ਦਾ ਕਿਲ੍ਹਾ ਬਚਾਉਣ ਦੀ ਸੇਵਾ ਬਦਲੇ ਜਹਾਂਗੀਰ ਨੇ ਸ਼ੇਖ ਅਹਿਮਦ ਬੁਖਾਰੀ ਨੂੰ ਕਿਹੜਾ ਖ਼ਿਤਾਬ ਦਿੱਤਾ?**

**ਉੱਤਰ** : "ਮੁਰਤਜ਼ਾ-ਖਾਂ" ਦਾ ਖ਼ਿਤਾਬ।

**ਪ੍ਰਸ਼ਨ 17. ਖੁਸਰੋ ਦੀ ਬਗ਼ਾਵਤ ਤੋਂ ਬਾਅਦ ਉਹ ਕਿੱਥੇ ਤੇ ਕਦੋਂ ਫੜਿਆ ਗਿਆ?**

**ਉੱਤਰ** : ਦਰਿਆ ਚਨਾਬ ਪਾਰ ਕਰਨ ਸਮੇਂ ਉਹ 27 ਅਪ੍ਰੈਲ, ਸੰਨ 1606 ਨੂੰ ਫੜਿਆ ਗਿਆ।

**ਪ੍ਰਸ਼ਨ 18. ਗੁਰੂ ਜੀ ਦੀ ਸ਼ਹੀਦੀ ਨੇ ਸਿੱਖਾਂ ਨੂੰ ਕੀ ਸਿੱਖਿਆ ਦਿੱਤੀ?**

**ਉੱਤਰ** : ਗੁਰੂ ਜੀ ਨੇ ਲਾਸਾਨੀ ਸ਼ਹੀਦੀ ਦੇ ਕੇ ਸਿੱਖੀ ਦੇ ਵਿਕਾਸ ਲਈ ਬੇਪਨਾਹ ਕਸ਼ਟ ਸਹਿ ਸਕਣ ਅਤੇ ਸਦਾ ਚੜ੍ਹਦੀ ਕਲਾ ਤੇ ਵਾਧੇ ਵੱਲ ਜਾਣ ਦਾ ਅਮਲੀ ਸਬਕ ਸਿਖਾਇਆ।

**ਪ੍ਰਸ਼ਨ 19. "ਮਕਤੂਬਾਤਿ-ਇਮਾਮਿ-ਰਬਾਨੀ" ਸੰਗ੍ਰਹਿ ਦੀ ਕਿਸ ਚਿੱਠੀ ਤੋਂ ਗੁਰੂ ਜੀ ਨੂੰ ਸ਼ਹੀਦ ਕਰਵਾਉਣ ਦੀ ਸਾਜ਼ਿਸ਼ ਦਾ ਸਪੱਸ਼ਟ ਪਤਾ ਲਗਦਾ ਹੈ?**

**ਉੱਤਰ** : ਚਿੱਠੀ ਨੰਬਰ 193 ਤੋਂ, ਜਿਹੜੀ ਸ਼ੇਖ ਅਹਿਮਦ ਸਰਹੰਦੀ ਨੇ ਸ਼ੇਖ ਫਰੀਦ ਬੁਖਾਰੀ ਨੂੰ ਲਿਖੀ ਸੀ।

**ਪ੍ਰਸ਼ਨ 20. ਅਕਬਰ ਦੇ ਦਰਬਾਰੀ ਬੀਰਬਲ ਦਾ ਅਸਲ ਨਾਮ ਕੀ ਸੀ?**

**ਉੱਤਰ** : ਮਹੇਸ਼ ਦਾਸ ਬ੍ਰਾਹਮਣ।

**ਪ੍ਰਸ਼ਨ 21. ਬੀਰਬਲ ਦਾ ਸਿੱਖ ਧਰਮ ਪ੍ਰਤੀ ਕੀ ਰਵੱਈਆ ਸੀ?**

**ਉੱਤਰ** : ਬ੍ਰਾਹਮਣ ਹੋਣ ਕਰਕੇ, ਉਸ ਨੇ ਸਿੱਖ ਧਰਮ ਦੇ ਵਿਰੁੱਧ ਅਕਬਰ ਦੇ ਮਨ ਵਿਚ ਜ਼ਹਿਰ ਭਰਨ ਦੇ ਭਰਪੂਰ ਯਤਨ ਕੀਤੇ ਅਤੇ ਪ੍ਰਿਥੀ ਚੰਦ ਨੂੰ ਵੀ ਚੁੱਕਣ ਵਿਚ ਖਾਸਾ ਰੋਲ ਅਦਾ ਕੀਤਾ।

**ਪ੍ਰਸ਼ਨ 22. ਸਖੀ ਸਰਵਰ ਕੌਣ ਸਨ?**

**ਉੱਤਰ** : ਇਹ ਇਸਲਾਮ ਦਾ ਇਕ ਫਿਰਕਾ ਸੀ ਜਿਸ ਨੂੰ ਸੁਲਤਾਨ ਸੱਯਦ ਅਹਿਮਦ ਨੇ ਚਲਾਇਆ ਸੀ।



**ਪ੍ਰਸ਼ਨ 23. ਪੰਜਾਬ ਵਿਚ ਸਖੀ-ਸਰਵਰੀਆਂ ਦਾ ਵੱਡਾ ਕੇਂਦਰ ਕਿੱਥੇ ਸੀ?**

**ਉੱਤਰ** : ਤਰਨ ਤਾਰਨ ਨਗਰ ਤੋਂ ਅੱਠ ਕਿਲੋਮੀਟਰ ਦੂਰ।

**ਪ੍ਰਸ਼ਨ 24. ਸਖੀ ਸਰਵਰੀਏ ਫਕੀਰਾਂ ਦਾ ਸਿੱਖ ਧਰਮ ਪ੍ਰਤੀ ਕੀ ਰਵੱਈਆ ਸੀ?**

**ਉੱਤਰ** : ਤਰਨਤਾਰਨ ਵਾਲਾ ਸਿੱਖੀ ਪ੍ਰਚਾਰ ਕੇਂਦਰ ਇਨ੍ਹਾਂ ਨੂੰ ਬਹੁਤ ਚੁੱਭਦਾ ਸੀ ਅਤੇ ਇਹਨਾਂ ਨੇ ਸਿੱਖ ਧਰਮ ਵਿਰੁੱਧ ਜ਼ਹਿਰੀਲਾ ਪ੍ਰਚਾਰ ਕੀਤਾ।

**ਪ੍ਰਸ਼ਨ 25. ਗੁਰੂ ਜੀ ਨੇ ਚੰਦੂ ਸ਼ਾਹ ਦੀ ਲੜਕੀ ਦਾ ਰਿਸ਼ਤਾ ਨਾ ਮਨਜ਼ੂਰ ਕਿਉਂ ਕਰ ਦਿੱਤਾ?**

**ਉੱਤਰ** : ਗੁਰੂ ਜੀ ਨੇ ਚੰਦੂ ਸ਼ਾਹ ਦੀ ਹੰਕਾਰੀ ਅਤੇ ਨੀਚ ਬਿਰਤੀ ਕਾਰਨ, ਸੰਗਤਾਂ ਦੀ ਰਾਇ ਦਾ ਸਤਿਕਾਰ ਕਰਦੇ ਹੋਏ, ਰਿਸ਼ਤਾ ਨਾ-ਮਨਜ਼ੂਰ ਕਰ ਦਿੱਤਾ।

**ਪ੍ਰਸ਼ਨ 26. ਕੀ ਚੰਦੂ ਦੀ ਧੀ ਦਾ ਰਿਸ਼ਤਾ ਨਾ-ਮਨਜ਼ੂਰ ਕਰਨਾ ਗੁਰੂ ਜੀ ਦੀ ਸ਼ਹੀਦੀ ਦਾ ਮੂਲ ਕਾਰਨ ਸੀ?**

**ਉੱਤਰ** : ਨਹੀਂ ਜੀ।

**ਪ੍ਰਸ਼ਨ 27. ਗੁਰੂ ਅਰਜਨ ਦੇਵ ਜੀ ਦੇ ਸਮੇਂ ਕੱਟੜ ਮੁਸਲਮਾਨਾਂ ਤੋਂ ਬਿਨਾਂ ਹੋਰ ਕਿਹੜੇ ਗੁਰੂ ਘਰ ਦੇ ਵਿਰੋਧੀ ਸਨ?**

**ਉੱਤਰ** : 1. ਬ੍ਰਾਹਮਣ 2. ਮਹੇਸ਼ ਦਾਸ 3. ਸਖੀ ਸਰਵਰੀਏ 4. ਕਾਹਨਾ, ਪੀਲੋ ਆਦਿਕ ਭਗਤ 5. ਚੰਦੂ ਸ਼ਾਹ 6. ਪ੍ਰਿਥੀ ਚੰਦ।

## 6. ਗੁਰੂ ਹਰਿਗੋਬਿੰਦ ਸਾਹਿਬ

**ਪ੍ਰਸ਼ਨ 1. ਗੁਰੂ ਹਰਿਗੋਬਿੰਦ ਸਾਹਿਬ ਨੇ ਮਨੁੱਖਤਾ ਨੂੰ ਕੁਚਲੇ ਜਾਣ ਤੋਂ ਬਚਾਉਣ ਲਈ ਸਿੱਖਾਂ ਅੰਦਰ ਕਿਹੜਾ ਰਸ ਭਰਿਆ? ਇਸ ਰਸ ਦਾ ਕੀ ਮਨੋਰਥ ਸੀ?**

**ਉੱਤਰ** : (ੳ) ਬੀਰ ਰਸ (ਅ) ਜਿਸਦਾ ਮਨੋਰਥ 'ਨਾ ਕਿਸੇ ਨੂੰ ਡਰਾਉਣਾ ਤੇ ਨਾ ਕਿਸੇ ਤੋਂ ਡਰਨਾ' ਸੀ।

**ਪ੍ਰਸ਼ਨ 2. ਸਿੱਖਾਂ ਨੂੰ ਸ਼ਸਤਰ ਵਿੱਦਿਆ ਸਿਖਾਉਣ ਲਈ ਗੁਰੂ ਜੀ ਨੇ ਕਿੰਨੇ ਚੋਣਵੇਂ ਸੂਰਮੇ ਆਪਣੇ ਪਾਸ ਰੱਖੇ ਸਨ?**

**ਉੱਤਰ** : 52 ਸੂਰਮੇ।

**ਪ੍ਰਸ਼ਨ 3. ਸੂਰਮਿਆਂ ਦੀ ਬਹਾਦਰੀ ਦੇ ਕਰਤਬ ਜਿਸ ਦਿਲ-ਖਿੱਚਵੀਂ ਕਵਿਤਾ ਵਿਚ ਲਿਖੇ ਜਾਂਦੇ ਹਨ, ਉਨ੍ਹਾਂ ਨੂੰ ਕੀ ਕਹਿੰਦੇ ਹਨ?**

**ਉੱਤਰ** : 'ਵਾਰਾਂ'।

**ਪ੍ਰਸ਼ਨ 4. ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਜਿਸ ਢਾਡੀ ਨੇ ਪਹਿਲੀ ਵੇਰਾਂ 'ਵਾਰਾਂ' ਗਾਈਆਂ, ਉਸ ਦਾ ਨਾਮ ਲਿਖੋ।**

**ਉੱਤਰ** : ਢਾਡੀ ਅਬਦੁੱਲਾ।

**ਪ੍ਰਸ਼ਨ 5. ਕਰਤਾਰਪੁਰ ਦੇ ਨੇੜੇ ਪਿੰਡ ਵੱਡਾ ਮੀਰ ਦੇ ਜੋ ਪਠਾਨ ਗੁਰੂ ਜੀ ਕੋਲ ਭਰਤੀ ਹੋਏ ਉਹਨਾਂ ਵਿਚੋਂ ਸਿਰ-ਕੱਢ ਪਠਾਨ ਕੌਣ ਸੀ?**

**ਉੱਤਰ** : ਪੈਂਦੇ ਖ਼ਾਂ।

**ਪ੍ਰਸ਼ਨ 6. ਗੁਰੂ ਸਾਹਿਬ ਦੇ ਸਾਂਢੂ ਦਾ ਨਾਮ ਲਿਖੋ ਤੇ ਉਹ ਕਿੱਥੇ ਰਹਿੰਦਾ ਸੀ?**

**ਉੱਤਰ** : (ੳ) ਸਾਈਂ ਦਾਸ (ਅ) ਡਰੋਲੀ ਵਿਖੇ।

**ਪ੍ਰਸ਼ਨ 7. ਜਦੋਂ ਕਸ਼ਮੀਰ ਵਿਚ ਗਿਲ੍ਹਟੀ ਤਾਪ ਫੈਲ ਗਿਆ ਤਾਂ ਕਸ਼ਮੀਰੀਆਂ ਦੀ (ਸੰਨ 1620 ਵਿਚ) ਕਿਸ ਨੇ ਖੁਲ੍ਹ ਕੇ ਮਦਦ ਕੀਤੀ?**

**ਉੱਤਰ** : ਗੁਰੂ ਹਰਿਗੋਬਿੰਦ ਜੀ ਨੇ ਕਸ਼ਮੀਰ ਪੁੱਜ ਕੇ ਦਸਵੰਧ ਦੀ ਮਾਇਆ ਕਸ਼ਮੀਰੀਆਂ ਵਿਚ ਖਰਚ ਕੀਤੀ।

**ਪ੍ਰਸ਼ਨ 8. ਅੰਮ੍ਰਿਤਸਰ ਵਿਚ ਸਿੱਖਾਂ ਦੀ ਗਿਣਤੀ ਵਧ ਜਾਣ ਕਾਰਨ ਪਾਣੀ ਦੀ ਲੋੜ ਨੂੰ ਪੂਰਾ ਕਰਨ ਲਈ ਗੁਰੂ ਜੀ ਨੇ ਕਿਹੜਾ ਸਰੋਵਰ ਤਿਆਰ ਕਰਵਾਇਆ?**

**ਉੱਤਰ** : ਬਿਬੇਕਸਰ।

**ਪ੍ਰਸ਼ਨ 9. ਅੰਮ੍ਰਿਤਸਰ ਸ਼ਹਿਰ ਦੀ ਰੱਖਿਆ ਲਈ ਗੁਰੂ ਜੀ ਨੇ ਕਿਹੜਾ ਕਿਲ੍ਹਾ ਬਣਵਾਇਆ?**

**ਉੱਤਰ** : ਲੋਹਗੜ੍ਹ ਕਿਲ੍ਹਾ।

**ਪ੍ਰਸ਼ਨ 10. ਲਾਹੌਰ ਵਿਖੇ ਜਦੋਂ ਲੋਕ 'ਮਰੀ' ਦਾ ਸ਼ਿਕਾਰ ਹੋ ਗਏ ਤਾਂ ਗਰੀਬਾਂ ਦੀ ਬਾਂਹ ਕਿਸ ਨੇ ਕਿਵੇਂ ਫੜੀ ਸੀ?**

**ਉੱਤਰ** : (ੳ) ਗੁਰੂ ਹਰਿਗੋਬਿੰਦ ਸਾਹਿਬ ਜੀ ਨੇ (ਅ) ਦਸਵੰਧ ਦੀ ਰਕਮ ਗਰੀਬਾਂ ਉੱਪਰ ਖ਼ਰਚ ਕਰਕੇ।

**ਪ੍ਰਸ਼ਨ 11. ਲਾਹੌਰ ਦੇ ਕਾਜ਼ੀ ਦੀ ਕਨੀਜ਼ ਬੀਬੀ ਕੌਲਾਂ ਦੀ, ਬਾਣੀ ਵਿਚ ਵਧ ਰਹੀ ਲਗਨ ਨੂੰ ਵੇਖ ਕੇ, ਕਾਜ਼ੀ ਨੇ ਕੀ ਫਤਵਾ ਲਾਇਆ?**

**ਉੱਤਰ** : ਸ਼ਰਹ ਦਾ ਫਤਵਾ ਲਵਾ ਕੇ ਲੜਕੀ ਨੂੰ ਮਾਰਨ ਦਾ ਫ਼ੈਸਲਾ ਕਰਵਾਇਆ ਗਿਆ।

**ਪ੍ਰਸ਼ਨ 12. ਬੀਬੀ ਕੌਲਾਂ ਗੁਰੂ ਹਰਿਗੋਬਿੰਦ ਸਾਹਿਬ ਕੋਲ ਕਿਵੇਂ ਪਹੁੰਚੀ?**

**ਉੱਤਰ** : ਸਾਈਂ ਮੀਆਂ ਮੀਰ ਦੇ ਖਾਸ ਮੁਰੀਦਾਂ ਦੀ ਸਹਾਇਤਾ ਨਾਲ।

**ਪ੍ਰਸ਼ਨ 13. ਕੌਲਸਰ 'ਸਰੋਵਰ' ਦਾ ਨਾਮ ਗੁਰੂ ਜੀ ਨੇ ਬੀਬੀ 'ਕੌਲਾਂ' ਦੇ ਨਾਮ 'ਤੇ ਕਿਉਂ ਰੱਖਿਆ?**

**ਉੱਤਰ** : ਬੀਬੀ 'ਕੌਲਾਂ' ਦੀ ਕੁਰਬਾਨੀ ਨੂੰ ਮੁੱਖ ਰੱਖ ਕੇ। ਕਿਉਂਕਿ 'ਕੌਲਾਂ' ਨੇ ਆਪਣੇ ਕਾਜ਼ੀ ਪਾਲਕ-ਪਿਉ ਦੀ ਪਰਵਾਹ ਨਾ ਕਰਕੇ ਸਤਿਗੁਰੂ ਦੀ ਸ਼ਰਣ ਲੈ ਕੇ ਸੂਰਮਿਆਂ ਵਾਲੀ ਖੇਡ ਖੇਡੀ ਸੀ।



**ਪ੍ਰਸ਼ਨ 14. "ਦਾਤਿਆ! ਉਥੇ ਭੀ ਤੂੰ ਹੀ ਲੇਖ ਲਿਖਣੇ ਸਨ, ਅਹਿ ਲੈ ਕਲਮ ਤੇ ਦਵਾਤ; ਜੇ ਉਦੋਂ ਨਹੀਂ ਲਿਖੇ ਤਾਂ ਹੁਣ ਲਿਖ ਦੇਹ।" ਇਹ ਅਰਜ਼ੋਈ ਕਿਸ ਨੇ, ਕਿਸ ਵਾਸਤੇ, ਕਿਸ ਅੱਗੇ ਕੀਤੀ ਸੀ?**

**ਉੱਤਰ** : ਇਹ ਅਰਜ਼ੋਈ ਮਾਤਾ ਸੁਲੱਖਣੀ ਨੇ, ਸੰਤਾਨ ਪ੍ਰਾਪਤੀ ਲਈ, ਗੁਰੂ ਹਰਿਗੋਬਿੰਦ ਸਾਹਿਬ ਅੱਗੇ ਕੀਤੀ ਸੀ।

**ਪ੍ਰਸ਼ਨ 15. ਗੁਰੂ ਹਰਿਗੋਬਿੰਦ ਸਾਹਿਬ ਨੂੰ ਸ਼ਸਤਰ ਧਾਰਨ, ਸ਼ਿਕਾਰ ਖੇਡਣ ਜਾਣ, ਫ਼ੌਜਾਂ ਇਕੱਠੀਆਂ ਕਰਦੇ ਵੇਖ ਕੇ, ਜਦੋਂ ਕਈ ਥੋੜ੍ਹ ਵਿਤੇ ਭੁੱਲੜ ਬੰਦਿਆਂ ਅੰਦਰ ਤੌਖਲੇ ਪੈਦਾ ਹੋਣੇ ਸ਼ੁਰੂ ਹੋ ਗਏ ਤਾਂ ਕਿਹੜੇ ਸਿੱਖ ਨੇ ਕਿਸ ਤਰ੍ਹਾਂ ਇਹਨਾਂ ਤੌਖਲਿਆਂ ਨੂੰ ਦੂਰ ਕੀਤਾ?**

**ਉੱਤਰ** : (ੳ) ਭਾਈ ਗੁਰਦਾਸ ਜੀ ਨੇ (ਅ) ਆਪਣੀਆਂ ਵਾਰਾਂ ਰਾਹੀਂ ਪ੍ਰਚਾਰ ਕਰਕੇ।

**ਪ੍ਰਸ਼ਨ 16. ਭੱਟ ਵਹੀਆਂ ਵਿਚ ਦਿੱਤੇ ਵੇਰਵੇ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਜੰਗਾਂ ਦਾ ਸੰਖੇਪ ਵਰਨਣ ਕਰੋ।**

**ਉੱਤਰ** : **ਪਹਿਲੀ ਜੰਗ** : ਸੰਨ 1621 ਵਿਚ ਸ੍ਰੀ ਹਰਿਗੋਬਿੰਦਪੁਰ (ਰੁਹੇਲੇ) ਵਿਚ ਹੋਈ। ਭਗਵਾਨ ਦਾਸ ਘੇਰੜ ਅਤੇ ਚੰਦੂ ਦੇ ਲੜਕੇ ਜਲੰਧਰ ਦੇ ਫ਼ੌਜਦਾਰ ਨੂੰ ਚੜ੍ਹਾ ਲਿਆਏ ਸਨ। ਇਸ ਜੰਗ ਵਿਚ ਭਾਈ ਨਾਨੂੰ, ਭਾਈ ਪਿਰਾਗਾ, ਭੱਟ ਕੀਰਤ, ਭੱਟ ਮਥੁਰਾ, ਪੈਂਦੇ ਖ਼ਾਨ ਆਦਿਕ ਨੇ ਬੀਰਤਾ ਦੇ ਜੌਹਰ ਵਿਖਾਏ। 28 ਸਤੰਬਰ ਤੋਂ 3 ਅਕਤੂਬਰ ਤੱਕ ਦੋ ਵਾਰ ਜੰਗ ਹੋਈ।

**ਦੂਜੀ ਜੰਗ** : 14 ਅਪ੍ਰੈਲ, 1634 ਨੂੰ ਅੰਮ੍ਰਿਤਸਰ (ਲੋਹਗੜ੍ਹ) ਵਿਖੇ ਹੋਈ। ਮੁਖ਼ਲਿਸ ਖ਼ਾਨ ਚੜ੍ਹ ਕੇ ਆਇਆ ਤੇ ਮਾਰਿਆ ਗਿਆ। ਜੰਗ ਦਾ ਫ਼ੌਰੀ ਕਾਰਨ ਮੁਗ਼ਲਾਂ ਦੇ ਇਕ ਸ਼ਾਹੀ ਬਾਜ਼ ਦਾ ਸਿੱਖਾਂ ਦਾ ਹੱਥ ਆ ਜਾਣਾ ਸੀ।

**ਤੀਜੀ ਜੰਗ** : 16 ਦਸੰਬਰ, 1634 ਨੂੰ ਮੇਹਰਾਜ ਦੇ ਕੋਲ ਨਥਾਣੇ ਦੀ ਢਾਬ 'ਤੇ ਹੋਈ। ਲੱਲਾ ਬੇਗ, ਕਮਰ ਬੇਗ, ਇਬਰਾਹੀਮ ਖ਼ਾਨ ਆਦਿ ਚੜ੍ਹ ਆਏ ਤੇ ਜੰਗ ਵਿਚ ਮਾਰੇ ਗਏ। ਜੰਗ ਦਾ ਫੌਰੀ ਕਾਰਨ ਭਾਈ ਬਿਧੀ ਚੰਦ ਵਲੋਂ ਸਿੱਖਾਂ ਕੋਲੋਂ ਖੋਹੇ ਗਏ ਘੋੜੇ ਲਾਹੌਰ ਦੇ ਕਿਲ੍ਹੇ ਵਿਚੋਂ ਕੱਢ ਕੇ ਲੈ ਆਉਣਾ ਸੀ।

**ਚੌਥੀ ਜੰਗ** : 26 ਤੋਂ 28 ਅਪ੍ਰੈਲ ਸੰਨ 1635 ਨੂੰ ਕਰਤਾਰਪੁਰ (ਜਲੰਧਰ) ਵਿਖੇ ਹੋਈ। ਕਾਲੇ ਖ਼ਾਂ, ਪੈਂਦੇ ਖ਼ਾਂ, ਕੁਤਬੁੱਦੀਨ, ਅਸਮਾਨ ਖ਼ਾਨ ਆਦਿ ਚੜ੍ਹ ਕੇ ਆਏ ਤੇ ਜੰਗ ਵਿਚ ਮਾਰੇ ਗਏ। ਜੰਗ ਦਾ ਫੌਰੀ ਕਾਰਨ ਪੈਂਦੇ ਖ਼ਾਂ ਦਾ ਹੰਕਾਰਿਆ ਜਾਣਾ ਸੀ।

**ਪੰਜਵੀਂ ਜੰਗ** : ਫਗਵਾੜੇ ਦੇ ਨੇੜੇ ਪਲਾਹੀ ਦੇ ਅਸਥਾਨ 'ਤੇ 29 ਅਪ੍ਰੈਲ, 1635 ਨੂੰ ਹੋਈ। ਮੁਗ਼ਲਾਂ ਨੇ ਕੀਰਤਪੁਰ ਵੱਲ ਜਾ ਰਹੇ ਗੁਰੂ ਜੀ 'ਤੇ ਅਚਾਨਕ ਹਮਲਾ ਕੀਤਾ, ਪਰ ਉਨ੍ਹਾਂ ਦਾ ਭਾਰੀ ਨੁਕਸਾਨ ਹੋਇਆ ਤੇ ਹਾਰ ਹੋਈ।

ਪੰਜਾਂ ਹੀ ਜੰਗਾਂ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਜਿੱਤ ਹੋਈ।

**ਪ੍ਰਸ਼ਨ 17. (ਗੁਰੂ) ਤੇਗ ਬਹਾਦਰ ਜੀ ਨੇ ਕਿਸ ਜੰਗ ਵਿਚ ਤਲਵਾਰ ਦੇ ਜੌਹਰ ਵਿਖਾਏ ਸਨ?**

**ਉੱਤਰ** : ਕਰਤਾਰਪੁਰ ਦੀ ਚੌਥੀ ਜੰਗ ਵਿਚ।

**ਪ੍ਰਸ਼ਨ 18. ਬਾਬਾ ਅਟੱਲ ਰਾਇ ਦਾ ਦਿਹਾਂਤ ਕਿੰਨੀ ਉਮਰ ਵਿਚ ਹੋਇਆ ਸੀ?**

**ਉੱਤਰ** : 9 ਸਾਲ ਦੀ ਉਮਰ ਵਿਚ।

**ਪ੍ਰਸ਼ਨ 19. ਕਿਸ ਜੰਗ ਵਿਚ ਲੱਕੜ ਦੀ ਤੋਪ ਬਣਾ ਕੇ ਸਿੱਖਾਂ ਨੇ ਵਰਤੀ ਸੀ?**

**ਉੱਤਰ** : ਲੋਹਗੜ੍ਹ ਦੀ ਪਹਿਲੀ ਜੰਗ ਵਿਚ।

**ਪ੍ਰਸ਼ਨ 20. ਲੋਹਗੜ੍ਹ ਜੰਗ ਦੀ ਯਾਦ ਵਿਚ ਗੁਰੂ ਜੀ ਨੇ ਕਿਹੜਾ ਗੁਰਦੁਆਰਾ ਬਣਵਾਇਆ ਸੀ?**

**ਉੱਤਰ** : ਗੁਰਦੁਆਰਾ ਲੋਹਗੜ੍ਹ ਅੰਮ੍ਰਿਤਸਰ।

**ਪ੍ਰਸ਼ਨ 21. ਤੀਜੀ ਜੰਗ ਦੀ ਜਿੱਤ ਦੀ ਯਾਦ ਵਿਚ ਗੁਰੂ ਜੀ ਨੇ ਕਿਹੜਾ ਸਰੋਵਰ ਤਿਆਰ ਕਰਵਾਇਆ?**

**ਉੱਤਰ** : 'ਗੁਰੂ ਸਰ' ਜੋ ਪਿੰਡ ਮੇਹਰਾਜ ਤੋਂ ਦੋ ਮੀਲ ਦੱਖਣ ਪਾਸੇ ਹੈ।

**ਪ੍ਰਸ਼ਨ 22. ਕੀਰਤਪੁਰ ਸ਼ਹਿਰ ਕਿਸ ਦੇ ਹੁਕਮ ਨਾਲ ਕਿਸ ਨੇ ਵਸਾਇਆ ਸੀ?**

**ਉੱਤਰ** : ਗੁਰੂ ਹਰਿਗੋਬਿੰਦ ਸਾਹਿਬ ਦੇ ਹੁਕਮ ਨਾਲ ਬਾਬਾ ਗੁਰਦਿੱਤਾ ਜੀ ਨੇ ਵਸਾਇਆ ਸੀ।

**ਪ੍ਰਸ਼ਨ 23. ਦਾਰਾ ਸ਼ਿਕੋਹ ਕੌਣ ਸੀ?**

**ਉੱਤਰ** : ਸ਼ਾਹਜਹਾਨ ਦਾ ਵੱਡਾ ਪੁੱਤਰ ਸੀ, ਜੋ ਪੰਜਾਬ ਤੇ ਮੁਲਤਾਨ ਦਾ ਗਵਰਨਰ ਮੁਕਰਰ ਕੀਤਾ ਗਿਆ।

**ਪ੍ਰਸ਼ਨ 24. ਕਿਸ ਦੇ ਉਦਮ ਸਦਕਾ 'ਨਾਨਕ ਮਤਾ' ਸਿੱਖ ਧਰਮ ਦੇ ਪ੍ਰਚਾਰ ਦਾ ਤਕੜਾ ਕੇਂਦਰ ਬਣਿਆ?**

**ਉੱਤਰ** : ਭਾਈ ਅਲਮਸਤ ਦੇ ਉੱਦਮ ਸਦਕਾ।

**ਪ੍ਰਸ਼ਨ 25. ਬਾਬਾ ਗੁਰਦਿੱਤਾ ਜੀ ਦੇ ਪੁੱਤਰਾਂ ਦਾ ਨਾਮ ਲਿਖੋ।**

**ਉੱਤਰ** : (ੳ) ਬਾਬਾ ਧੀਰ ਮਲ (ਅ) ਗੁਰੂ ਹਰਿਰਾਇ ਸਾਹਿਬ।



**ਪ੍ਰਸ਼ਨ 26. "ਤਲਵਾਰ ਇਸ ਤਰ੍ਹਾਂ ਨਹੀਂ, ਇਸ ਤਰ੍ਹਾਂ ਚਲਾਈਦੀ ਹੈ", ਇਹ ਸ਼ਬਦ ਕਿਸ ਨੇ, ਕਿਸ ਨੂੰ, ਕਰਤਾਰਪੁਰ ਦੀ ਜੰਗ ਵਿਚ ਕਹੇ ਸਨ?**

**ਉੱਤਰ** : ਗੁਰੂ ਹਰਿਗੋਬਿੰਦ ਸਾਹਿਬ ਨੇ ਕਾਲੇ ਖ਼ਾਂ ਦੇ 'ਵਾਰ' ਖਾਲੀ ਜਾਣ 'ਤੇ, ਉਸ ਉੱਤੇ 'ਵਾਰ' ਕਰਨ ਸਮੇਂ ਕਾਲੇ ਖ਼ਾਂ ਨੂੰ ਕਹੇ ਸਨ।

**ਪ੍ਰਸ਼ਨ 27. ਮੁਹਸਿਨ ਫਾਨੀ ਕਿੱਥੋਂ ਦਾ ਰਹਿਣ ਵਾਲਾ ਸੀ?**

**ਉੱਤਰ** : ਕਸ਼ਮੀਰ ਦਾ।

**ਪ੍ਰਸ਼ਨ 28. ਪੰਡਿਤ ਨਿੱਤਿਆਨੰਦ ਨੇ ਜਦੋਂ ਗੁਰੂ ਦਰਬਾਰ ਵਿਚ ਸੁਰਗ-ਲੋਕ ਦੇ ਮਨਮੋਹਣੇ ਨਕਸ਼ੇ ਪੇਸ਼ ਕੀਤੇ ਤਾਂ ਗੁਰੂ ਕੇ ਸਿੱਖਾਂ ਨੇ ਕੀ ਕਿਹਾ ਸੀ?**

**ਉੱਤਰ** : ਗੁਰੂ ਕੇ ਸਿੱਖਾਂ ਨੇ ਕਿਹਾ, "ਅਸਾਂ ਸੁਰਗ ਤੋਂ ਕੀ ਲੈਣਾ ਹੈ? ਇਹ ਲਾਲਚ ਉਹਨਾਂ ਨੂੰ ਦਿਉ, ਜੋ ਗੁਰੂ-ਦਰ ਤੋਂ ਵਿਛੜ ਕੇ ਦੁਨੀਆਂ ਵਿਚ ਰੁਲ ਰਹੇ ਹਨ। ਸਾਡੇ ਲਈ ਤਾਂ ਗੁਰੂ-ਚਰਨਾਂ ਦਾ ਪਿਆਰ ਹੀ ਅਸਲ ਸੁਰਗ ਹੈ।

## 7. ਗੁਰੂ ਹਰਿਰਾਇ ਸਾਹਿਬ

**ਪ੍ਰਸ਼ਨ 1. ਕੀਰਤਪੁਰ ਸ਼ਹਿਰ ਕਿਸ ਪਾਸੋਂ ਜ਼ਮੀਨ ਖਰੀਦ ਕੇ, ਕਿਸ ਨੇ, ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਹੁਕਮ ਨਾਲ ਵਸਾਇਆ ਸੀ?**

**ਉੱਤਰ** : ਦੂਣ ਹੰਡੂਰ ਦੇ ਰਾਜੇ ਤਾਰਾ ਚੰਦ ਤੋਂ ਜ਼ਮੀਨ ਲੈ ਕੇ ਬਾਬਾ ਗੁਰਦਿੱਤਾ ਜੀ ਨੇ ਵਸਾਇਆ ਸੀ।

**ਪ੍ਰਸ਼ਨ 2. ਗੁਰੂ ਨਾਨਕ ਦੇਵ ਜੀ ਸਾਈਂ ਬੁੱਢਣ ਸ਼ਾਹ ਨੂੰ ਕਿਸ ਜਗ੍ਹਾ 'ਤੇ ਮਿਲੇ ਸਨ?**

**ਉੱਤਰ** : ਜਿਸ ਥਾਂ 'ਤੇ ਹੁਣ ਕੀਰਤਪੁਰ ਸ਼ਹਿਰ ਵਸਿਆ ਹੋਇਆ ਹੈ।

**ਪ੍ਰਸ਼ਨ 3. ਸੰਨ 1646 ਵਿਚ ਜਦੋਂ ਪੰਜਾਬ ਵਿਚ ਕਾਲ ਪੈ ਗਿਆ ਤਾਂ ਗੁਰੂ ਹਰਿਰਾਇ ਸਾਹਿਬ ਨੇ ਕੀ ਕੀਤਾ ਸੀ?**

**ਉੱਤਰ** : ਦਸਵੰਧ ਦੀ ਰਕਮ ਕਾਲ-ਪੀੜਤਾਂ ਲਈ ਖਰਚ ਦਿੱਤੀ ਸੀ।

**ਪ੍ਰਸ਼ਨ 4. ਗੁਰੂ ਅਰਜਨ ਦੇਵ ਜੀ ਦੇ ਵੇਲੇ ਦੇ ਮਾਲਵੇ ਦੇ ਪ੍ਰਸਿੱਧ ਮਸੰਦਾਂ ਦੇ ਨਾਮ ਲਿਖੋ।**

**ਉੱਤਰ** : (ੳ) ਭਾਈ ਬਹਿਲੋ (ਅ) ਭਾਈ ਬੁੰਦੜ (ੲ) ਭਾਈ ਪੰਜਾਬਾ (ਸ) ਭਾਈ ਭਗਤੂ।

**ਪ੍ਰਸ਼ਨ 5. ਸ਼ਾਹ ਜਹਾਨ ਨੇ ਬਾਬਾ ਧੀਰਮਲ ਜੀ ਨੂੰ ਜਗੀਰ ਕਿਉਂ ਦਿੱਤੀ ਸੀ?**

**ਉੱਤਰ** : ਕਿਉਂਕਿ ਕਰਤਾਰਪੁਰ ਦੀ ਜੰਗ ਵਿਚ 'ਧੀਰਮਲ' ਨੇ ਅੰਦਰੋਂ-ਅੰਦਰ ਪੈਂਦੇ ਖ਼ਾਂ ਦਾ ਪੱਖ ਪੂਰਿਆ ਸੀ। ਸਿੱਖ ਧਰਮ ਦੇ ਵਿਰੋਧੀਆਂ ਨੂੰ, ਸਿੱਖਾਂ ਦੀ ਘਰੋਗੀ ਫੁੱਟ ਕੁਦਰਤੀ ਤੌਰ 'ਤੇ ਚੰਗੀ ਲੱਗਣੀ ਸੀ।

**ਪ੍ਰਸ਼ਨ 6. ਸ਼ਾਹ ਜਹਾਨ ਦੇ ਚਾਰ ਪੁੱਤਰਾਂ ਦੇ ਨਾਮ ਲਿਖੋ।**

**ਉੱਤਰ** : (ੳ) ਦਾਰਾ ਸ਼ਿਕੋਹ (ਅ) ਸ਼ੁਜਾਹ (ੲ) ਔਰੰਗਜ਼ੇਬ (ਸ) ਮੁਰਾਦ।

**ਪ੍ਰਸ਼ਨ 7. ਔਰੰਗਜ਼ੇਬ ਨੇ ਬਾਬਾ ਰਾਮਰਾਇ ਨੂੰ ਜਗੀਰ ਕਿਉਂ ਦਿੱਤੀ? ਕੀ ਉਹ ਆਪਣੇ ਮਿਸ਼ਨ ਵਿਚ ਕਾਮਯਾਬ ਹੋਇਆ?**

**ਉੱਤਰ** : ਔਰੰਗਜ਼ੇਬ ਨੇ ਜਗੀਰ ਇਸ ਲਈ ਦਿੱਤੀ ਕਿਉਂਕਿ ਉਹ ਸਿੱਖ ਕੌਮ ਵਿਚ ਧੜੇ ਪੈਦਾ ਕਰਨਾ ਚਾਹੁੰਦਾ ਸੀ ਪਰ ਉਹ ਆਪਣੇ ਮਿਸ਼ਨ ਵਿਚ ਕਾਮਯਾਬ ਨਹੀਂ ਹੋ ਸਕਿਆ।

**ਪ੍ਰਸ਼ਨ 8. ਮਾਲਵੇ ਦੀ ਗਰੀਬ ਮਾਈ ਪਾਸੋਂ ਗੁਰੂ ਹਰਿਰਾਇ ਜੀ ਨੇ ਕਿਹੜੀਆਂ ਚੀਜ਼ਾਂ ਆਪ ਮੰਗ ਕੇ ਲਈਆਂ ਸਨ? ਇਸ ਘਟਨਾ ਤੋਂ ਕੀ ਪਤਾ ਲਗਦਾ ਹੈ?**

**ਉੱਤਰ** : (ੳ) ਖੱਦਰ ਦੀ ਇਕ ਚਾਦਰ (ਅ) ਛਕਣ ਲਈ ਰੋਟੀਆਂ। ਇਸ ਘਟਨਾ ਤੋਂ ਗੁਰੂ ਜੀ ਦੀ 'ਗਰੀਬਾਂ ਨਾਲ ਨੇੜੇ ਦੀ ਸਾਂਝ' ਦਾ ਪਤਾ ਲਗਦਾ ਹੈ।

**ਪ੍ਰਸ਼ਨ 9. ਗੁਰੂ ਜੀ ਦੇ ਦਰਸ਼ਨਾਂ ਨੂੰ ਆਏ ਜਥੇ ਨੇ ਸ਼ਬਦ ਕੀਰਤਨ ਕੀਤਾ ਤੇ ਕਾਹਲੀ ਨਾਲ ਮੰਜੇ ਤੋਂ ਥੱਲੇ ਉਤਰਨ ਕਰਕੇ ਗੁਰੂ ਜੀ ਨੂੰ ਸੱਟ ਲੱਗ ਗਈ। ਇਸ ਘਟਨਾ ਤੋਂ ਕੀ ਸੇਧ ਮਿਲਦੀ ਹੈ?**

**ਉੱਤਰ** : ਗੁਰਸਿੱਖ ਦੇ ਮਨ ਵਿਚ ਗੁਰਬਾਣੀ ਵਾਸਤੇ ਅਥਾਹ ਸਤਿਕਾਰ ਤੇ ਸ਼ਰਧਾ ਹੋਣੀ ਚਾਹੀਦੀ ਹੈ ਕਿਉਂਕਿ ਗੁਰੂ ਤੇ ਗੁਰੂ ਦੀ ਬਾਣੀ ਇਕ ਰੂਪ ਹਨ। ਗੁਰਬਾਣੀ ਦਾ ਆਦਰ ਗੁਰੂ ਦਾ ਆਦਰ ਹੈ।

**ਪ੍ਰਸ਼ਨ 10. ਭਗਤ ਭਗਵਾਨ ਕੌਣ ਸੀ?**

**ਉੱਤਰ** : ਭਗਤ ਭਗਵਾਨ 'ਬੋਧ ਗਇਆ' ਦਾ ਸੰਨਿਆਸੀ ਮਹੰਤ ਸੀ, ਇਸ ਦਾ ਪਹਿਲਾ ਨਾਮ 'ਭਗਵਾਨ ਗਿਰਿ' ਸੀ। ਕੀਰਤਪੁਰ ਆ ਕੇ ਗੁਰੂ ਹਰਿਰਾਇ ਸਾਹਿਬ ਤੋਂ ਸਿੱਖੀ ਧਾਰਨ ਕੀਤੀ ਤੇ ਆਪਣੇ 360 ਚੇਲਿਆਂ ਨੂੰ ਸਿੱਖ ਬਣਾਇਆ, ਜਿਹਨਾਂ ਨੇ ਬਿਹਾਰ ਦੇ ਇਲਾਕੇ ਪਟਨਾ ਤੇ ਦਾਨਾਪੁਰ ਵਿਚ ਸਿੱਖੀ ਦਾ ਪ੍ਰਚਾਰ ਕੀਤਾ।



**ਪ੍ਰਸ਼ਨ 11. ਭਾਈ ਫੇਰੂ ਕੌਣ ਸੀ?**

**ਉੱਤਰ** : ਇਹ ਕੀਰਤਪੁਰ ਦਾ ਹਟਵਾਣੀਆ ਸੀ ਜਿਸ ਨੇ ਗੁਰੂ ਹਰਿਰਾਇ ਜੀ ਪਾਸੋਂ ਸਿੱਖੀ ਧਾਰਨ ਕੀਤੀ ਤੇ ਗੁਰੂ ਜੀ ਨੇ 'ਲੰਮੇ ਦੇਸ' ਦਾ ਪ੍ਰਚਾਰਕ (ਮਸੰਦ) ਥਾਪ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦੀ ਸੇਵਾ ਉੱਤੇ ਪ੍ਰਸੰਨ ਹੋ ਕੇ 'ਸੰਗਤਿ ਸਾਹਿਬ' ਦੀ ਪਦਵੀ ਬਖਸ਼ੀ ਤੇ ਭਾਈ ਫੇਰੂ ਦੀ ਦਾੜ੍ਹੀ, ਸੱਚੀ ਦਾੜ੍ਹੀ ਕਹਿ ਕੇ ਸਤਿਕਾਰ ਦਿੱਤਾ।

**ਪ੍ਰਸ਼ਨ 12. ਭਾਈ ਗਉਰਾ ਕੌਣ ਸੀ ਤੇ ਇਸਦੀ ਕੀ ਭੁੱਲ ਸੀ?**

**ਉੱਤਰ** : ਭਾਈ ਗਉਰਾ, ਭਾਈ ਭਗਤੂ ਦਾ ਪੁੱਤਰ ਸੀ, ਜਿਸ ਨੇ ਇਕ ਸਿੱਖ ਭਾਈ ਜੱਸੇ ਦਾ ਕਤਲ ਇਸ ਲਈ ਕਰ ਦਿੱਤਾ ਕਿਉਂਕਿ ਭਾਈ ਜੱਸੇ ਨੇ ਭਾਈ ਗਉਰਾ ਦੀ ਵਿਧਵਾ ਮਾਂ ਨਾਲ ਵਿਆਹ ਕਰਨ ਦਾ ਖ਼ਿਆਲ ਪ੍ਰਗਟ ਕੀਤਾ ਸੀ।

**ਪ੍ਰਸ਼ਨ 13. ਗੁਰੂ ਹਰਿਰਾਇ ਸਾਹਿਬ ਕੋਲੋਂ ਉਸਨੇ ਆਪਣੀ ਭੁੱਲ ਕਿਵੇਂ ਬਖ਼ਸ਼ਾਈ?**

**ਉੱਤਰ** : ਜਦੋਂ ਗੁਰੂ ਸਾਹਿਬ ਤੇ ਉਹਨਾਂ ਦਾ ਪਰਿਵਾਰ ਕਰਤਾਰਪੁਰ ਜਾ ਰਿਹਾ ਸੀ ਤਾਂ ਮੁਖ਼ਲਸ ਖ਼ਾਂ ਦੇ ਪੁੱਤਰ ਮੁਹੰਮਦ ਯਾਰ ਖ਼ਾਂ ਨੇ ਹੱਲਾ ਬੋਲ ਦਿੱਤਾ। ਭਾਈ ਗਉਰਾ, ਜੋ ਗੁਰੂ ਜੀ ਦੇ ਮਗਰ ਆ ਰਿਹਾ ਸੀ, ਨੇ ਮੁਹੰਮਦ ਯਾਰ ਖ਼ਾਂ ਦਾ ਡਟ ਕੇ ਟਾਕਰਾ ਕੀਤਾ ਤੇ ਉਸਨੂੰ ਭਜਾ ਦਿੱਤਾ। ਗੁਰੂ ਜੀ ਨੇ ਭਾਈ ਗਉਰੇ ਦੀ ਕੁਰਬਾਨੀ ਨੂੰ ਦੇਖਦੇ ਹੋਏ ਉਸਨੂੰ ਸੱਦ ਭੇਜਿਆ ਤੇ ਉਸ ਦੀ ਭੁੱਲ ਬਖ਼ਸ਼ ਦਿੱਤੀ।

**ਪ੍ਰਸ਼ਨ 14. ਭਾਈ ਪੁੰਗਰ ਕੌਣ ਸੀ ਤੇ ਉਸਨੇ ਸੰਨਿਆਸੀ ਕੋਲੋਂ 'ਰਸਾਇਣ' ਲੈਣੋਂ ਕਿਉਂ ਇਨਕਾਰ ਕੀਤਾ ਸੀ?**

**ਉੱਤਰ** : ਕੀਰਤਪੁਰ ਦੇ ਨੇੜੇ ਪਿੰਡ ਦਾ ਰਹਿਣ ਵਾਲਾ ਗਰੀਬ ਭਾਈ ਪੁੰਗਰ ਗੁਰੂ ਹਰਿਰਾਇ ਸਾਹਿਬ ਦਾ ਸਿੱਖ ਸੀ। ਇਸ ਸੰਨਿਆਸੀ ਨੇ ਉਸਦੀ ਗਰੀਬੀ ਵੇਖ ਕੇ ਉਸ ਨੂੰ ਇਕ ਰਸਾਇਣ ਦੀ ਡੱਬੀ ਦੇਣੀ ਚਾਹੀ, ਜਿਸ ਨਾਲ ਸੋਨਾ ਬਣਾਇਆ ਜਾ ਸਕਦਾ ਸੀ ਪਰ ਭਾਈ ਪੁੰਗਰ ਨੇ ਇਹ ਕਹਿ ਕੇ ਲੈਣੋਂ ਇਨਕਾਰ ਕਰ ਦਿੱਤਾ ਕਿ ਮੁਫ਼ਤ ਦਾ ਆਇਆ ਮਾਲ ਸਦਾ ਇਲਤਾਂ ਪੈਦਾ ਕਰਦਾ ਹੈ। ਜੁਗਤ ਨਾਲ ਸਿਰਫ਼ ਉਹੀ ਧਨ ਵਰਤ ਸਕੀਦਾ ਹੈ ਜੋ ਆਪਣੀ ਈਮਾਨਦਾਰੀ ਤੇ ਮਿਹਨਤ ਨਾਲ ਕਮਾਈਏ।

**ਪ੍ਰਸ਼ਨ 15. ਗੁਰੂ ਹਰਿਰਾਇ ਜੀ ਨੇ ਉਦਾਸੀ ਮਹਾਤਮਾਵਾਂ ਦੀ ਸਰਪ੍ਰਸਤੀ ਹੇਠ ਧਰਮ ਪ੍ਰਚਾਰ ਦੇ ਕਿੰਨੇ ਵੱਡੇ ਕੇਂਦਰ ਸਥਾਪਿਤ ਕੀਤੇ? ਇਨ੍ਹਾਂ ਨੂੰ ਕੀ ਕਿਹਾ ਜਾਂਦਾ ਸੀ?**

**ਉੱਤਰ** : (i) ਤਿੰਨ ਕੇਂਦਰ (ii) 'ਬਖ਼ਸ਼ਿਸ਼ਾਂ' ਕਿਹਾ ਜਾਂਦਾ ਸੀ।

## 8. ਗੁਰੂ ਹਰਿਕ੍ਰਿਸ਼ਨ ਸਾਹਿਬ

**ਪ੍ਰਸ਼ਨ 1. ਬਾਬਾ ਰਾਮਰਾਇ ਵਲੋਂ ਗੁਰਬਾਣੀ ਦੀ ਤੁਕ ਉਲਟਾ ਕੇ ਬਾਦਸ਼ਾਹ ਔਰੰਗਜ਼ੇਬ ਨੂੰ ਖੁਸ਼ ਕਰਨ ਪਿੱਛੇ ਕਿਹੜੀ ਪ੍ਰੇਰਣਾ ਕੰਮ ਕਰ ਰਹੀ ਸੀ?**

ਉੱਤਰ : ਕੁਝ ਮਸੰਦ ਜਿਨ੍ਹਾਂ ਦੀ ਆਤਮਾ ਪੂਜਾ ਦਾ ਧਾਨ ਖਾ ਕੇ ਮਲੀਨ ਹੋ ਗਈ ਸੀ, ਨੇ ਬਾਬਾ ਰਾਮਰਾਇ ਨੂੰ ਮੁਗ਼ਲ ਹਕੂਮਤ ਨਾਲ ਅਸਰ-ਰਸੂਖ ਪੱਕਾ ਕਾਇਮ ਰੱਖਣ ਲਈ ਪ੍ਰੇਰਿਆ ਕਿ ਇਸ ਦੀ ਖਾਤਰ ਗੁਰੂ ਦੀ ਬਾਣੀ ਵਿਚ ਰਤਾ ਕੁ ਹੇਰ-ਫੇਰ ਕਰ ਲੈਣ ਵਿਚ ਕੋਈ ਹਰਜ਼ ਨਹੀਂ।

**ਪ੍ਰਸ਼ਨ 2. ਮਸੰਦਾਂ ਦੇ ਕਿਸ ਮੋਢੀ ਦੀ ਚੁੱਕ 'ਤੇ ਬਾਬਾ ਰਾਮ ਰਾਇ ਨੇ ਔਰੰਗਜ਼ੇਬ ਦੇ ਕੀ ਕੰਨ ਭਰੇ ਸਨ?**

ਉੱਤਰ : 'ਗੁਰਦਾਸ' ਨਾਮ ਦੇ ਮਸੰਦ ਦੀ ਚੁੱਕ 'ਤੇ ਬਾਬਾ ਰਾਮਰਾਇ ਨੇ ਬਾਦਸ਼ਾਹ ਨੂੰ ਇਹ ਕਹਿ ਦਿੱਤਾ ਕਿ ਮੇਰੇ ਨਾਲ ਬੇ-ਇਨਸਾਫ਼ੀ ਹੋਈ ਹੈ। ਗੁਰਗੱਦੀ ਮੈਨੂੰ ਮਿਲਣੀ ਚਾਹੀਦੀ ਸੀ, ਮੈਂ ਵੱਡਾ ਪੁੱਤਰ ਹਾਂ। ਪੰਜ ਸਾਲਾਂ ਦਾ ਬਾਲਕ ਗੁਰੂ, ਸਿੱਖ ਕੌਮ ਨੂੰ ਵੱਸ ਵਿਚ ਨਹੀਂ ਰੱਖ ਸਕੇਗਾ ਤੇ ਕਈ ਚਲਾਕ ਬੰਦੇ ਇਸ ਗੱਲ ਦਾ ਲਾਭ ਉਠਾ ਕੇ ਦੇਸ਼ ਵਿਚ ਕੋਈ ਗੜਬੜ ਕਰਾ ਦੇਣਗੇ।

**ਪ੍ਰਸ਼ਨ 3. ਬ੍ਰਾਹਮਣਾਂ ਦੇ ਸਿਖਾਏ ਇਕ ਕੋਹੜੇ ਨੇ, ਜਦੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਪਾਲਕੀ ਦੇ ਅੱਗੇ ਲੇਟ ਕੇ ਰਾਜ਼ੀ ਕਰਨ ਲਈ ਬੇਨਤੀ ਕੀਤੀ ਤਾਂ ਗੁਰੂ ਜੀ ਨੇ ਕੀ ਕਿਹਾ ਸੀ?**

ਉੱਤਰ : ਗੁਰੂ ਜੀ ਨੇ ਆਪਣਾ ਹੱਥ-ਮੂੰਹ ਪੂੰਝਣ ਵਾਲਾ ਰੁਮਾਲ ਉਸ ਨੂੰ ਦੇ ਕੇ ਆਗਿਆ ਕੀਤੀ ਕਿ ਇਹ ਰੁਮਾਲ ਆਪਣੇ ਪਿੰਡੇ 'ਤੇ ਫੇਰਿਆ ਕਰ ਤੇ ਅਰਦਾਸ ਕਰਿਆ ਕਰ। ਗੁਰੂ ਨਾਨਕ ਦੇ ਘਰ ਵਿਚ ਸਭ ਕੁਝ ਹੈ।

**ਪ੍ਰਸ਼ਨ 4. ਕੀ ਬ੍ਰਾਹਮਣਾਂ ਵਲੋਂ, ਗੁਰੂ ਦੀ ਅਜ਼ਮਤ, ਲੋਕਾਂ ਵਿਚ ਘਟਾਉਣ ਵਾਲੀ ਇਹ ਚਾਲ ਸਫ਼ਲ ਹੋਈ?**

ਉੱਤਰ : ਗੁਰੂ ਦੀ ਕਿਰਪਾ ਸਦਕਾ ਕੋਹੜੀ ਰਾਜ਼ੀ ਹੋ ਗਿਆ ਤੇ ਬ੍ਰਾਹਮਣਾਂ ਦੀ ਚਾਲ ਉਹਨਾਂ ਨੂੰ ਪੁੱਠੀ ਪਈ।

**ਪ੍ਰਸ਼ਨ 5. ਗੁਰੂ ਹਰਿਕ੍ਰਿਸ਼ਨ ਸਾਹਿਬ ਨੇ 'ਪੰਜੋਖਰੇ' ਵਿਖੇ ਪੰਡਿਤ ਲਾਲ ਚੰਦ ਨੂੰ ਕੀ ਸਮਝਾਇਆ ਸੀ?**

ਉੱਤਰ : ਮਨੁੱਖਤਾ ਦੀਆਂ ਠੀਕ ਲੀਹਾਂ ਉਤੇ ਤੁਰ ਕੇ, ਦੂਜਿਆਂ ਦੀ ਭਲਾਈ ਲਈ ਜਿਊਣਾ ਹੋਰ ਗੱਲ ਹੈ ਅਤੇ ਅੱਜ ਤੋਂ ਸਦੀਆਂ ਪਹਿਲਾਂ ਲਿਖੇ ਸਲੋਕਾਂ



ਦੇ ਅਰਥ ਕਰਨੇ ਹੋਰ ਗੱਲ ਹੈ। ਕੋਸ਼ ਤੇ ਵਿਆਕਰਣ ਦੀ ਸਹਾਇਤਾ ਨਾਲ ਅਰਥ ਕਰ ਸਕਣ ਤੋਂ ਇਹ ਸਿੱਧ ਨਹੀਂ ਹੋ ਜਾਂਦਾ ਕਿ ਅਰਥ ਕਰਨ ਵਾਲਾ ਮਨੁੱਖ ਜੀਵਨ ਦੇ ਦ੍ਰਿਸ਼ਟੀਕੋਣ ਤੋਂ ਬੜਾ ਮਹਾਂਪੁਰਖ ਹੈ।

**ਪ੍ਰਸ਼ਨ 6. ਦਿੱਲੀ ਪਹੁੰਚਣ ਉਪਰੰਤ ਗੁਰੂ ਹਰਿਕ੍ਰਿਸ਼ਨ ਜੀ ਨੇ ਅਚੰਭੇ ਵਾਲੀ ਕਿਹੜੀ ਗੱਲ ਕੀਤੀ ਸੀ?**

ਉੱਤਰ : ਇਤਨੀ ਵੱਡੀ ਮੁਗ਼ਲ ਤਾਕਤ ਦੇ ਜਿਸ ਬਾਦਸ਼ਾਹ ਔਰੰਗਜ਼ੇਬ ਦੇ ਦੀਦਾਰ ਨੂੰ ਲੋਕ ਤਰਲੇ ਲੈਂਦੇ ਸਨ, ਅੱਠ ਸਾਲਾਂ ਦੇ ਬਾਲਕ ਗੁਰੂ ਨੇ, ਬਾਦਸ਼ਾਹ ਦੇ ਤਰਲੇ ਲੈਣ 'ਤੇ ਵੀ ਮਿਲਣ ਤੋਂ ਨਾਂਹ ਕਰ ਦਿੱਤੀ ਸੀ।

**ਪ੍ਰਸ਼ਨ 7. ਜਦੋਂ ਸੰਨ 1664 ਵਿਚ ਦਿੱਲੀ ਵਿਚ ਚੇਚਕ ਦੀ ਬੀਮਾਰੀ ਫੈਲ ਗਈ ਤਾਂ ਗੁਰੂ ਜੀ ਨੇ ਕੀ ਕੀਤਾ?**

ਉੱਤਰ : ਗੁਰੂ ਸਾਹਿਬ ਨੇ ਦੁਖੀ ਗਰੀਬਾਂ ਦੀ ਗੁਰੂ ਘਰ ਦੇ ਦਸਵੰਧ ਨਾਲ ਰੱਜਵੀਂ ਸਹਾਇਤਾ ਕੀਤੀ ਤੇ ਆਪ ਉਹਨਾਂ ਇਲਾਕਿਆਂ ਵਿਚ ਚੱਲ ਕੇ ਗਏ ਜਿਥੇ ਚੇਚਕ ਦਾ ਜ਼ੋਰ ਸੀ।

## 9. ਗੁਰੂ ਤੇਗ ਬਹਾਦਰ ਸਾਹਿਬ

**ਪ੍ਰਸ਼ਨ 1. ਗੁਰੂ ਤੇਗ ਬਹਾਦਰ ਜੀ ਦੀ ਭੈਣ ਦਾ ਕੀ ਨਾਮ ਸੀ?**

ਉੱਤਰ : ਬੀਬੀ ਵੀਰੋ ਜੀ।

**ਪ੍ਰਸ਼ਨ 2. ਗੁਰੂ ਤੇਗ ਬਹਾਦਰ ਜੀ ਨੂੰ ਉਹਨਾਂ ਦੀ ਮਾਤਾ ਸਮੇਤ ਕਿਸ ਪਿੰਡ ਵਿਚ ਭੇਜ ਦਿੱਤਾ ਗਿਆ?**

ਉੱਤਰ : ਨਾਨਕੇ ਪਿੰਡ ਬਕਾਲੇ।

**ਪ੍ਰਸ਼ਨ 3. ਭਾਈ ਗੁਰਦਾਸ ਜੀ ਦੇ ਹੱਥਾਂ ਦੀ ਲਿਖੀ ਹੋਈ ਆਦਿ ਬੀੜ ਕਿਸ ਦੇ ਕਬਜ਼ੇ ਵਿਚ ਸੀ?**

ਉੱਤਰ : ਬਾਬਾ ਧੀਰਮਲ ਦੇ।

**ਪ੍ਰਸ਼ਨ 4. ਬਾਬਾ ਧੀਰਮਲ ਜੀ ਉਹ ਬੀੜ ਕਿਸ ਅਸਥਾਨ ਤੋਂ ਆਪਣੇ ਨਾਲ ਬਾਬਾ ਬਕਾਲਾ ਲੈ ਆਏ?**

ਉੱਤਰ : ਕਰਤਾਰਪੁਰ ਤੋਂ।

**ਪ੍ਰਸ਼ਨ 5. ਬਾਬਾ ਬਕਾਲਾ ਵਿਖੇ ਕਿਹੜਾ ਧਨਾਢ ਸਿੱਖ ਗੁਰੂ ਤੇਗ ਬਹਾਦਰ ਜੀ ਦੀ ਸੇਵਾ ਕਰਨ ਲੱਗ ਪਿਆ ਸੀ?**

ਉੱਤਰ : ਭਾਈ ਮਹਿਰਾ।

**ਪ੍ਰਸ਼ਨ 6. ਅੰਮ੍ਰਿਤਸਰ ਦੇ ਪੁਜਾਰੀਆਂ ਦੇ ਮਨ ਦਾ ਖੋਟ ਦੇਖ ਕੇ ਗੁਰੂ ਜੀ ਨੇ ਕੀ ਫੁਰਮਾਨ ਕੀਤਾ ਸੀ?**

ਉੱਤਰ : ਨਹਿ ਮਸੰਦ ਤੁਮ ਅੰਮ੍ਰਿਤਸਰੀਏ॥
ਤ੍ਰਿਸ਼ਨਾਗਨਿ ਤੇ ਅੰਤਰਿ ਸੜੀਏ॥

**ਪ੍ਰਸ਼ਨ 7. ਆਗਰੇ ਵਿਖੇ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਕਿੱਥੇ ਬਣਾਇਆ ਗਿਆ?**

ਉੱਤਰ : ਮਾਈਥਾਨ ਦੇ ਕੋਲ।

**ਪ੍ਰਸ਼ਨ 8. ਤ੍ਰਿਬੇਣੀ ਵਿਚ ਇਸ਼ਨਾਨ ਕਰ ਰਹੇ ਲੋਕਾਂ ਨੂੰ ਗੁਰੂ ਜੀ ਨੇ ਕੀ ਸਮਝਾਇਆ?**

ਉੱਤਰ : ਗੁਰੂ ਜੀ ਨੇ ਦੱਸਿਆ ਕਿ ਸਭ ਤੋਂ ਸ੍ਰੇਸ਼ਟ ਤੀਰਥ ਸਾਧ ਸੰਗਤ ਹੈ। ਪ੍ਰਭੂ ਦੀ ਸਿਫ਼ਤ-ਸਲਾਹ ਕੀਤਿਆਂ ਪ੍ਰਭੂ ਦਾ ਮੇਲ ਹੁੰਦਾ ਹੈ। ਪ੍ਰਭੂ ਮੇਲ ਹੀ ਸੱਚਾ ਤੀਰਥ-ਇਸ਼ਨਾਨ ਹੈ।

**ਪ੍ਰਸ਼ਨ 9. ਹਿੰਦੂਆਂ ਵਲੋਂ ਪਿੱਤਰਾਂ ਨਮਿੱਤ ਪਿੰਡ ਭਰਾਣ ਦਾ ਕੀ ਅਰਥ ਹੈ?**

ਉੱਤਰ : ਜਵਾਂ ਦੇ ਆਟੇ ਦੇ ਪੇੜੇ (ਪਿੰਡ) ਬਣਾਏ ਜਾਂਦੇ ਹਨ। ਬ੍ਰਾਹਮਣ ਮੰਤਰ ਆਦਿਕ ਪੜ੍ਹਦਾ ਹੈ, ਉਹ ਆਟਾ ਫਿਰ ਮੱਛੀਆਂ ਆਦਿਕ ਨੂੰ ਪਾ ਦਿੱਤਾ ਜਾਂਦਾ ਹੈ। ਇਸ ਨੂੰ ਪਿੰਡ ਭਰਾਉਣਾ ਆਖਦੇ ਹਨ।

**ਪ੍ਰਸ਼ਨ 10. ਗਯਾ ਵਿਖੇ ਪਿੰਡ ਭਰਾਣ ਵਾਲਾ ਆਦਮੀ ਕੀ ਸਮਝਦਾ ਹੈ?**

ਉੱਤਰ : ਪਿੰਡ ਭਰਾਣ ਵਾਲਾ ਆਦਮੀ ਸਮਝਦਾ ਹੈ ਕਿ ਇਹ ਖੁਰਾਕ ਮਰ ਚੁੱਕੇ ਸੰਬੰਧੀਆਂ ਨੂੰ ਪਿੱਤਰ ਲੋਕ ਵਿਚ ਪਹੁੰਚ ਗਈ ਹੈ।

**ਪ੍ਰਸ਼ਨ 11. ਗੁਰੂ ਜੀ ਨੇ ਲੋਕਾਂ ਨੂੰ ਗਯਾ ਵਿਖੇ ਕੀ ਸਮਝਾਇਆ?**

ਉੱਤਰ : ਗੁਰੂ ਜੀ ਨੇ ਪਿੰਡ ਭਰਾਣ ਆਏ ਲੋਕਾਂ ਨੂੰ ਸਮਝਾਇਆ ਕਿ ਅਕਾਲਪੁਰਖ ਦਾ ਨਾਮ ਹੀ ਜੀਵਆਤਮਾ ਨੂੰ ਚਾਨਣ ਦੇਣ ਵਾਲਾ ਹੈ। ਇਹੀ ਜਿੰਦ ਦੀ ਖੁਰਾਕ ਹੈ।

**ਪ੍ਰਸ਼ਨ 12. ਜਦੋਂ ਗੁਰੂ ਜੀ ਪਟਨੇ ਗਏ ਤਾਂ ਕਿਹੜਾ ਹਲਵਾਈ ਗੁਰੂ ਜੀ ਦਾ ਸਿੱਖ ਬਣਿਆ?**

ਉੱਤਰ : ਭਾਈ ਜੈਤਾ।

**ਪ੍ਰਸ਼ਨ 13. ਜਦੋਂ ਗੁਰੂ ਜੀ ਢਾਕੇ ਪਹੁੰਚੇ ਤਾਂ ਉਥੇ ਕਿਹੜਾ ਮਸੰਦ ਪ੍ਰਚਾਰਕ ਸੀ?**

ਉੱਤਰ : ਬੁਲਾਕੀ ਦਾਸ।

**ਪ੍ਰਸ਼ਨ 14. ਜਦੋਂ ਗੁਰੂ ਤੇਗ ਬਹਾਦਰ ਸਾਹਿਬ ਦੀ ਗ੍ਰਿਫ਼ਤਾਰੀ ਦਾ ਹੁਕਮ ਹੋਇਆ ਤਾਂ ਔਰੰਗਜ਼ੇਬ ਕਿੱਥੇ ਗਿਆ ਹੋਇਆ ਸੀ?**

ਉੱਤਰ : ਹਸਨ ਅਬਦਾਲ ਵਿਖੇ।



**ਪ੍ਰਸ਼ਨ 15. ਗੁਰੂ ਜੀ ਨੂੰ ਸ਼ਹੀਦ ਕਰਨ ਬਾਰੇ ਔਰੰਗਜ਼ੇਬ ਨੇ ਕੀ ਹੁਕਮ ਭੇਜਿਆ?**

ਉੱਤਰ : ਗੁਰੂ ਤੇਗ ਬਹਾਦਰ ਸਾਹਿਬ ਨੂੰ ਕਤਲ ਕੀਤਾ ਜਾਏ, ਉਹਨਾਂ ਦੇ ਜਿਸਮ ਦੇ ਟੋਟੇ ਕਰ ਕੇ ਸ਼ਹਿਰ ਦੇ ਸਭਨੀਂ ਪਾਸੇ ਲਟਕਾ ਦਿੱਤੇ ਜਾਣ।

**ਪ੍ਰਸ਼ਨ 16. ਗੁਰਦੁਆਰਾ ਸੀਸ ਗੰਜ ਚਾਂਦਨੀ ਚੌਕ ਤੇ ਗੁਰਦੁਆਰਾ ਰਕਾਬ ਗੰਜ ਦਿੱਲੀ ਕਿਸ ਨੇ ਬਣਵਾਇਆ ਸੀ?**

ਉੱਤਰ : ਸ: ਬਘੇਲ ਸਿੰਘ ਕਰੋੜਸਿੰਘੀਏ ਨੇ।

**ਪ੍ਰਸ਼ਨ 17. ਗੁਰੂ ਜੀ ਦਾ ਸੀਸ ਅਨੰਦਪੁਰ ਲਿਆਉਣ ਵਾਲੇ ਸਿੱਖਾਂ ਭਾਈ ਜੈਤਾ ਤੇ ਭਾਈ ਊਦਾ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਕੀ ਕਹਿ ਕੇ ਸਨਮਾਨਿਆ?**

ਉੱਤਰ : ਰੰਘਰੇਟੇ, ਗੁਰੂ ਕੇ ਬੇਟੇ।

**ਪ੍ਰਸ਼ਨ 18. ਅੰਮ੍ਰਿਤ ਛਕ ਕੇ ਭਾਈ ਜੈਤਾ ਜੀ ਦਾ ਕੀ ਨਾਮ ਪਿਆ?**

ਉੱਤਰ : ਭਾਈ ਜੀਵਨ ਸਿੰਘ।

**ਪ੍ਰਸ਼ਨ 19. ਭਾਈ ਊਦਾ ਜੀ ਦਾ ਅੰਮ੍ਰਿਤ ਛਕ ਕੇ ਕੀ ਨਾਮ ਪਿਆ?**

ਉੱਤਰ : ਭਾਈ ਉਦੈ ਸਿੰਘ।

**ਪ੍ਰਸ਼ਨ 20. ਭਾਈ ਉਦੈ ਸਿੰਘ ਤੇ ਭਾਈ ਜੀਵਨ ਸਿੰਘ ਨੂੰ ਅੰਮ੍ਰਿਤ ਦੀ ਦਾਤ ਕਿਸ ਨੇ ਤੇ ਕਦੋਂ ਦਿੱਤੀ?**

ਉੱਤਰ : ਗੁਰੂ ਗੋਬਿੰਦ ਸਿੰਘ ਜੀ ਨੇ, ਸੰਨ 1699 ਨੂੰ ਖ਼ਾਲਸਾ ਪੰਥ ਸਾਜਣ ਸਮੇਂ।

**ਪ੍ਰਸ਼ਨ 21. ਭਾਈ ਜੀਵਨ ਸਿੰਘ ਜੀ ਕਿਹੜੀ ਜੰਗ ਵਿਚ ਸ਼ਹੀਦ ਹੋਏ?**

ਉੱਤਰ : ਚਮਕੌਰ ਦੀ ਜੰਗ ਵਿਚ।

**ਪ੍ਰਸ਼ਨ 22. ਗੁਰੂ ਤੇਗ ਬਹਾਦਰ ਸਾਹਿਬ ਨੇ ਕਿੰਨੇ ਸਲੋਕ ਤੇ ਸ਼ਬਦ ਰਚੇ?**

ਉੱਤਰ : 59 ਸ਼ਬਦ ਤੇ 57 ਸਲੋਕ।

**ਪ੍ਰਸ਼ਨ 23. ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਕਿੰਨੇ ਰਾਗਾਂ ਵਿਚ ਦਰਜ ਹੈ?**

ਉੱਤਰ : 15 ਰਾਗਾਂ ਵਿਚ।

**ਪ੍ਰਸ਼ਨ 24. ਗੁਰੂ ਗ੍ਰੰਥ ਸਾਹਿਬ ਵਿਚ ਕਿਹੜਾ ਰਾਗ ਕੇਵਲ ਗੁਰੂ ਤੇਗ ਬਹਾਦਰ ਜੀ ਨੇ ਹੀ ਵਰਤਿਆ ਹੈ?**

ਉੱਤਰ : ਜੈਜਾਵੰਤੀ।

**ਪ੍ਰਸ਼ਨ 25. ਗੁਰੂ ਜੀ ਦੀ ਬਾਣੀ ਵਿਚ ਆਏ ਉਪਦੇਸ਼ਾਂ ਦਾ ਸਾਰ-ਅੰਸ਼ ਦੱਸੋ?**

**ਉੱਤਰ** : (1) ਜਗਤ ਵਿਚ ਕੋਈ ਸਥਿਰ ਨਹੀਂ ਹੈ। ਸਥਿਰ ਕੇਵਲ ਪ੍ਰਭੂ ਹੈ।

(2) ਦੁਖ ਸੁਖ ਹਰੇਕ ਨੂੰ ਵਾਪਰਦੇ ਹਨ। ਦੁਖ ਸੁਖ ਤੋਂ ਨਿਰਲੇਪ ਪ੍ਰਭੂ ਨਾਲ ਜੁੜਿਆ ਬੰਦਾ ਦੁਖਾਂ-ਸੁਖਾਂ ਤੋਂ ਬੇਪ੍ਰਵਾਹ ਹੋ ਜਾਂਦਾ ਹੈ।

(3) ਮੌਤ ਦਾ ਡਰ-ਸਹਿਮ ਉਤਨੀ ਦੇਰ ਹੀ ਹੈ ਜਦੋਂ ਤੱਕ ਬੰਦਾ ਨਿਰਭਉ ਪ੍ਰਭੂ ਨਾਲ ਨਹੀਂ ਜੁੜਿਆ।

(4) ਮੋਹ ਦੇ ਕਾਰਨ ਜੀਵਨ ਸੁਆਰਥੀ ਬਣ ਜਾਂਦਾ ਹੈ। ਇਹ ਆਤਮਿਕ ਮੌਤ ਦਾ ਕਾਰਨ ਬਣਦਾ ਹੈ, ਇਸ ਲਈ ਮੋਹ ਦਾ ਤਿਆਗ ਕਰੋ।

(5) ਭੇਖ ਧਾਰਨ ਕਰਨੇ, ਤੀਰਥ ਯਾਤਰਾ ਕਰਨੀ ਤੇ ਤਪ ਸਾਧਨੇ ਜੀਵਨ ਦਾ ਮਨੋਰਥ ਨਹੀਂ। ਪ੍ਰਭੂ ਦੀ ਯਾਦ ਹੀ ਜੀਵਨ ਦਾ ਸਹੀ ਮਨੋਰਥ ਹੈ।

## 10. ਗੁਰੂ ਗੋਬਿੰਦ ਸਿੰਘ ਜੀ

**ਪ੍ਰਸ਼ਨ 1. ਗੁਰੂ ਜੀ ਦੇ ਪਟਨੇ ਵਿਖੇ ਕਿਹੜੇ-ਕਿਹੜੇ ਵਿਸ਼ੇਸ਼ ਸ਼ਰਧਾਲੂ ਸਨ?**

**ਉੱਤਰ** : 1. ਪੰਡਿਤ ਸ਼ਿਵ ਦੱਤ।

2. ਰਾਜਾ ਫ਼ਤਹਿ ਚੰਦ ਦੀ ਰਾਣੀ।

3. ਨਵਾਬ ਰਹੀਮ ਬਖ਼ਸ਼ ਤੇ ਕਰੀਮ ਬਖ਼ਸ਼।

**ਪ੍ਰਸ਼ਨ 2. ਗੁਰੂ ਜੀ ਪਟਨੇ ਵਿਖੇ ਕਿੰਨੇ ਸਾਲ ਰਹੇ?**

**ਉੱਤਰ** : ਪੰਜ ਸਾਲ।

**ਪ੍ਰਸ਼ਨ 3. ਪਟਨੇ ਤੋਂ ਰਵਾਨਗੀ ਸਮੇਂ ਰਾਜਾ ਫ਼ਤਹਿ ਚੰਦ ਦੀ ਰਾਣੀ ਦੇ ਮੰਗਣ 'ਤੇ ਆਪ ਨੇ ਪ੍ਰੇਮ ਭੇਟਾ ਵਜੋਂ ਕੀ ਦਿੱਤਾ?**

**ਉੱਤਰ** : ਪੋਸ਼ਾਕ, ਤਲਵਾਰ ਅਤੇ ਕਟਾਰ।

**ਪ੍ਰਸ਼ਨ 4. ਰਾਜਾ ਫ਼ਤਹਿ ਚੰਦ ਨੇ ਗੁਰੂ ਜੀ ਦੀ ਯਾਦ ਵਿਚ ਕਿਹੜਾ ਗੁਰਦੁਆਰਾ ਬਣਾਇਆ?**

**ਉੱਤਰ** : ਗੁਰਦੁਆਰਾ—ਮੈਨੀ ਸੰਗਤ।

**ਪ੍ਰਸ਼ਨ 5. ਲਖਨੌਰ ਵਿਚ ਕਿਹੜਾ ਸੂਫ਼ੀ ਸੰਤ ਆਪ ਜੀ ਦੇ ਦਰਸ਼ਨ ਕਰਨ ਆਇਆ?**

**ਉੱਤਰ** : ਸਯਦ ਭੀਖਨ ਸ਼ਾਹ।



**ਪ੍ਰਸ਼ਨ 6. ਹੇਠ ਲਿਖੇ ਸ਼ਬਦ ਕਿਸ ਲਿਖਾਰੀ ਅਨੁਸਾਰ ਕਿਸ ਨੇ, ਕਿਸ ਨੂੰ ਕਹੇ? "ਮਹਾਰਾਜ! ਆਪ ਨਾਲੋਂ ਧਰਮ ਦਾ ਰਾਖਾ ਤੇ ਪਿਆਰਾ ਸਤਿਪੁਰਖ ਹੋਰ ਕੌਣ ਹੈ?"**

**ਉੱਤਰ** : ਗਿਆਨੀ ਗਿਆਨ ਸਿੰਘ ਅਨੁਸਾਰ ਇਹ ਸ਼ਬਦ ਬਾਲ ਗੋਬਿੰਦ ਰਾਇ ਨੇ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਕਹੇ।

**ਪ੍ਰਸ਼ਨ 7. ਗੁਰੂ ਗੋਬਿੰਦ ਸਿੰਘ ਜੀ ਨੇ ਗੁਰਗੱਦੀ 'ਤੇ ਬੈਠਦਿਆਂ ਹੀ ਭਵਿੱਖ ਵਿਚ ਆਉਣ ਵਾਲੀਆਂ ਮੁਸ਼ਕਲਾਂ ਦੇ ਟਾਕਰੇ ਲਈ ਕੀ ਤਿਆਰੀ ਸ਼ੁਰੂ ਕੀਤੀ?**

**ਉੱਤਰ** : (1) ਸਿੱਖ ਨੌਜੁਆਨਾਂ ਦੀ ਸ਼ਸਤਰ ਵਿੱਦਿਆ, ਘੋੜ ਸਵਾਰੀ ਤੇ ਸ਼ਿਕਾਰ ਖੇਡਣ ਵੱਲ ਰੁਚੀ ਵਧਾਉਣੀ ਅਰੰਭ ਕੀਤੀ।

(2) ਸੰਗਤਾਂ ਨੂੰ ਸ਼ਸਤਰ ਅਤੇ ਵਧੀਆ ਘੋੜੇ ਭੇਟ ਕਰਨ ਲਈ ਪ੍ਰੇਰਿਆ।

(3) ਅਨੰਦਪੁਰ ਵਿਚ ਜੰਗੀ ਮਸ਼ਕਾਂ ਅਰੰਭ ਕੀਤੀਆਂ।

(4) ਅਨੰਦਪੁਰ ਵਿਖੇ ਸ਼ਸਤਰ ਅਤੇ ਬੰਦੂਕਾਂ ਬਣਾਉਣ ਦੇ ਕਾਰਖਾਨੇ ਲਾਏ।

(5) ਕਿਲ੍ਹਿਆਂ ਦੀ ਉਸਾਰੀ ਅਰੰਭ ਕੀਤੀ।

**ਪ੍ਰਸ਼ਨ 8. ਜਦੋਂ 'ਰਾਜਾ ਰਾਮ ਸਿੰਘ' ਗੁਰੂ ਜੀ ਦੇ ਦਰਸ਼ਨ ਕਰਨ ਆਇਆ ਤਾਂ ਉਸ ਨੇ ਕੀ ਭੇਟ ਕੀਤਾ?**

**ਉੱਤਰ** : ਪੰਜ ਵਧੀਆ ਘੋੜੇ।

**ਪ੍ਰਸ਼ਨ 9. ਗੁਰੂ ਜੀ ਨੂੰ 'ਪ੍ਰਸਾਦੀ ਹਾਥੀ' ਕਿਸ ਨੇ ਭੇਟ ਕੀਤਾ?**

**ਉੱਤਰ** : ਰਾਜਾ ਰਤਨ ਰਾਏ ਨੇ।

**ਪ੍ਰਸ਼ਨ 10. 'ਰਾਜਾ ਰਤਨ ਰਾਏ' ਨੇ ਕਿਹੜਾ ਵਿਸ਼ੇਸ਼ ਸ਼ਸਤਰ ਗੁਰੂ ਜੀ ਨੂੰ ਭੇਟ ਕੀਤਾ?**

**ਉੱਤਰ** : ਪੰਜ ਕਲਾ ਸ਼ਸਤਰ।

**ਪ੍ਰਸ਼ਨ 11. 'ਪਸ਼ਮੀਨੇ ਦੀ ਚਾਨਣੀ' ਕਿੱਥੋਂ ਦੇ, ਕਿਸ ਗੁਰਸਿੱਖ ਨੇ ਭੇਟ ਕੀਤੀ?**

**ਉੱਤਰ** : ਕਾਬਲ ਦੇ ਸਿੱਖ ਭਾਈ ਦੁਨੀ ਚੰਦ ਨੇ।

**ਪ੍ਰਸ਼ਨ 12. 'ਰਣਜੀਤ ਨਗਾਰਾ' ਕਦੋਂ ਤਿਆਰ ਹੋਇਆ?**

**ਉੱਤਰ** : ਸੰਨ 1680 ਵਿਚ।

**ਪ੍ਰਸ਼ਨ 13. ਰਣਜੀਤ ਨਗਾਰਾ ਕਿੱਥੇ ਸਥਾਪਤ ਕੀਤਾ ਗਿਆ?**

**ਉੱਤਰ** : ਕਿਲ੍ਹਾ ਅਨੰਦਗੜ੍ਹ ਵਿਚ।

**ਪ੍ਰਸ਼ਨ 14. ਝੂਲਦੇ ਨਿਸ਼ਾਨ ਅਤੇ ਨਗਾਰਾ ਕਿਸ ਗੱਲ ਦੇ ਚਿੰਨ੍ਹ ਹਨ?**
**ਉੱਤਰ** : ਸੁਤੰਤਰ ਰਾਜ ਦੇ।

**ਪ੍ਰਸ਼ਨ 15. 'ਪੀਰ ਬੁਧੂ ਸ਼ਾਹ' ਦਾ ਅਸਲ ਨਾਮ ਕੀ ਸੀ?**
**ਉੱਤਰ** : ਸ਼ੇਖ-ਬਦਰ-ਉਦ-ਦੀਨ।

**ਪ੍ਰਸ਼ਨ 16. ਗੁਰੂ ਜੀ ਨੇ ਕਿਸ ਪੰਡਤ ਨੂੰ ਸਿੱਖਾਂ ਨੂੰ ਸੰਸਕ੍ਰਿਤ ਪੜ੍ਹਾਉਣ ਲਈ ਕਿਹਾ?**
**ਉੱਤਰ** : ਪੰਡਤ ਰਘੂਨਾਥ ਨੂੰ।

**ਪ੍ਰਸ਼ਨ 17. ਪੰਡਤ ਰਘੂਨਾਥ ਨੇ ਸਿੱਖਾਂ ਨੂੰ ਸੰਸਕ੍ਰਿਤ ਪੜ੍ਹਾਉਣ ਤੋਂ ਕਿਉਂ ਨਾਂਹ ਕਰ ਦਿੱਤੀ?**
**ਉੱਤਰ** : ਕਿਉਂਕਿ ਉਹ ਸਿੱਖਾਂ ਦੇ ਸੰਸਕ੍ਰਿਤ ਪੜ੍ਹਨ ਨੂੰ ਬ੍ਰਾਹਮਣ ਦੇ ਹੱਕਾਂ 'ਤੇ ਛਾਪਾ ਸਮਝਦਾ ਸੀ।

**ਪ੍ਰਸ਼ਨ 18. ਗੁਰੂ ਜੀ ਨੇ ਪੰਜ ਸਿੱਖਾਂ ਨੂੰ ਸੰਸਕ੍ਰਿਤ ਪੜ੍ਹਨ ਲਈ ਕਿੱਥੇ ਭੇਜਿਆ?**
**ਉੱਤਰ** : ਬਨਾਰਸ।

**ਪ੍ਰਸ਼ਨ 19. ਪਹਾੜੀ ਰਾਜੇ ਗੁਰੂ ਜੀ ਦੀਆਂ ਕਿਹੜੀਆਂ ਗੱਲਾਂ ਤੋਂ ਦੁਖੀ ਸਨ?**
**ਉੱਤਰ** : (ੳ) ਜਾਤ-ਪਾਤ ਦੇ ਵਿਤਕਰੇ ਵਿਰੁੱਧ ਪ੍ਰਚਾਰ
(ਅ) ਲੰਗਰ ਲਈ ਇਕੋ ਪੰਗਤ
(ੲ) ਨਗਾਰੇ ਦੀਆਂ ਚੋਟਾਂ
(ਸ) ਕਿਲ੍ਹਿਆਂ ਦੀ ਉਸਾਰੀ
(ਹ) ਝੰਡਿਆਂ ਦਾ ਝੁੱਲਣਾ

**ਪ੍ਰਸ਼ਨ 20. 'ਕਿਹੜਾ ਸਿੱਖ' ਭੰਗਾਣੀ ਦੀ ਜੰਗ ਸਮੇਂ ਲੱਕੜ ਦੀਆਂ ਤੋਪਾਂ ਲੈ ਕੇ ਪਹੁੰਚ ਗਿਆ ਸੀ?**
**ਉੱਤਰ** : ਭਾਈ ਰਾਮਾ (ਕਾਂਸ਼ੀ ਨਿਵਾਸੀ)।

**ਪ੍ਰਸ਼ਨ 21. ਅਨੰਦਪੁਰ ਸਾਹਿਬ ਵਿਖੇ ਗੁਰੂ ਜੀ ਨੇ ਕਿਹੜੇ-ਕਿਹੜੇ ਕਿਲ੍ਹੇ ਬਣਵਾਏ?**
**ਉੱਤਰ** : (ੳ) ਸਤਲੁਜ ਨਦੀ ਦੇ ਕਿਨਾਰੇ—ਨਿਰਮੋਹਗੜ੍ਹ, ਹੋਲਗੜ੍ਹ ਅਤੇ ਲੋਹਗੜ੍ਹ
(ਅ) ਚਰਨ ਗੰਗਾ ਦੇ ਕਿਨਾਰੇ—ਫ਼ਤਹਿਗੜ੍ਹ, ਕੇਸਗੜ੍ਹ ਅਤੇ ਅਨੰਦਗੜ੍ਹ।

**ਪ੍ਰਸ਼ਨ 22. ਹੋਲਾ ਮਹੱਲਾ ਤੋਂ ਕੀ ਭਾਵ ਹੈ?**
**ਉੱਤਰ** : ਹੋਲਾ ਤੋਂ ਭਾਵ ਹਮਲਾ ਅਤੇ ਮਹੱਲਾ ਤੋਂ ਭਾਵ ਹਮਲੇ ਦੀ ਥਾਂ (ਜਾਇ ਹਮਲਾ)।

**ਪ੍ਰਸ਼ਨ 23. ਗੁਰੂ ਜੀ ਨੇ 'ਹੋਲਾ ਮਹੱਲਾ' ਕਿਉਂ ਸ਼ੁਰੂ ਕੀਤਾ?**
**ਉੱਤਰ** : 1. ਸਿੱਖਾਂ ਵਿਚ ਬੀਰ ਰਸ ਭਰਨ ਲਈ।
2. ਸ਼ਸਤਰ ਵਿੱਦਿਆ ਵਿਚ ਨਿਪੁੰਨ ਕਰਨ ਲਈ।



**ਪ੍ਰਸ਼ਨ 24. ਜਿਸ ਵੈਸਾਖੀ ਨੂੰ ਖ਼ਾਲਸਾ ਪੰਥ ਦੀ ਸਿਰਜਨਾ ਹੋਈ, ਉਸ ਦਿਨ ਕੀ ਤਰੀਕ ਸੀ?**
**ਉੱਤਰ** : 30 ਮਾਰਚ, ਸੰਨ 1699

**ਪ੍ਰਸ਼ਨ 25. ਖ਼ਾਲਸਾ ਸਾਜਣ ਵੇਲੇ ਗੁਰੂ ਜੀ ਦੇ ਹੁਕਮ 'ਤੇ ਜਿਨ੍ਹਾਂ ਪੰਜ ਪਿਆਰਿਆਂ ਨੇ ਆਪਣਾ ਸੀਸ ਭੇਟ ਕੀਤਾ ਉਹਨਾਂ ਦੇ ਨਾਮ ਲਿਖੋ ਅਤੇ ਉਹ ਕਿੱਥੋਂ ਦੇ ਰਹਿਣ ਵਾਲੇ ਸਨ?**
**ਉੱਤਰ** : 1. ਭਾਈ ਦਇਆ ਰਾਮ—ਲਾਹੌਰ
2. ਭਾਈ ਧਰਮ ਦਾਸ—ਹਸਤਨਾਪੁਰ (ਦਿੱਲੀ)
3. ਭਾਈ ਮੁਹਕਮ ਚੰਦ—ਦੁਆਰਕਾ (ਗੁਜਰਾਤ)
4. ਭਾਈ ਹਿੰਮਤ ਰਾਇ—ਜਗਨਨਾਥ ਪੁਰੀ (ਉੜੀਸਾ)
5. ਭਾਈ ਸਾਹਿਬ ਚੰਦ—ਬਿਦਰ (ਕਰਨਾਟਕਾ)

**ਪ੍ਰਸ਼ਨ 26. ਸੰਨ 1699 ਦੀ ਵਿਸਾਖੀ 'ਤੇ 20,000 ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ। ਇਹ ਗਿਣਤੀ ਕਿਸ ਇਤਿਹਾਸਕਾਰ ਨੇ ਲਿਖੀ ਹੈ?**
**ਉੱਤਰ** : ਗ਼ੁਲਾਮ ਮੁਹੱਈਉੱਦੀਨ।

**ਪ੍ਰਸ਼ਨ 27. ਪਹਾੜੀ ਰਾਜੇ ਗੁਰੂ ਜੀ ਨੂੰ ਆਪਣੇ ਲਈ ਖਤਰਾ ਕਿਉਂ ਸਮਝਦੇ ਸਨ?**
**ਉੱਤਰ** : ਗੁਰੂ ਜੀ ਦੀ ਅਗਵਾਈ ਵਿਚ ਗਰੀਬਾਂ ਤੇ ਸ਼ੂਦਰਾਂ ਦੇ ਜਾਗ ਉਠਣ ਅਤੇ ਜੰਗ ਦੇ ਮੈਦਾਨ ਵਿਚ ਮੁਗ਼ਲਾਂ ਨਾਲ ਜੂਝਣ ਦੀ ਬਹਾਦਰੀ ਕਾਰਨ, ਪਹਾੜੀਏ, ਗੁਰੂ ਜੀ ਨੂੰ ਆਪਣੇ ਲਈ ਖਤਰਾ ਸਮਝਦੇ ਸਨ।

**ਪ੍ਰਸ਼ਨ 28. ਗੁਰੂ ਜੀ ਨੇ ਸੂਰਜ ਗ੍ਰਹਿਣ ਦੇ ਮੌਕੇ 'ਤੇ ਗ੍ਰਹਿਣ ਦਾ ਭਰਮ ਤੋੜਨ ਲਈ ਕੀ ਕੀਤਾ?**
**ਉੱਤਰ** : ਆਪ ਨੇ ਗ੍ਰਹਿਣ ਵਾਲੇ ਦਿਨ ਸਦਾ-ਬਰਤ ਲੰਗਰ ਲਗਾ ਦਿੱਤਾ।

**ਪ੍ਰਸ਼ਨ 29. ਸਰਸਾ ਨਦੀ ਦੀ ਜੰਗ ਸਮੇਂ ਗੁਰੂ ਜੀ ਦਾ ਪਰਿਵਾਰ ਕਿੰਨੇ ਹਿੱਸਿਆਂ ਵਿਚ ਵੰਡਿਆ ਗਿਆ?**
**ਉੱਤਰ** : ਤਿੰਨ ਹਿੱਸਿਆਂ ਵਿਚ :
(1) ਮਾਤਾ ਸੁੰਦਰ ਕੌਰ ਤੇ ਮਾਤਾ ਸਾਹਿਬ ਕੌਰ, ਭਾਈ ਮਨੀ ਸਿੰਘ ਜੀ ਨਾਲ ਦਿੱਲੀ ਗਏ।
(2) ਵੱਡੇ ਸਾਹਿਬਜ਼ਾਦੇ, ਗੁਰੂ ਜੀ ਨਾਲ ਚਮਕੌਰ ਪੁੱਜੇ।
(3) ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਗੰਗੂ ਬ੍ਰਾਹਮਣ ਨਾਲ ਪਿੰਡ ਖੇੜੀ ਗਏ।

**ਪ੍ਰਸ਼ਨ 30. ਜਦੋਂ ਸਿੱਖਾਂ ਨੇ ਚਮਕੌਰ ਦੀ ਗੜ੍ਹੀ ਵਿਚ ਗੁਰੂ ਜੀ ਨੂੰ ਇਹ ਕਿਹਾ ਕਿ ਤੁਸੀਂ ਸਾਹਿਬਜ਼ਾਦਿਆਂ ਸਮੇਤ ਜੰਗ ਵਿਚੋਂ ਨਿਕਲ ਜਾਓ, ਤਾਂ ਗੁਰੂ ਜੀ ਨੇ ਕੀ ਉੱਤਰ ਦਿੱਤਾ?**

**ਉੱਤਰ** : "ਤੁਸੀਂ ਕਿਹੜੇ ਸਾਹਿਬਜ਼ਾਦਿਆਂ ਦੀ ਗੱਲ ਕਰਦੇ ਹੋ, ਤੁਸੀਂ ਸਾਰੇ ਹੀ ਮੇਰੇ ਸਾਹਿਬਜ਼ਾਦੇ ਹੋ।"

**ਪ੍ਰਸ਼ਨ 31. ਜਦੋਂ ਗੁਰੂ ਜੀ ਅੱਧੀ ਰਾਤ ਤੋਂ ਬਾਅਦ ਚਮਕੌਰ ਦੀ ਗੜ੍ਹੀ ਵਿਚੋਂ ਬਾਹਰ ਜਾ ਰਹੇ ਸਨ ਤਾਂ ਤਿੰਨ ਸਿੰਘਾਂ ਨੇ ਵੱਖ-ਵੱਖ ਥਾਵਾਂ ਤੋਂ ਉੱਚੀ ਆਵਾਜ਼ ਵਿਚ ਕੀ ਕਿਹਾ?**

**ਉੱਤਰ** : ਹਿੰਦ ਦਾ ਪੀਰ ਜਾ ਰਿਹਾ ਹੈ ("ਪੀਰੇ ਹਿੰਦ ਮੇ ਰਵਦ"), ਜਿਸ ਦੀ ਹਿੰਮਤ ਹੈ ਫੜ ਲਵੋ।

**ਪ੍ਰਸ਼ਨ 32. ਗੁਰੂ ਜੀ ਨੇ ਗੜ੍ਹੀ ਵਿਚੋਂ ਜਾਣ ਸਮੇਂ ਆਪਣੀ ਥਾਂ 'ਤੇ ਭਾਈ ਸੰਗਤ ਸਿੰਘ ਨੂੰ ਆਪਣੀ ਪੁਸ਼ਾਕ ਪਹਿਨਾ ਕੇ ਤੇ ਕਲਗੀ ਲਾ ਕੇ ਗੜ੍ਹੀ ਦੀ ਮਮਟੀ ਵਿਚ ਬੈਠਣ ਲਈ ਕਿਉਂ ਕਿਹਾ ਸੀ?**

**ਉੱਤਰ** : ਕਿਉਂਕਿ ਭਾਈ ਸੰਗਤ ਸਿੰਘ ਜੀ ਦੀ ਸ਼ਕਲ ਗੁਰੂ ਜੀ ਨਾਲ ਮਿਲਦੀ ਸੀ ਤੇ ਇਸ ਤਰ੍ਹਾਂ ਮੁਗ਼ਲ ਫ਼ੌਜ ਨੂੰ ਭੁਲੇਖਾ ਪਾਇਆ ਜਾ ਸਕਦਾ ਸੀ।

**ਪ੍ਰਸ਼ਨ 33. ਦੀਨੇ ਪਿੰਡ ਵਿਚ ਗੁਰੂ ਜੀ ਕਿਨ੍ਹਾਂ ਕੋਲ ਠਹਿਰੇ?**

**ਉੱਤਰ** : ਚੌਧਰੀ ਲਖਮੀਰ, ਸ਼ਮੀਰ ਤੇ ਤਖ਼ਤ ਮੱਲ ਕੋਲ।

**ਪ੍ਰਸ਼ਨ 34. ਡਾ: ਟਰੰਪ ਅਨੁਸਾਰ ਸਾਬੋ ਕੀ ਤਲਵੰਡੀ ਵਿਖੇ ਕਿੰਨੇ ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ?**

**ਉੱਤਰ** : ਇਕ ਲੱਖ ਵੀਹ ਹਜ਼ਾਰ ਪ੍ਰਾਣੀਆਂ ਨੇ।

**ਪ੍ਰਸ਼ਨ 35. ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦਿੱਤੀ। ਇਸ ਬਾਰੇ ਮਹਿਮਾ ਪ੍ਰਕਾਸ਼ ਵਿਚ ਕੀ ਲਿਖਿਆ ਹੈ?**

**ਉੱਤਰ** : ਸੋ ਦਸ ਸਰੂਪ ਹਮਾਰੇ ਪੂਰਨ ਭਏ।
ਮੇਰੀ ਜਗ੍ਹਾ ਗੁਰੂ ਗ੍ਰੰਥ ਸਾਹਿਬ ਕੋ ਜਾਣਨਾ।
ਜਿਸ ਨੇ ਮੇਰੇ ਸੇ ਬਾਤ ਕਰਨੀ ਹੋਇ ਤਾਂ ਆਦਿ ਗ੍ਰੰਥ ਸਾਹਿਬ ਦਾ ਪਾਠ ਕਰਨਾ। ਮੇਰੇ ਸੇ ਬਾਤਾਂ ਹੋਵੇਗੀ।

**ਪ੍ਰਸ਼ਨ 36. ਗੁਰੂ ਜੀ ਕਿਸ ਅਸਥਾਨ 'ਤੇ ਜੋਤੀ ਜੋਤਿ ਸਮਾਏ। ਉਥੇ ਹੁਣ ਕਿਹੜਾ ਗੁਰਦੁਆਰਾ ਹੈ?**

**ਉੱਤਰ** : ਨਾਂਦੇੜ ਵਿਖੇ, ਗੁਰਦੁਆਰਾ ਸ੍ਰੀ ਹਜ਼ੂਰ ਸਾਹਿਬ।



**ਪ੍ਰਸ਼ਨ 37. ਗੁਰੂ ਜੀ ਅਤੇ ਉਹਨਾਂ ਦੇ ਕਵੀਆਂ ਦੀਆਂ ਰਚਨਾਵਾਂ ਦਾ ਜਿਹੜਾ ਗ੍ਰੰਥ ਸਰਸਾ ਨਦੀ ਵਿਚ ਰੁੜ੍ਹ ਗਿਆ ਸੀ, ਉਸ ਦਾ ਕੀ ਨਾਂ ਸੀ?**

**ਉੱਤਰ** : ਵਿਦਿਆਧਰ ਜਾਂ ਵਿਦਿਆ ਸਾਗਰ ਗ੍ਰੰਥ।

**ਪ੍ਰਸ਼ਨ 38. ਗੁਰੂ ਜੀ ਦੀਆਂ ਕੋਈ ਪੰਜ ਪ੍ਰਮਾਣਿਕ ਬਾਣੀਆਂ ਦੇ ਨਾਂ ਲਿਖੋ।**

**ਉੱਤਰ** :
1. ਜਾਪੁ ਸਾਹਿਬ
2. ਅਕਾਲ ਉਸਤਤਿ
3. ਤੇਤੀ ਸਵਈਏ
4. ਜ਼ਫ਼ਰਨਾਮਾ
5. ਖ਼ਾਲਸਾ ਮਹਿਮਾ

**ਪ੍ਰਸ਼ਨ 39. ਗੁਰੂ ਜੀ ਨੇ ਆਮ ਲੋਕਾਂ ਨੂੰ ਨਿਪੁੰਨ ਯੋਧੇ ਬਣਾ ਦਿੱਤਾ, ਇਸ ਬਾਰੇ ਗੋਕਲ ਚੰਦ ਨਾਰੰਗ ਦੇ ਕੀ ਵਿਚਾਰ ਹਨ?**

**ਉੱਤਰ** : ਗੁਰੂ ਗੋਬਿੰਦ ਸਿੰਘ ਜੀ ਦੇ ਅਸਰ ਹੇਠ ਅਜਿਹੇ ਮਨੁੱਖ ਵੀ ਰਣਖੇਤਰ ਦੇ ਸੂਰਮੇ ਬਣ ਗਏ, ਜਿਨ੍ਹਾਂ ਨੇ ਕਦੀ ਤਲਵਾਰ ਨੂੰ ਹੱਥ ਵੀ ਨਹੀਂ ਸੀ ਪਾਇਆ।

**ਪ੍ਰਸ਼ਨ 40. ਕੀ ਗੁਰੂ ਜੀ ਮੁਸਲਮਾਨਾਂ ਦੇ ਦੁਸ਼ਮਣ ਸਨ?**

**ਉੱਤਰ** : ਨਹੀਂ ਜੀ, ਉਹ ਤਾਂ ਜ਼ੁਲਮ ਕਰਨ ਵਾਲਿਆਂ ਦੇ ਵਿਰੋਧੀ ਸਨ। ਭਾਵੇਂ ਜ਼ੁਲਮ ਕਰਨ ਵਾਲੇ ਹਿੰਦੂ ਪਹਾੜੀ ਰਾਜੇ ਹੋਣ ਜਾਂ ਮੁਗ਼ਲ ਬਾਦਸ਼ਾਹ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

**ਪ੍ਰਸ਼ਨ 1. ਜਦੋਂ ਗੁਰੂ ਨਾਨਕ ਦੇਵ ਜੀ ਮੱਕੇ ਗਏ ਤਾਂ ਉਹਨਾਂ ਦੇ ਕੋਲ ਗੁਰਬਾਣੀ ਦੀ ਇਕ ਪੋਥੀ ਵੀ ਸੀ, ਇਸ ਬਾਰੇ ਭਾਈ ਗੁਰਦਾਸ ਜੀ ਦੀ ਵਾਰ ਦੀਆਂ ਤੁਕਾਂ ਲਿਖੋ।**

**ਉੱਤਰ** : ਬਾਬਾ ਫਿਰ ਮਕੇ ਗਇਆ, ਨੀਲ ਬਸਤ੍ਰ ਧਾਰੇ ਬਨਵਾਰੀ॥
ਆਸਾ ਹਥਿ, ਕਿਤਾਬ ਕਛਿ, ਕੂਜਾ ਬਾਂਗ ਮੁਸਲਾ ਧਾਰੀ॥

**ਪ੍ਰਸ਼ਨ 2. ਬਾਣੀ ਦੀ ਪੋਥੀ ਗੁਰੂ ਅੰਗਦ ਦੇਵ ਜੀ ਨੂੰ ਦੇਣ ਬਾਰੇ 'ਪੁਰਾਤਨ ਜਨਮ ਸਾਖੀ' ਵਿਚ ਕੀ ਲਿਖਿਆ ਹੋਇਆ ਹੈ?**

**ਉੱਤਰ** : ਤਿਤ ਮਹਲ ਜੋ ਸ਼ਬਦ ਹੋਆ, ਸੋ ਪੋਥੀ ਗੁਰੂ ਅੰਗਦ ਜੋਗ ਮਿਲੀ।

**ਪ੍ਰਸ਼ਨ 3. ਜਿਨ੍ਹਾਂ ਗੁਰੂ ਸਾਹਿਬਾਨ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ, ਉਨ੍ਹਾਂ ਦੇ ਨਾਮ ਲਿਖੋ।**

**ਉੱਤਰ :** ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ।

**ਪ੍ਰਸ਼ਨ 4. ਕਿਨ੍ਹਾਂ 15 ਭਗਤਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ?**

**ਉੱਤਰ :** ਭਗਤ ਕਬੀਰ ਜੀ, ਨਾਮਦੇਵ ਜੀ, ਰਵਿਦਾਸ ਜੀ, ਤ੍ਰਿਲੋਚਨ ਜੀ, ਫ਼ਰੀਦ ਜੀ, ਬੇਣੀ ਜੀ, ਧੰਨਾ ਜੀ, ਜੈਦੇਵ ਜੀ, ਭੀਖਨ ਜੀ, ਪਰਮਾਨੰਦ ਜੀ, ਸੈਣ ਜੀ, ਪੀਪਾ ਜੀ, ਸਧਨਾ ਜੀ, ਰਾਮਾਨੰਦ ਜੀ ਅਤੇ ਸੂਰਦਾਸ ਜੀ।

**ਪ੍ਰਸ਼ਨ 5. ਕਿਨ੍ਹਾਂ 11 ਭੱਟਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ?**

**ਉੱਤਰ :** ਭੱਟ ਕਲਸਹਾਰ, ਜਾਲਪ, ਕੀਰਤ, ਭਿਖਾ, ਸਲ੍ਯ, ਭਲ੍ਯ, ਨਲ੍ਯ, ਬਲ੍ਯ, ਗਯੰਦ, ਮਥੁਰਾ ਅਤੇ ਹਰਿਬੰਸ ਜੀ।

**ਪ੍ਰਸ਼ਨ 6. ਕਿਨ੍ਹਾਂ ਤਿੰਨ ਗੁਰਸਿੱਖਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ?**

**ਉੱਤਰ :** ਭਾਈ ਸੱਤਾ ਜੀ, ਭਾਈ ਬਲਵੰਡ ਜੀ ਤੇ ਭਾਈ ਸੁੰਦਰ ਜੀ।

**ਪ੍ਰਸ਼ਨ 7. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਗਏ 31 ਰਾਗਾਂ ਦੇ ਨਾਮ ਲਿਖੋ।**

**ਉੱਤਰ :** ਸਿਰੀ ਰਾਗ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, ਸੂਹੀ, ਬਿਲਾਵਲੁ, ਗੋਂਡ, ਰਾਮਕਲੀ, ਨਟ ਨਰਾਇਨ, ਮਾਲੀ ਗਉੜੀ, ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਨ, ਪ੍ਰਭਾਤੀ ਅਤੇ ਜੈਜਾਵੰਤੀ।

**ਪ੍ਰਸ਼ਨ 8. 'ਆਦਿ ਬੀੜ' ਦੇ ਤਤਕਰੇ ਵਿਚ 'ਬੀੜ' ਦੀ ਲਿਖਾਈ ਦੇ ਸੰਪੂਰਨ ਹੋਣ ਦੀ ਸੂਚਨਾ ਕਿੰਨ੍ਹਾਂ ਸ਼ਬਦਾਂ ਵਿਚ ਦਿੱਤੀ ਹੋਈ ਹੈ?**

**ਉੱਤਰ :** ਸੂਚੀ ਪਤ੍ਰ ਪੋਥੀ ਕਾ, ਤਤਕਰਾ ਰਾਗਾਂ ਕਾ, ਸੰਮਤ ੧੬੬੧ ਮਿਤੀ ਭਾਦਉ ਵਦੀ ਏਕਮ ੧, ਪੋਥੀ ਲਿਖਿ ਪਹੁੰਚੇ।

**ਪ੍ਰਸ਼ਨ 9. 'ਆਦਿ ਬੀੜ' ਦਾ ਪਹਿਲਾ ਉਤਾਰਾ ਕਿਸ ਨੇ ਕਰਵਾਇਆ ਸੀ?**

**ਉੱਤਰ :** ਭਾਈ ਬੰਨੋ ਜੀ ਨੇ।

**ਨੋਟ : ਵਿਸਥਾਰ ਵਿਚ ਜਾਣਕਾਰੀ ਲੈਣ ਲਈ ਕਾਲਜ ਵਲੋਂ ਛਪੀਆਂ 'ਗੁਰੂ ਸਾਹਿਬਾਨ ਦੀਆਂ ਜੀਵਨੀਆਂ' ਅਤੇ 'ਗੁਰੂ ਮਾਨੀਓ ਗ੍ਰੰਥ' ਪੁਸਤਕਾਂ ਪੜ੍ਹੋ ਜੀ।**



# (ਅ) ਸਿੱਖ ਜਰਨੈਲ

## (1) ਨਵਾਬ ਕਪੂਰ ਸਿੰਘ ਜੀ

**ਪ੍ਰਸ਼ਨ 1. ਨਵਾਬ ਕਪੂਰ ਸਿੰਘ ਜੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ?**

**ਉੱਤਰ :** ਸੰਨ 1697 ਵਿਚ ਪਰਗਨਾ ਸ਼ੇਖ਼ੂਪੁਰਾ ਦੇ ਪਿੰਡ ਕਾਲੋਕੇ ਵਿਖੇ ਹੋਇਆ।

**ਪ੍ਰਸ਼ਨ 2. ਆਪ ਦੇ ਪਿਤਾ ਜੀ ਦਾ ਕੀ ਨਾਮ ਸੀ?**

**ਉੱਤਰ :** ਚੌਧਰੀ ਦਲੀਪ ਸਿੰਘ।

**ਪ੍ਰਸ਼ਨ 3. ਆਪ ਨੇ ਕਦੋਂ ਤੇ ਕਿਸ ਦੇ ਜਥੇ ਪਾਸੋਂ ਅੰਮ੍ਰਿਤ ਛਕਿਆ?**

**ਉੱਤਰ :** ਸੰਨ 1721 ਵਿਚ ਭਾਈ ਮਨੀ ਸਿੰਘ ਜੀ ਦੇ ਜਥੇ ਪਾਸੋਂ ਅੰਮ੍ਰਿਤ ਛਕਿਆ।

**ਪ੍ਰਸ਼ਨ 4. ਨਵਾਬ ਕਪੂਰ ਸਿੰਘ ਕੌਮੀ ਸੇਵਾ ਲਈ ਕਿਸ ਦੇ ਜਥੇ ਵਿਚ ਸ਼ਾਮਲ ਹੋ ਗਏ ਸਨ?**

**ਉੱਤਰ :** ਦੀਵਾਨ ਦਰਬਾਰਾ ਸਿੰਘ ਜੀ ਦੇ ਜਥੇ ਵਿਚ।

**ਪ੍ਰਸ਼ਨ 5. ਭਾਈ ਤਾਰਾ ਸਿੰਘ ਜੀ 'ਵਾਂ' ਦੀ ਸ਼ਹੀਦੀ ਮਗਰੋਂ ਹਕੂਮਤ ਨੂੰ ਸਿੱਧੇ ਰਸਤੇ ਲਿਆਉਣ ਲਈ ਸਿੱਖ ਪੰਥ ਨੇ ਕੀ ਫ਼ੈਸਲੇ ਕੀਤੇ?**

**ਉੱਤਰ :** (ੳ) ਹਕੂਮਤ ਦੇ ਖ਼ਜ਼ਾਨੇ ਲੁੱਟੇ ਜਾਣ।

(ਅ) ਸ਼ਾਹੀ ਹਥਿਆਰ-ਘਰਾਂ ਤੋਂ ਹਥਿਆਰ ਤੇ ਘੋੜੇ ਪ੍ਰਾਪਤ ਕੀਤੇ ਜਾਣ।

(ੲ) ਹਕੂਮਤ ਦੇ ਸਹਾਇਕਾਂ ਤੇ ਖੁਸ਼ਾਮਦੀਆਂ ਦੀ ਪੂਰੀ ਤਰ੍ਹਾਂ ਸੁਧਾਈ ਕੀਤੀ ਜਾਵੇ।

**ਪ੍ਰਸ਼ਨ 6. ਦੀਵਾਨ ਦਰਬਾਰਾ ਸਿੰਘ ਨੇ ਹਕੂਮਤ ਨੂੰ ਸਬਕ ਸਿਖਾਉਣ ਲਈ ਸ: ਕਪੂਰ ਸਿੰਘ ਦੀ ਕੀ ਸੇਵਾ ਲਗਾਈ?**

**ਉੱਤਰ :** ਆਪ ਨੂੰ ਨੌਜੁਆਨਾਂ ਦੇ ਇਕ ਤਕੜੇ ਜਥੇ ਦਾ ਜਥੇਦਾਰ ਥਾਪਿਆ ਅਤੇ ਮਾਝੇ ਦੇ ਇਲਾਕੇ ਵਿਚ ਭੇਜਿਆ ਗਿਆ। ਆਪ ਦਾ ਕੰਮ ਹੈੱਡ ਕਵਾਟਰ ਨੂੰ ਵੈਰੀ ਦੀਆਂ ਖ਼ਬਰਾਂ ਪਹੁੰਚਾਣਾ ਸੀ।

**ਪ੍ਰਸ਼ਨ 7. ਨਵਾਬ ਕਪੂਰ ਸਿੰਘ ਨੇ ਪਹਿਲਾ ਕਿਹੜਾ ਵੱਡਾ ਕਾਰਨਾਮਾ ਕੀਤਾ?**

**ਉੱਤਰ :** 400 ਸਿੰਘਾਂ ਨੂੰ ਨਾਲ ਲੈ ਕੇ, ਪਰਗਨਾ ਲਾਹੌਰ ਦੇ ਖੁਡੀਆ ਨਗਰ ਵਿਖੇ, ਮੁਲਤਾਨ ਤੋਂ ਲਾਹੌਰ ਜਾ ਰਿਹਾ ਚਾਰ ਲੱਖ ਰੁਪਏ ਦਾ ਸ਼ਾਹੀ ਖ਼ਜ਼ਾਨਾ ਲੁੱਟਿਆ।

**ਪ੍ਰਸ਼ਨ 8. ਖ਼ਾਲਸੇ ਦੇ ਹਮਲਿਆਂ ਤੋਂ ਤੰਗ ਆ ਕੇ ਜ਼ਕਰੀਆ ਖ਼ਾਨ ਨੇ ਦਿੱਲੀ ਦੇ ਬਾਦਸ਼ਾਹ ਨੂੰ ਕੀ ਸਲਾਹ ਦਿੱਤੀ?**

**ਉੱਤਰ :** ਖ਼ਾਲਸੇ ਤੋਂ ਸਾਰੀਆਂ ਪਾਬੰਦੀਆਂ ਹਟਾ ਕੇ ਅਤੇ ਆਗੂਆਂ ਨੂੰ ਉੱਚੇ ਪਦ ਦੇ ਕੇ, ਆਪਸ ਵਿਚ ਲੜਾਇਆ ਜਾਏ।

**ਪ੍ਰਸ਼ਨ 9. ਖ਼ਾਲਸੇ ਨੂੰ ਜਾਗੀਰ ਕਿਹੜੇ ਸੰਨ ਵਿਚ ਦਿੱਤੀ ਗਈ?**

**ਉੱਤਰ** : ਸੰਨ 1733 ਵਿਚ।

**ਪ੍ਰਸ਼ਨ 10. ਕਿਨ੍ਹਾਂ ਪਿੰਡਾਂ ਦੀ ਜਗੀਰ ਖ਼ਾਲਸੇ ਨੂੰ ਦਿੱਤੀ ਗਈ ਸੀ ਤੇ ਉਸਦੀ ਕਿੰਨੀ ਸਾਲਾਨਾ ਆਮਦਨ ਹੁੰਦੀ ਸੀ?**

**ਉੱਤਰ** : (i) ਦੀਪਾਲਪੁਰ, ਕੰਗਣਵਾਲ ਅਤੇ ਝਬਾਲ ਦੇ ਪਿੰਡ।
(ii) ਇਨ੍ਹਾਂ ਤੋਂ ਇਕ ਲੱਖ ਰੁਪਏ ਦੀ ਸਾਲਾਨਾ ਆਮਦਨ ਸੀ।

**ਪ੍ਰਸ਼ਨ 11. ਜਗੀਰ ਅਤੇ ਨਵਾਬੀ ਦੀ ਪੇਸ਼ਕਸ਼ ਕਿਸ ਦੇ ਰਾਹੀਂ ਕੀਤੀ ਗਈ ਸੀ?**

**ਉੱਤਰ** : ਸਰਦਾਰ ਸੁਬੇਗ ਸਿੰਘ ਜੀ ਦੇ ਰਾਹੀਂ।

**ਪ੍ਰਸ਼ਨ 12. ਨਵਾਬੀ ਕਿਸ ਨੂੰ ਦਿੱਤੀ ਗਈ?**

**ਉੱਤਰ** : ਸ: ਕਪੂਰ ਸਿੰਘ ਜੀ ਨੂੰ।

**ਪ੍ਰਸ਼ਨ 13. ਨਵਾਬੀ ਮਿਲਣ ਸਮੇਂ ਸ: ਕਪੂਰ ਸਿੰਘ, ਸੰਗਤਾਂ ਦੀ ਕਿਹੜੀ ਸੇਵਾ ਕਰਿਆ ਕਰਦੇ ਸਨ?**

**ਉੱਤਰ** : ਲੰਗਰ ਦੇ ਭਾਂਡੇ ਮਾਂਜਣ, ਪਾਣੀ ਤੇ ਪੱਖੇ ਤੇ ਸੇਵਾ ਅਤੇ ਤਬੇਲੇ ਵਿਚ ਵਿਚ ਘੋੜਿਆਂ ਦੀ ਦੇਖਭਾਲ ਕਰਨੀ।

**ਪ੍ਰਸ਼ਨ 14. ਨਵਾਬੀ ਲੈਣ ਤੋਂ ਪਹਿਲਾਂ ਸ: ਕਪੂਰ ਸਿੰਘ ਨੇ ਕੀ ਬੇਨਤੀ ਕੀਤੀ ਸੀ?**

**ਉੱਤਰ** : (i) ਨਵਾਬੀ ਦੀ ਖਿਲਅਤ (ਪੁਸ਼ਾਕ) ਪੰਜ ਪਿਆਰਿਆਂ ਦੇ ਚਰਨਾਂ ਨਾਲ ਛੁਹਾ ਕੇ ਬਖਸ਼ੀ ਜਾਵੇ।
(ii) ਮੈਨੂੰ ਪਹਿਲਾਂ ਦੀ ਤਰ੍ਹਾਂ ਸੰਗਤਾਂ ਦੀ ਸੇਵਾ ਕਰਨ ਦਿੱਤੀ ਜਾਵੇ।

**ਪ੍ਰਸ਼ਨ 15. ਜਗੀਰ ਪ੍ਰਵਾਨ ਕਰਨ ਸਮੇਂ ਸਿੱਖਾਂ ਨੇ ਕੀ ਸੋਚਿਆ ਸੀ?**

**ਉੱਤਰ** : (i) ਜਦ ਤੱਕ ਜ਼ਕਰੀਆ ਖ਼ਾਨ ਦਾ ਖ਼ਾਲਸੇ ਨਾਲ ਵਰਤਾਰਾ ਚੰਗਾ ਰਹੇਗਾ, ਉਦੋਂ ਤੱਕ ਜਗੀਰ ਤੋਂ ਲਾਭ ਉਠਾਵਾਂਗੇ; (ii) ਉਸਦੀ ਨੀਅਤ ਫਿਰਦੀ ਦਿੱਸੀ ਤਾਂ ਜਗੀਰ ਉਸਦੇ ਮੱਥੇ ਮਾਰਾਂਗੇ; (iii) ਜਗੀਰ ਨੂੰ ਪੰਥਕ ਹਿਤਾਂ ਲਈ ਵਰਤਾਂਗੇ ਅਤੇ ਪੰਥਕ ਜਥੇਬੰਦੀ ਨੂੰ ਪੱਕੇ ਪੈਰਾਂ 'ਤੇ ਕਰਾਂਗੇ; (iv) ਆਮਦਨ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਾਂਗੇ। (v) ਗੁਰਦੁਆਰਿਆਂ ਦੀ ਸੇਵਾ ਸੰਭਾਲ ਕਰਾਂਗੇ।

**ਪ੍ਰਸ਼ਨ 16. 'ਨਵਾਬ' ਬਣਨ ਮਗਰੋਂ ਸ: ਕਪੂਰ ਸਿੰਘ ਜੀ ਨੇ ਸਭ ਤੋਂ ਪਹਿਲਾਂ ਕੀ ਕੰਮ ਕੀਤਾ?**

**ਉੱਤਰ** : ਖ਼ਾਲਸੇ ਦਾ ਇਕੱਠ ਅੰਮ੍ਰਿਤਸਰ ਬੁਲਾ ਕੇ, ਖ਼ਾਲਸੇ ਨੂੰ ਦੋ ਹਿੱਸਿਆਂ—'ਬੁੱਢਾ ਦਲ' ਅਤੇ 'ਤਰੁਨਾ ਦਲ' ਵਿਚ ਵੰਡ ਦਿੱਤਾ।



**ਪ੍ਰਸ਼ਨ 17. ਬੁੱਢਾ ਦਲ ਤੇ ਤਰੁਨਾ ਦਲ ਵਿਚ ਵੰਡ ਕਿਵੇਂ ਕੀਤੀ ਗਈ?**

**ਉੱਤਰ** : 40 ਸਾਲਾਂ ਤੋਂ ਘੱਟ ਉਮਰ ਦੇ ਸਿੰਘ 'ਤਰੁਨਾ ਦਲ' ਅਤੇ 40 ਸਾਲਾਂ ਤੋਂ ਵੱਧ ਉਮਰ ਦੇ ਸਿੰਘ 'ਬੁੱਢਾ ਦਲ' ਵਿਚ ਸ਼ਾਮਲ ਕੀਤੇ ਗਏ।

**ਪ੍ਰਸ਼ਨ 18. ਬੁੱਢਾ ਦਲ ਦੇ ਜ਼ਿੰਮੇ ਕਿਹੜੇ ਕੰਮ ਲਗਾਏ ਗਏ?**

**ਉੱਤਰ** : (i) ਗੁਰਦੁਆਰਿਆਂ ਦੀ ਦੇਖਭਾਲ ਤੇ ਸਿੱਖ ਧਰਮ ਦਾ ਪ੍ਰਚਾਰ ਕਰਨਾ।
(ii) ਗੁਰਮਰਯਾਦਾ ਦੀ ਪਵਿੱਤਰਤਾ ਨੂੰ ਮਿਲਾਵਟ ਤੋਂ ਸੁਰੱਖਿਅਤ ਰੱਖਣਾ।
(iii) ਲੋੜ ਪੈਣ 'ਤੇ 'ਤਰੁਨਾ ਦਲ' ਦੀ ਯੁੱਧ ਵਿਚ ਸਹਾਇਤਾ ਕਰਨੀ।

**ਪ੍ਰਸ਼ਨ 19. ਬੁੱਢਾ ਦਲ ਅਤੇ ਤਰੁਨਾ ਦਲ ਲਈ ਕਿਹੜੇ ਸਾਂਝੇ ਨਿਯਮ ਬਣਾਏ ਗਏ?**

**ਉੱਤਰ** : (i) ਪ੍ਰਾਪਤ ਹੋਈ ਮਾਇਆ ਸਾਂਝੇ ਖ਼ਜ਼ਾਨੇ ਵਿਚ ਜਮ੍ਹਾਂ ਕਰਾਈ ਜਾਵੇ।
(ii) ਦੋਹਾਂ ਜਥਿਆਂ ਦੇ ਸਿੰਘਾਂ ਦੀ ਹਥਿਆਰਾਂ, ਘੋੜਿਆਂ, ਸ਼ਸਤਰਾਂ ਆਦਿ ਦੀ ਲੋੜ ਸਾਂਝੇ ਖ਼ਜ਼ਾਨੇ ਵਿਚੋਂ ਪੂਰੀ ਕੀਤੀ ਜਾਵੇ।
(iii) ਦੋਹਾਂ ਜਥਿਆਂ ਦਾ ਲੰਗਰ ਸਾਂਝਾ ਹੋਵੇ।
(iv) ਜਥੇਦਾਰ ਦਾ ਹੁਕਮ ਮੰਨਣਾ ਹਰੇਕ ਸਿੰਘ ਦਾ ਮੁੱਖ ਫ਼ਰਜ਼ ਹੋਵੇ।
(v) ਜਿਸ ਨੇ ਆਪਣੇ ਘਰ-ਪਰਿਵਾਰ ਕੋਲ ਜਾਣਾ ਹੋਵੇ, ਉਹ ਜਥੇਦਾਰ ਤੋਂ ਆਗਿਆ ਲੈ ਕੇ ਜਾਵੇ ਤੇ ਵਾਪਿਸ ਆ ਕੇ ਵੀ ਜਥੇਦਾਰ ਨੂੰ ਸੂਚਨਾ ਦੇਵੇ।

**ਪ੍ਰਸ਼ਨ 20. ਜਦ ਤਰੁਨਾ ਦਲ ਦੀ ਗਿਣਤੀ 12000 ਤੋਂ ਵਧ ਗਈ ਤਾਂ ਨਵਾਬ ਕਪੂਰ ਸਿੰਘ ਜੀ ਨੇ ਕੀ ਸੁਝਾਅ ਦਿੱਤਾ?**

**ਉੱਤਰ** : ਪ੍ਰਬੰਧ ਦੀ ਸੌਖ ਲਈ ਤਰੁਨਾ ਦਲ ਨੂੰ ਪੰਜ ਹਿੱਸਿਆਂ ਵਿਚ ਵੰਡ ਦਿੱਤਾ ਜਾਵੇ।

**ਪ੍ਰਸ਼ਨ 21. ਤਰੁਨਾ ਦਲ ਦੀ ਵੰਡ ਸਮੇਂ ਕਿਹੜੇ-ਕਿਹੜੇ ਸਿੰਘ ਜਥਿਆਂ ਦੇ ਮੁਖੀ ਥਾਪੇ ਗਏ?**

**ਉੱਤਰ** : (i) ਬਾਬਾ ਦੀਪ ਸਿੰਘ
(ii) ਸ: ਕਰਮ ਸਿੰਘ ਤੇ ਧਰਮ ਸਿੰਘ
(iii) ਬਾਬਾ ਕਾਹਨ ਸਿੰਘ ਤੇ ਬਿਨੋਦ ਸਿੰਘ
(iv) ਸ: ਦਸੌਂਧਾ ਸਿੰਘ
(v) ਸ: ਬੀਰ ਸਿੰਘ ਤੇ ਸ: ਜੀਵਨ ਸਿੰਘ ਜੀ।

**ਪ੍ਰਸ਼ਨ 22. ਸ: ਜੱਸਾ ਸਿੰਘ ਆਹਲੂਵਾਲੀਏ ਨੂੰ ਨਵਾਬ ਕਪੂਰ ਸਿੰਘ ਪਾਸ ਕਿਸ ਨੇ ਭੇਜਿਆ ਸੀ?**

**ਉੱਤਰ** : ਮਾਤਾ ਸੁੰਦਰ ਕੌਰ ਜੀ ਨੇ।

**ਪ੍ਰਸ਼ਨ 23. ਸ: ਕਪੂਰ ਸਿੰਘ ਦੀ ਨਵਾਬੀ ਦੌਰਾਨ ਸਿੰਘਾਂ ਨੇ ਕੀ ਮੱਲਾਂ ਮਾਰੀਆਂ?**

**ਉੱਤਰ** : (i) ਖਿੰਡਿਆ ਹੋਇਆ ਖ਼ਾਲਸਾ ਇਕ ਸ਼ਕਤੀਸ਼ਾਲੀ ਜਥੇਬੰਦੀ ਦੇ ਰੂਪ ਵਿਚ ਜੁੜ ਗਿਆ।

(ii) ਬੁੱਢਾ ਦਲ ਦੇ ਯਤਨਾਂ ਸਦਕਾ ਹਜ਼ਾਰਾਂ ਪ੍ਰਾਣੀ ਅੰਮ੍ਰਿਤ ਛਕ ਕੇ ਖ਼ਾਲਸਾ ਪੰਥ ਵਿਚ ਦਾਖਲ ਹੋ ਗਏ।

**ਪ੍ਰਸ਼ਨ 24. ਜ਼ਕਰੀਆ ਖ਼ਾਨ ਨੇ ਨਵਾਬੀ ਕਦੋਂ ਤੇ ਕਿਉਂ ਜ਼ਬਤ ਕੀਤੀ?**

**ਉੱਤਰ** : (i) ਸੰਨ 1735 ਦੇ ਅੱਧ ਵਿਚ।

(ii) ਖ਼ਾਲਸਾ ਜਥੇਬੰਦੀ ਦੇ ਸ਼ਕਤੀਸ਼ਾਲੀ ਬਣ ਜਾਣ ਦੇ ਡਰ ਕਾਰਨ ਜਗੀਰ ਜ਼ਬਤ ਕੀਤੀ।

**ਪ੍ਰਸ਼ਨ 25. ਜਗੀਰ ਜ਼ਬਤ ਕਰਨ ਮਗਰੋਂ ਜ਼ਕਰੀਆ ਖ਼ਾਨ ਨੇ ਸਿੱਖਾਂ ਨੂੰ ਦਬਾਉਣ ਲਈ ਹੋਰ ਕੀ ਕੀਤਾ?**

**ਉੱਤਰ** : (i) 4000 ਸਵਾਰਾਂ ਦੀ ਗਸ਼ਤੀ ਫ਼ੌਜ ਖ਼ਾਲਸੇ ਦਾ ਖੁਰਾ ਖੋਜ ਮਿਟਾਉਣ ਲਈ ਭੇਜੀ; ਸੈਂਕੜੇ ਸਿੱਖ ਕਤਲ ਕੀਤੇ।

(ii) ਸਰਕਾਰੀ ਅਹਿਲਕਾਰਾਂ, ਪਿੰਡਾਂ ਦੇ ਚੌਧਰੀਆਂ, ਨੰਬਰਦਾਰਾਂ ਤੇ ਜਗੀਰਦਾਰਾਂ ਨੂੰ ਹਦਾਇਤਾਂ ਦਿੱਤੀਆਂ ਕਿ ਪਿੰਡਾਂ 'ਤੇ ਸ਼ਹਿਰਾਂ ਵਿਚੋਂ ਸਿੱਖਾਂ ਨੂੰ ਖ਼ਤਮ ਕੀਤਾ ਜਾਵੇ।

(iii) ਸਿੱਖਾਂ ਦੇ ਸਿਰਾਂ ਦੇ ਇਨਾਮ ਰੱਖੇ—ਜਿਹੜਾ ਸਿੱਖ ਦਾ ਸਿਰ ਪੇਸ਼ ਕਰੇ, ਉਸਨੂੰ 50 ਰੁਪਏ, ਜਿਹੜਾ ਸਿੱਖ ਨੂੰ ਫੜ ਕੇ ਲਿਆਵੇ ਉਸ ਨੂੰ 80 ਰੁਪਏ ਅਤੇ ਸਿੱਖ ਦੀ ਸੂਹ ਦੇਣ ਵਾਲੇ ਨੂੰ 10 ਰੁਪਏ ਦੇਣੇ ਅਰੰਭ ਕੀਤੇ।

(iv) ਸਿੱਖਾਂ ਦਾ ਘਰ-ਘਾਟ ਲੁੱਟਣ ਵਾਲੇ ਦੀ ਲੁੱਟ ਮਾਫ਼ ਕਰ ਦਿੱਤੀ।

(v) ਸਿੱਖਾਂ ਨੂੰ ਸ਼ਰਨ ਦੇਣ ਵਾਲੇ ਲਈ ਮੌਤ ਦਾ ਹੁਕਮ ਜਾਰੀ ਕੀਤਾ।

**ਪ੍ਰਸ਼ਨ 26. ਸਿੱਖਾਂ 'ਤੇ ਸਖ਼ਤੀਆਂ ਦੇ ਸਮੇਂ ਨਵਾਬ ਕਪੂਰ ਸਿੰਘ ਕਿੱਥੇ ਚਲੇ ਗਏ ਸਨ?**

**ਉੱਤਰ** : ਪਟਿਆਲਾ ਰਿਆਸਤ ਦੇ ਬਾਨੀ ਸ: ਆਲਾ ਸਿੰਘ ਕੋਲ ਚਲੇ ਗਏ ਤੇ 'ਠੀਕਰੀ ਵਾਲੇ' ਠਹਿਰੇ ਸਨ।

**ਪ੍ਰਸ਼ਨ 27. ਅੱਤਿਆਚਾਰਾਂ ਸਮੇਂ ਆਪ ਨੇ ਲਾਹੌਰ ਦੀ ਹਕੂਮਤ ਨੂੰ ਕਿਵੇਂ ਜਿੱਚ ਕੀਤਾ?**

**ਉੱਤਰ** : ਸਿੰਘਾਂ ਦੇ ਜਥੇ ਨਾਲ ਲਾਹੌਰ ਦੇ ਸ਼ਾਲਾਮਾਰ ਬਾਗ ਪੁੱਜੇ। ਉਥੋਂ ਕੇਵਲ 20 ਸਿੰਘ ਨਾਲ ਲੈ ਕੇ ਲਾਹੌਰ ਵਿਚ ਜਾ ਵੜੇ। ਜਿਸ ਵੀ ਰਾਹ ਰੋਕਿਆ, ਉਸਨੂੰ ਪਾਰ ਬੁਲਾਇਆ। ਕੋਤਵਾਲੀ ਵਿਚ ਦਾਖ਼ਲ ਹੋ ਕੇ ਸਾਰੇ ਕੈਦੀਆਂ ਨੂੰ ਰਿਹਾ ਕਰਵਾਇਆ। ਹਥਿਆਰ-ਘਰ ਵਿਚਲੇ ਹਥਿਆਰ ਆਪਣੇ



ਕਬਜ਼ੇ ਕੀਤੇ ਅਤੇ ਸਰਕਾਰੀ ਖਜ਼ਾਨੇ 'ਤੇ ਵੀ ਕਬਜ਼ਾ ਕੀਤਾ। ਸਭ ਕੁਝ ਲੈ ਕੇ ਸਿੰਘਾਂ ਨੂੰ ਆ ਮਿਲੇ।

**ਪ੍ਰਸ਼ਨ 28. ਕੋਤਵਾਲੀ ਵਿਚੋਂ ਹਥਿਆਰ ਤੇ ਖਜ਼ਾਨਾ ਲਿਆਉਣ ਸਮੇਂ ਆਪ ਨੇ ਕੋਤਵਾਲ ਨੂੰ ਕੀ ਆਖਿਆ ਸੀ?**

**ਉੱਤਰ** : ਕੋਤਵਾਲ ਨੂੰ ਕਿਹਾ ਕਿ ਆਪਣੇ ਮਾਲਕਾਂ ਨੂੰ ਕਹਿ ਦੇਈਂ ਕਿ ਵੱਡੇ ਬਾਦਸ਼ਾਹ ਦਾ ਕੋਤਵਾਲ ਕਪੂਰ ਸਿੰਘ ਆਇਆ ਸੀ। ਜੋ ਕੁਝ ਉਸ ਨੂੰ ਚਾਹੀਦਾ ਸੀ, ਲੈ ਗਿਆ ਹੈ।

**ਪ੍ਰਸ਼ਨ 29. ਪਟਿਆਲੇ ਦੇ ਸ: ਆਲਾ ਸਿੰਘ ਜੀ ਨੇ ਕਿਸ ਤੋਂ ਅੰਮ੍ਰਿਤ ਪਾਨ ਕੀਤਾ?**

**ਉੱਤਰ** : ਸ: ਕਪੂਰ ਸਿੰਘ ਜੀ ਦੇ ਜਥੇ ਪਾਸੋਂ।

**ਪ੍ਰਸ਼ਨ 30. ਨਵਾਬ ਕਪੂਰ ਸਿੰਘ ਜੀ ਨੇ ਸਰਹੰਦ ਵਿਚ ਕਦੋਂ ਹਮਲਾ ਕੀਤਾ ਤੇ ਜਿੱਤ ਪ੍ਰਾਪਤ ਕੀਤੀ ਸੀ?**

**ਉੱਤਰ** : ਸੰਨ 1736 ਵਿਚ।

**ਪ੍ਰਸ਼ਨ 31. ਆਪ ਨੇ ਸਿੱਖ ਪੰਥ ਦਾ ਜਥੇਦਾਰ ਕਿਸ ਨੂੰ ਥਾਪਿਆ?**

**ਉੱਤਰ** : ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ।

**ਪ੍ਰਸ਼ਨ 32. ਸ: ਜੱਸਾ ਸਿੰਘ ਨੂੰ ਜਥੇਦਾਰੀ ਬਖਸ਼ਣ ਸਮੇਂ ਆਪ ਨੇ ਉਸਨੂੰ ਹੋਰ ਕਿਹੜੀ ਚੀਜ਼ ਦਿੱਤੀ?**

**ਉੱਤਰ** : ਗੁਰੂ ਗੋਬਿੰਦ ਸਿੰਘ ਜੀ ਦੀ ਗਾਤਰੇ ਵਾਲੀ ਸ੍ਰੀ ਸਾਹਿਬ।

**ਪ੍ਰਸ਼ਨ 33. ਨਵਾਬ ਕਪੂਰ ਸਿੰਘ ਜੀ ਦਾ ਸਸਕਾਰ ਕਿੱਥੇ ਕੀਤਾ ਗਿਆ?**

**ਉੱਤਰ** : ਸ੍ਰੀ ਅੰਮ੍ਰਿਤਸਰ ਵਿਖੇ, ਬਾਬਾ ਅਟੱਲ ਜੀ ਦੇ ਗੁਰਦੁਆਰੇ ਦੇ ਪਾਸ।

**ਨੋਟ : ਵਿਸਥਾਰ ਵਿਚ ਜਾਣਕਾਰੀ ਲੈਣ ਲਈ ਸਿੱਖ ਮਿਸ਼ਨਰੀ ਕਾਲਜ ਦੁਆਰਾ ਪ੍ਰਕਾਸ਼ਿਤ ਪੁਸਤਕ 'ਨਵਾਬ ਕਪੂਰ ਸਿੰਘ' ਪੜ੍ਹੋ ਜੀ।**

## (2) ਸ: ਜੱਸਾ ਸਿੰਘ ਆਹਲੂਵਾਲੀਆ

**ਪ੍ਰਸ਼ਨ 1.** ਸ: ਜੱਸਾ ਸਿੰਘ ਆਹਲੂਵਾਲੀਆ ਦੇ ਪਿਤਾ ਦਾ ਕੀ ਨਾਮ ਸੀ?

**ਉੱਤਰ** : ਸ: ਬਦਰ ਸਿੰਘ ਜੀ।

**ਪ੍ਰਸ਼ਨ 2.** ਆਪ ਦਾ ਜਨਮ ਕਦੋਂ ਹੋਇਆ?

**ਉੱਤਰ** : 3 ਮਈ, ਸੰਨ 1718 ਨੂੰ।

**ਪ੍ਰਸ਼ਨ 3. ਸ: ਜੱਸਾ ਸਿੰਘ ਆਹਲੂਵਾਲੀਆ ਦੀ ਮਾਤਾ ਆਪਣੇ ਗਾਤਰੇ ਨਾਲ ਕੀ ਸਜਾ ਕੇ ਰੱਖਦੇ ਸਨ?**

**ਉੱਤਰ** : ਗੁਰਬਾਣੀ ਦੀ ਪੋਥੀ।

**ਪ੍ਰਸ਼ਨ 4. ਮਾਤਾ ਨੇ ਜੱਸਾ ਸਿੰਘ ਨੂੰ ਬਚਪਨ ਵਿਚ ਕਿਸ ਚੀਜ਼ ਦੀ ਸਿਖਲਾਈ ਦਿੱਤੀ?**

**ਉੱਤਰ** : ਗੁਰਬਾਣੀ ਦੇ ਪਾਠ ਅਤੇ ਕੀਰਤਨ ਦੀ।

**ਪ੍ਰਸ਼ਨ 5. ਪਤੀ ਦੀ ਮੌਤ ਮਗਰੋਂ ਸ: ਜੱਸਾ ਸਿੰਘ ਦੀ ਮਾਤਾ ਉਨ੍ਹਾਂ ਨੂੰ ਕਿੱਥੇ ਲੈ ਗਈ?**

**ਉੱਤਰ** : ਦਿੱਲੀ, ਮਾਤਾ ਸੁੰਦਰ ਕੌਰ ਜੀ ਕੋਲ।

**ਪ੍ਰਸ਼ਨ 6. ਸ: ਜੱਸਾ ਸਿੰਘ (ਆਹਲੂਵਾਲੀਆ) ਤੇ ਉਨ੍ਹਾਂ ਦੀ ਮਾਤਾ ਦਿੱਲੀ ਵਿਚ ਮਾਤਾ ਸੁੰਦਰ ਕੌਰ ਜੀ ਕੋਲ ਕਿੰਨਾ ਚਿਰ ਰਹੇ?**

**ਉੱਤਰ** : ਸੱਤ ਸਾਲ।

**ਪ੍ਰਸ਼ਨ 7. ਦਿੱਲੀ ਤੋਂ ਉਨ੍ਹਾਂ ਨੂੰ ਪੰਜਾਬ ਕੌਣ ਲੈ ਕੇ ਆਇਆ ਸੀ?**

**ਉੱਤਰ** : ਉਨ੍ਹਾਂ ਦਾ ਮਾਮਾ ਸਰਦਾਰ ਬਾਘ ਸਿੰਘ।

**ਪ੍ਰਸ਼ਨ 8. ਸ: ਬਾਘ ਸਿੰਘ ਤੇ ਉਨ੍ਹਾਂ ਦੀ ਭੈਣ ਨੇ ਸ: ਜੱਸਾ ਸਿੰਘ ਨੂੰ ਕਿਸ ਦੀ ਝੋਲੀ ਪਾ ਦਿੱਤਾ ਸੀ?**

ਉਤੱਰ : ਸਰਦਾਰ (ਨਵਾਬ) ਕਪੂਰ ਸਿੰਘ ਜੀ ਦੀ ਝੋਲੀ ਵਿਚ।

**ਪ੍ਰਸ਼ਨ 9. ਸਰਦਾਰ ਕਪੂਰ ਸਿੰਘ ਨੂੰ ਆਪ ਕਿੰਨ੍ਹਾਂ ਗੁਣਾਂ ਕਰਕੇ ਚੰਗੇ ਲਗਦੇ ਸਨ?**

**ਉੱਤਰ** : (i) ਸੰਗਤਾਂ ਨੂੰ ਪੱਖਾ ਝੱਲਣ ਆਦਿ ਦੀ ਸੇਵਾ ਕਰਨਾ।
(ii) ਲੰਗਰ ਵਿਚ ਬਰਤਨ ਸਾਫ਼ ਕਰਨੇ।
(iii) ਸਵੇਰੇ ਸ਼ਾਮ ਸਭ ਤੋਂ ਅੱਗੇ ਹੋ ਕੇ ਬਾਣੀ ਦਾ ਪਾਠ ਤੇ ਕੀਰਤਨ ਕਰਨਾ।

**ਪ੍ਰਸ਼ਨ 10. ਜਦ ਸ: ਜੱਸਾ ਸਿੰਘ ਨੇ ਸ: ਕਪੂਰ ਸਿੰਘ ਜੀ ਪਾਸ ਸ਼ਿਕਾਇਤ ਕੀਤੀ ਕਿ ਹਿੰਦੀ ਦੇ ਲਫ਼ਜ਼ ਹਮਕੋ, ਤੁਮਕੋ, ਵਰਤਣ ਕਰਕੇ ਸਿੰਘ ਉਸ ਨਾਲ ਮਜ਼ਾਕ ਕਰਦੇ ਹਨ, ਤਾਂ ਨਵਾਬ ਕਪੂਰ ਸਿੰਘ ਨੇ ਕੀ ਜਵਾਬ ਦਿੱਤਾ?**

**ਉੱਤਰ** : ਆਪ ਨੇ ਕਿਹਾ "ਘਬਰਾ ਨਾ ਇਹ ਗੁਰੂ ਕੀਆਂ ਲਾਡਲੀਆਂ ਫ਼ੌਜਾਂ ਹਨ। ਮੈਨੂੰ ਇਸ ਗਰੀਬ-ਨਿਵਾਜ ਪੰਥ ਨੇ 'ਨਵਾਬ ਸਾਹਿਬ' ਬਣਾ ਦਿੱਤਾ ਹੈ, ਕੀ ਪਤਾ ਤੈਨੂੰ 'ਪਾਤਸ਼ਾਹੀ' ਬਖਸ਼ ਦੇਣ।"

**ਪ੍ਰਸ਼ਨ 11. ਸ: ਜੱਸਾ ਸਿੰਘ ਆਹਲੂਵਾਲੀਆ ਨੂੰ ਪੰਥ ਦਾ ਜਥੇਦਾਰ ਕਦੋਂ ਥਾਪਿਆ ਗਿਆ?**

**ਉੱਤਰ** : ਸੰਨ 1748 ਦੀ ਵੈਸਾਖੀ ਨੂੰ।



**ਪ੍ਰਸ਼ਨ 12. ਜਦ ਅਦੀਨਾ ਬੇਗ ਨੇ ਸ: ਜੱਸਾ ਸਿੰਘ ਆਹਲੂਵਾਲੀਏ ਪਾਸ ਬੰਦਾ ਭੇਜ ਕੇ ਮੁਲਾਕਾਤ ਲਈ ਸੱਦਿਆ ਅਤੇ ਰਲ ਕੇ ਰਾਜ ਕਰਨ ਜਾਂ ਵੱਖਰਾ ਇਲਾਕਾ ਦੇਣ ਦੀ ਪੇਸ਼ਕਸ਼ ਕੀਤੀ ਤਾਂ ਆਪ ਨੇ ਕੀ ਜੁਆਬ ਦਿੱਤਾ?**

**ਉੱਤਰ** : ਆਪ ਨੇ ਕਿਹਾ, (i) ਸਾਡੀ ਤੁਹਾਡੀ ਮੁਲਾਕਾਤ ਹੁਣ ਜੰਗ ਦੇ ਮੈਦਾਨ ਵਿਚ ਹੋਵੇਗੀ। ਉਥੇ ਜੋ ਹਥਿਆਰ ਚੱਲਣਗੇ, ਉਹ ਹੀ ਦਿਲ ਦੀਆਂ ਗੱਲਾਂ ਸਮਝੋ। (ii) ਸਿੱਖ ਉਸੇ ਤਲਵਾਰ ਨਾਲ ਰਾਜ ਪ੍ਰਾਪਤ ਕਰਨਗੇ, ਜੋ ਮੁਗ਼ਲਾਂ ਨੇ ਉਨ੍ਹਾਂ ਤੋਂ ਪਹਿਲਾਂ ਵਰਤੀ ਸੀ। ਅਮਨ ਸ਼ਾਂਤੀ ਨਾਲ ਕਿਸ ਰਾਜ ਪ੍ਰਾਪਤ ਕੀਤਾ ਹੈ? (iii) ਰੱਬ ਦੀ ਇੱਛਾ ਅਨੁਸਾਰ ਖ਼ਾਲਸਾ ਰਾਜ ਕਰੇਗਾ ਅਤੇ ਇਹ ਕਿਸੇ ਵਿਦੇਸ਼ੀ ਅਧੀਨ ਜਗੀਰਦਾਰ ਬਣ ਕੇ ਨਹੀਂ ਰਹੇਗਾ।

**ਪ੍ਰਸ਼ਨ 13. ਜਦ ਸ: ਜੱਸਾ ਸਿੰਘ ਨੇ ਜਲੰਧਰ ਸ਼ਹਿਰ 'ਤੇ ਹਮਲਾ ਬੋਲਿਆ ਤਾਂ ਸ਼ਹਿਰ ਨੂੰ ਬਚਾਉਣ ਲਈ ਅਦੀਨਾ ਬੇਗ ਨੇ ਕੀ ਕੀਤਾ?**

**ਉੱਤਰ** : ਸਵਾ ਲੱਖ ਰੁਪਿਆ ਸਿੰਘਾਂ ਦੀ ਭੇਟ ਕੀਤਾ।

**ਪ੍ਰਸ਼ਨ 14. ਜਲੰਧਰ ਦੀ ਜਿੱਤ ਦਾ ਹੋਰ ਕੀ ਸਿੱਟਾ ਨਿਕਲਿਆ?**

**ਉੱਤਰ** : ਸਾਰੇ ਦੁਆਬੇ ਵਿਚ ਸਿੰਘਾਂ ਦਾ ਬੋਲਬਾਲਾ ਹੋ ਗਿਆ ਅਤੇ ਸ: ਜੱਸਾ ਸਿੰਘ ਦੀ ਸ਼ੋਭਾ ਹਰ ਥਾਂ ਹੋਣ ਲੱਗ ਪਈ।

**ਪ੍ਰਸ਼ਨ 15. ਸੰਨ 1760 ਦੀ ਦੀਵਾਲੀ ਨੂੰ ਸਿੰਘਾਂ ਨੇ ਅੰਮ੍ਰਿਤਸਰ ਵਿਖੇ ਕੀ ਗੁਰਮਤਾ ਕੀਤਾ ਸੀ?**

**ਉੱਤਰ** : ਅਹਿਮਦ ਸ਼ਾਹ ਅਬਦਾਲੀ ਦੇ ਦਿੱਲੀ ਤੋਂ ਵਾਪਸ ਮੁੜਨ ਤੋਂ ਪਹਿਲਾਂ ਪਹਿਲਾਂ ਲਾਹੌਰ 'ਤੇ ਭਰਪੂਰ ਹਮਲਾ ਕਰਨਾ ਚਾਹੀਦਾ ਹੈ, ਜਿਸ ਨਾਲ ਖ਼ਾਲਸੇ ਦੀ ਨਿਡਰਤਾ ਅਤੇ ਰਾਜ ਦੀ ਸਥਾਪਤੀ ਲਈ ਦ੍ਰਿੜ੍ਹਤਾ ਦੀ ਭਾਵਨਾ ਦਾ ਮੁਜ਼ਾਹਰਾ ਹੋ ਸਕੇ।

**ਪ੍ਰਸ਼ਨ 16. ਸੰਨ 1760 ਦੀ ਦੀਵਾਲੀ ਦੇ ਗੁਰਮਤੇ ਦੀ ਰੋਸ਼ਨੀ ਵਿਚ ਸਿੱਖਾਂ ਕੀ ਕੀਤਾ?**

**ਉੱਤਰ** : (ੳ) ਸ: ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਲਾਹੌਰ 'ਤੇ ਹਮਲਾ ਕੀਤਾ। (ਅ) 11 ਦਿਨ ਸ਼ਹਿਰ ਨੂੰ ਘੇਰਾ ਪਾਈ ਰੱਖਿਆ। (ੲ) ਲਾਹੌਰ ਦੇ ਹਾਕਮ ਨਾਇਬ ਮੀਰ ਮੁਹੰਮਦ ਖ਼ਾਨ ਦੁਆਰਾ 30,000 ਰੁਪਏ ਦਾ ਨਜ਼ਰਾਨਾ ਭੇਟ ਕਰਨ ਮਗਰੋਂ ਘੇਰਾ ਚੁੱਕਿਆ।

**ਪ੍ਰਸ਼ਨ 17. ਸੰਨ 1761 ਦੀ ਵੈਸਾਖੀ ਨੂੰ ਹਿੰਦੂ ਮੁਖੀਆਂ ਨੇ ਅੰਮ੍ਰਿਤਸਰ ਪੁੱਜ ਕੇ ਖ਼ਾਲਸੇ ਅੱਗੇ ਕੀ ਬੇਨਤੀ ਕੀਤੀ?**

**ਉੱਤਰ** : ਅਬਦਾਲੀ ਸਾਡੀਆਂ 2200 ਧੀਆਂ-ਭੈਣਾਂ ਨੂੰ ਕੈਦ ਕਰਕੇ ਲੈ ਜਾ ਰਿਹਾ ਹੈ। ਇਸ ਬਿਪਤਾ ਸਮੇਂ ਖ਼ਾਲਸਾ ਸਾਡੀ ਬਾਂਹ ਫੜੇ ਤੇ ਬੱਚੀਆਂ ਨੂੰ ਅਬਦਾਲੀ ਤੋਂ ਛੁਡਾਵੇ।

**ਪ੍ਰਸ਼ਨ 18. ਸੰਨ 1761 ਦੀ ਵੈਸਾਖੀ ਨੂੰ ਹਿੰਦੂਆਂ ਦੀ ਪੁਕਾਰ ਦਾ ਕੀ ਅਸਰ ਹੋਇਆ?**

**ਉੱਤਰ** : ਹਿੰਦੂਆਂ ਦੀ ਪੁਕਾਰ ਸੁਣ ਕੇ ਸ: ਜੱਸਾ ਸਿੰਘ ਦਾ ਖ਼ੂਨ ਖੌਲ ਉਠਿਆ। ਉਸ ਨੇ ਕੁਝ ਚੋਣਵੇਂ ਸਰਦਾਰਾਂ ਨੂੰ ਨਾਲ ਲੈ ਕੇ ਗੋਇੰਦਵਾਲ ਦੇ ਪੱਤਣ 'ਤੇ ਅਬਦਾਲੀ ਦੀਆਂ ਫ਼ੌਜਾਂ 'ਤੇ ਹੱਲਾ ਬੋਲ ਦਿੱਤਾ। ਫ਼ੌਜਾਂ ਦੇ ਹੋਸ਼ ਸੰਭਾਲਣ ਤੋਂ ਪਹਿਲਾਂ ਹੀ ਬੀਬੀਆਂ ਨੂੰ ਛੁਡਾ ਲਿਆ ਗਿਆ।

**ਪ੍ਰਸ਼ਨ 19. ਸ: ਜੱਸਾ ਸਿੰਘ ਆਹਲੂਵਾਲੀਆ 'ਬੰਦੀ ਛੋੜ' ਕਰ ਕੇ ਕਿਉਂ ਪ੍ਰਸਿੱਧ ਹੋਇਆ?**

**ਉੱਤਰ** : ਅਬਦਾਲੀ ਪਾਸੋਂ 2200 ਬੀਬੀਆਂ ਛੁਡਵਾਉਣ ਅਤੇ ਉਨ੍ਹਾਂ ਨੂੰ ਘਰ-ਘਰ ਪਹੁੰਚਾਉਣ ਕਰ ਕੇ।

**ਪ੍ਰਸ਼ਨ 20. ਸ: ਜੱਸਾ ਸਿੰਘ ਨੂੰ 'ਸੁਲਤਾਨੁਲ-ਕੌਮ' ਦਾ ਖਿਤਾਬ ਕਿਉਂ ਦਿੱਤਾ ਗਿਆ?**

**ਉੱਤਰ** : ਸਤੰਬਰ ਸੰਨ 1761 ਵਿਚ ਸ: ਜੱਸਾ ਸਿੰਘ ਨੇ ਸਰਦਾਰ ਚੜ੍ਹਤ ਸਿੰਘ ਸ਼ੁੱਕਰਚੱਕੀਆ ਤੇ ਹੋਰ ਸਿੱਖ ਸਰਦਾਰਾਂ ਸਮੇਤ ਲਾਹੌਰ 'ਤੇ ਕਬਜ਼ਾ ਕੀਤਾ। ਲਾਹੌਰ ਦਾ ਹਾਕਮ ਖੁਆਜਾ ਉਬੈਦ ਖ਼ਾਨ ਕਿਲ੍ਹੇ ਵਿਚ ਹੀ ਛੁਪਿਆ ਰਿਹਾ। ਇਸ ਜਿੱਤ ਨਾਲ ਖ਼ਾਲਸੇ ਦਾ ਬੋਲਬਾਲਾ ਸਿੰਧ ਤੋਂ ਸਤਲੁਜ ਤੱਕ ਸਾਰੇ ਪੰਜਾਬ 'ਤੇ ਹੋ ਗਿਆ। ਇਹ ਸਭ ਕੁਝ ਸ: ਜੱਸਾ ਸਿੰਘ ਦੀ ਅਗਵਾਈ ਵਿਚ ਹੋਇਆ; ਇਸ ਲਈ ਪੰਥ ਨੇ ਉਸ ਨੂੰ 'ਸੁਲਤਾਨੁਲ ਕੌਮ' ਦੀ ਪਦਵੀ ਨਾਲ ਨਿਵਾਜਿਆ।

**ਪ੍ਰਸ਼ਨ 21. ਵੱਡੇ ਘੱਲੂਘਾਰੇ ਦੇ ਦੌਰਾਨ ਸ: ਜੱਸਾ ਸਿੰਘ ਆਹਲੂਵਾਲੀਏ ਨੂੰ ਕਿੰਨੇ ਜ਼ਖਮ ਲੱਗੇ ਸਨ?**

**ਉੱਤਰ** : 22 ਜ਼ਖ਼ਮ।

**ਪ੍ਰਸ਼ਨ 22. ਦੂਜੇ ਘੱਲੂਘਾਰੇ ਮਗਰੋਂ ਜਦੋਂ ਅਹਿਮਦ ਸ਼ਾਹ ਅਬਦਾਲੀ ਨੇ ਬਾਬਾ ਆਲਾ ਸਿੰਘ ਰਾਹੀਂ ਸੁਲਾਹ ਕਰਨ, ਖ਼ੂਨ ਖਰਾਬਾ ਨਾ ਕਰਨ ਦਾ ਸੁਨੇਹਾ ਭੇਜਿਆ ਤੇ ਰਾਜ ਦੀ ਪੇਸ਼ਕਸ਼ ਕੀਤੀ ਤਾਂ ਸਰਦਾਰ ਜੱਸਾ ਸਿੰਘ ਤੇ ਹੋਰ ਸਰਦਾਰਾਂ ਨੇ ਕੀ ਉੱਤਰ ਦਿੱਤਾ?**

**ਉੱਤਰ** : (ੳ) ਮੰਗਣ 'ਤੇ ਕਦ ਕਿਸੇ ਨੇ ਰਾਜ ਦਿੱਤਾ ਹੈ। (ਅ) ਦੇਸ਼ ਦੇ ਦੁਸ਼ਮਣਾਂ ਤੇ ਆਜ਼ਾਦੀ ਦੀ ਰੱਖਿਆ ਕਰਨ ਵਾਲਿਆਂ ਦਾ ਮੇਲ ਨਹੀਂ ਹੋ ਸਕਦਾ। (ੲ) ਰਾਜ ਤਾਂ ਸਾਨੂੰ ਸਤਿਗੁਰੂ ਨੇ ਲਿਖ ਕੇ ਦਿੱਤਾ ਹੋਇਆ ਹੈ, ਜੋ ਖ਼ਾਲਸੇ ਨੇ ਸੀਸ ਭੇਟ ਕਰਕੇ ਲਿਆ ਹੈ; ਅਸੀਂ ਹੋਰ ਕਿਸੇ ਤੋਂ ਕੀ ਲਿਖਵਾਉਣਾ ਹੋਇਆ?



**ਪ੍ਰਸ਼ਨ 23. ਸ: ਜੱਸਾ ਸਿੰਘ ਦੀ ਅਗਵਾਈ ਵਿਚ ਖ਼ਾਲਸੇ ਨੇ ਸਰਹੰਦ 'ਤੇ ਪੱਕਾ ਕਬਜ਼ਾ ਕਦੋਂ ਕੀਤਾ ਤੇ ਇਸ ਹਮਲੇ ਵਿਚ ਸਰਹੰਦ ਦਾ ਕਿਹੜਾ ਹਾਕਮ ਮਾਰਿਆ ਗਿਆ?**

**ਉੱਤਰ** : (i) 14 ਜਨਵਰੀ, ਸੰਨ 1764 ਨੂੰ ਸਰਹੰਦ 'ਤੇ ਪੱਕਾ ਕਬਜ਼ਾ ਕੀਤਾ।
(ii) ਫ਼ੌਜਦਾਰ ਜ਼ੈਨ ਖ਼ਾਨ ਮਾਰਿਆ ਗਿਆ।

**ਪ੍ਰਸ਼ਨ 24. ਸ: ਜੱਸਾ ਸਿੰਘ ਆਹਲੂਵਾਲੀਏ ਨੇ ਕਿਸ ਨਗਰ ਨੂੰ ਆਪਣੀ ਰਾਜਧਾਨੀ ਬਣਾਇਆ ਸੀ?**

**ਉੱਤਰ** : ਕਪੂਰਥਲੇ ਨੂੰ।

**ਪ੍ਰਸ਼ਨ 25. ਸ: ਜੱਸਾ ਸਿੰਘ ਆਹਲੂਵਾਲੀਏ ਦਾ ਦੇਹਾਂਤ ਕਦੋਂ ਹੋਇਆ ਤੇ ਉਨ੍ਹਾਂ ਦਾ ਸਸਕਾਰ ਕਿੱਥੇ ਕੀਤਾ ਗਿਆ?**

**ਉੱਤਰ** : (ੳ) 10 ਅਕਤੂਬਰ, ਸੰਨ 1783 ਨੂੰ।
(ਅ) ਸਸਕਾਰ ਅੰਮ੍ਰਿਤਸਰ ਵਿਖੇ ਕੀਤਾ ਗਿਆ।

**ਨੋਟ : ਵਿਸਥਾਰ ਵਿਚ ਜਾਣਕਾਰੀ ਲੈਣ ਲਈ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਦੁਆਰਾ ਪ੍ਰਕਾਸ਼ਿਤ ਪੁਸਤਕ 'ਸਰਦਾਰ ਜੱਸਾ ਸਿੰਘ ਆਹਲੂਵਾਲੀਆ' ਪੜ੍ਹੋ ਜੀ।**

## (3) ਸ: ਜੱਸਾ ਸਿੰਘ ਰਾਮਗੜ੍ਹੀਆ

**ਪ੍ਰਸ਼ਨ 1. ਸ: ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਕਿੱਥੇ ਹੋਇਆ ਸੀ ਅਤੇ ਉਨ੍ਹਾਂ ਦੇ ਪਿਤਾ ਜੀ ਦਾ ਕੀ ਨਾਮ ਸੀ?**

**ਉੱਤਰ** : (i) ਈਚੋਗਿਲ ਪਿੰਡ ਵਿਚ ਜੋ ਲਾਹੌਰ ਤੋਂ 12 ਮੀਲ ਦੂਰ ਹੈ।
(ii) ਗਿਆਨੀ ਭਗਵਾਨ ਸਿੰਘ ਜੀ।

**ਪ੍ਰਸ਼ਨ 2. ਆਪ ਜੀ ਦਾ ਜਨਮ ਕਦੋਂ ਹੋਇਆ?**

**ਉੱਤਰ** : ਸੰਨ 1723 ਈ: ਵਿਚ।

**ਪ੍ਰਸ਼ਨ 3. ਸ: ਜੱਸਾ ਸਿੰਘ ਰਾਮਗੜ੍ਹੀਏ ਨੇ ਅੰਮ੍ਰਿਤਸਰ ਦੇ ਕਿਹੜੇ ਕਿਲ੍ਹੇ ਦੀ ਉਸਾਰੀ ਵਿਚ ਵਿਸ਼ੇਸ਼ ਹਿੱਸਾ ਪਾਇਆ ਸੀ?**

**ਉੱਤਰ** : 'ਰਾਮ-ਰੌਣੀ' ਨਾਮ ਦੇ ਕਿਲ੍ਹੇ ਦੀ ਉਸਾਰੀ ਵਿਚ।

**ਪ੍ਰਸ਼ਨ 4. ਸ: ਜੱਸਾ ਸਿੰਘ ਰਾਮਗੜ੍ਹੀਏ ਨੇ ਜਲੰਧਰ-ਦੁਆਬੇ ਦੇ ਕਿਸ ਫ਼ੌਜਦਾਰ ਨਾਲ ਸੁਲਾਹ ਕਰ ਲਈ ਸੀ?**

**ਉੱਤਰ** : ਅਦੀਨਾ ਬੇਗ ਨਾਲ।

**ਪ੍ਰਸ਼ਨ 5. ਸ: ਜੱਸਾ ਸਿੰਘ ਅਦੀਨਾ ਬੇਗ ਨਾਲੋਂ ਕਿਸ ਸਮੇਂ ਵੱਖ ਹੋ ਗਿਆ?**

**ਉੱਤਰ** : ਜਦ ਅਦੀਨਾ ਬੇਗ ਨੇ ਰਾਮ-ਰੌਣੀ ਦੇ ਕਿਲ੍ਹੇ ਨੂੰ ਤਿੰਨ ਮਹੀਨੇ ਘੇਰਾ ਪਾਈ ਰੱਖਿਆ ਤਾਂ ਸ: ਜੱਸਾ ਸਿੰਘ ਵੀ ਉਸਦੇ ਨਾਲ ਸੀ। ਇਕ ਰਾਤ ਉਸ ਦੇ ਮਨ ਵਿਚ ਪੰਥਕ ਪਿਆਰ ਜਾਗਿਆ ਤੇ ਉਹ ਅਦੀਨਾ ਬੇਗ ਦਾ ਸਾਥ ਛੱਡ ਕੇ, ਰਾਮ-ਰੌਣੀ ਦੇ ਕਿਲ੍ਹੇ ਅੰਦਰ ਆਪਣੇ ਭਰਾਵਾਂ ਨਾਲ ਜਾ ਰਲਿਆ।

**ਪ੍ਰਸ਼ਨ 6. ਸ: ਜੱਸਾ ਸਿੰਘ ਨੇ ਕਿਸ ਰਾਹੀਂ ਰਾਮ-ਰੌਣੀ ਦਾ ਘੇਰਾ ਚੁਕਵਾਉਣ ਵਿਚ ਸਫਲਤਾ ਪ੍ਰਾਪਤ ਕੀਤੀ?**

**ਉੱਤਰ** : ਦੀਵਾਨ ਕੌੜਾ ਮੱਲ ਜੀ ਰਾਹੀਂ।

**ਪ੍ਰਸ਼ਨ 7. ਰਾਮ-ਰੌਣੀ ਦਾ ਨਾਮ ਬਦਲ ਕੇ ਕੀ ਰੱਖਿਆ ਗਿਆ?**

**ਉੱਤਰ** : ਰਾਮਗੜ੍ਹ।

**ਪ੍ਰਸ਼ਨ 8. ਪੰਥ ਨੇ ਰਾਮਗੜ੍ਹ (ਰਾਮ ਰੌਣੀ) ਦਾ ਕਿਲ੍ਹੇਦਾਰ ਕਿਸ ਨੂੰ ਥਾਪਿਆ?**

**ਉੱਤਰ** : ਸ: ਜੱਸਾ ਸਿੰਘ ਨੂੰ।

**ਪ੍ਰਸ਼ਨ 9. ਸ: ਜੱਸਾ ਸਿੰਘ ਦੇ ਨਾਮ ਨਾਲ 'ਰਾਮਗੜ੍ਹੀਆ' ਸ਼ਬਦ ਕਿਵੇਂ ਜੁੜ ਗਿਆ?**

**ਉੱਤਰ** : ਰਾਮਗੜ੍ਹ ਦਾ ਕਿਲ੍ਹੇਦਾਰ ਬਣਨ ਮਗਰੋਂ ਸਿੰਘ ਉਸਨੂੰ 'ਰਾਮਗੜ੍ਹੀਆ' ਕਰਕੇ ਬੁਲਾਉਣ ਲੱਗ ਪਏ।

**ਪ੍ਰਸ਼ਨ 10. ਅਬਦਾਲੀ ਦੇ ਆਖ਼ਰੀ ਹਮਲੇ ਮਗਰੋਂ ਸ: ਜੱਸਾ ਸਿੰਘ ਰਾਮਗੜ੍ਹੀਏ ਨੇ ਕਿਸ ਨਗਰ ਨੂੰ ਆਪਣੀ ਰਾਜਧਾਨੀ ਬਣਾਇਆ?**

**ਉੱਤਰ** : ਸ੍ਰੀ ਹਰਿਗੋਬਿੰਦਪੁਰ ਨੂੰ।

**ਪ੍ਰਸ਼ਨ 11. ਪਹਾੜੀ ਰਿਆਸਤਾਂ ਵਿਚ ਆਪਣਾ ਦਬਦਬਾ ਕਾਇਮ ਰੱਖਣ ਵਾਸਤੇ ਰਾਮਗੜ੍ਹੀਏ ਸਰਦਾਰ ਨੇ ਕਿਸ ਨਗਰ ਵਿਚ ਕਿਲ੍ਹਾ ਬਣਵਾਇਆ ਤੇ ਉਸਦਾ ਕਿਲ੍ਹੇਦਾਰ ਕਿਸ ਨੂੰ ਥਾਪਿਆ?**

**ਉੱਤਰ** : (i) 'ਤਲਵਾੜੇ' ਵਿਖੇ ਕਿਲ੍ਹਾ ਬਣਵਾਇਆ।
(ii) ਆਪਣੇ ਭਰਾ ਸ: ਮਾਲੀ ਸਿੰਘ ਨੂੰ ਕਿਲ੍ਹੇਦਾਰ ਥਾਪਿਆ।



**ਪ੍ਰਸ਼ਨ 12. ਸ: ਜੱਸਾ ਸਿੰਘ ਰਾਮਗੜ੍ਹੀਆ ਦਾ ਦੇਹਾਂਤ ਕਿੰਨੇ ਸਾਲਾਂ ਦੀ ਉਮਰ ਵਿਚ ਤੇ ਕਿਸ ਸੰਨ ਵਿਚ ਹੋਇਆ?**

**ਉੱਤਰ** : (i) 80 ਸਾਲਾਂ ਦੀ ਉਮਰ ਵਿਚ (ii) ਸੰਨ 1803 ਈ: ਵਿਚ।

**ਨੋਟ** : **ਵਿਸਥਾਰ ਵਿਚ ਜਾਣਕਾਰੀ ਲੈਣ ਲਈ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਦੁਆਰਾ ਪ੍ਰਕਾਸ਼ਿਤ ਪੁਸਤਕ 'ਸਰਦਾਰ ਜੱਸਾ ਸਿੰਘ ਰਾਮਗੜ੍ਹੀਆ' ਪੜ੍ਹੋ ਜੀ।**

## (4) ਮਹਾਰਾਜਾ ਰਣਜੀਤ ਸਿੰਘ

**ਪ੍ਰਸ਼ਨ 1. ਮਹਾਰਾਜਾ ਰਣਜੀਤ ਸਿੰਘ ਦਾ ਜਨਮ ਕਦੋਂ ਤੇ ਕਿੱਥੇ ਹੋਇਆ?**

**ਉੱਤਰ** : (i) 13 ਨਵੰਬਰ, ਸੰਨ 1780 ਨੂੰ (ii) ਗੁਜਰਾਂਵਾਲੇ ਵਿਖੇ ਹੋਇਆ।

**ਪ੍ਰਸ਼ਨ 2. ਆਪਦੇ ਪਿਤਾ ਤੇ ਮਾਤਾ ਦਾ ਕੀ ਨਾਮ ਸੀ?**

**ਉੱਤਰ** : (i) ਪਿਤਾ—ਸਰਦਾਰ ਮਹਾਂ ਸਿੰਘ (ii) ਮਾਤਾ—ਮਾਈ ਰਾਜ ਕੌਰ।

**ਪ੍ਰਸ਼ਨ 3. ਆਪ ਦੇ ਪਿਤਾ ਕਿਸ ਮਿਸਲ ਦੇ ਮੁਖੀ ਸਨ?**

**ਉੱਤਰ** : ਸ਼ੁਕਰਚੱਕੀਆ ਮਿਸਲ ਦੇ।

**ਪ੍ਰਸ਼ਨ 4. ਆਪ ਨੇ ਆਪਣੇ ਪਿਤਾ ਦੇ ਨਾਲ ਇੱਕ ਜੰਗ ਵਿਚ ਹਿੱਸਾ ਲਿਆ ਅਤੇ ਹਮਲਾ ਕਰਨ ਵਾਲੇ ਪਠਾਣ ਦਾ ਗਾਟਾ ਲਾਹ ਦਿੱਤਾ। ਉਦੋਂ ਆਪ ਦੀ ਉਮਰ ਕਿੰਨੀ ਸੀ?**

**ਉੱਤਰ** : ਲਗਭਗ 10 ਸਾਲ।

**ਪ੍ਰਸ਼ਨ 5. ਪਿਤਾ ਦੀ ਮੌਤ ਮਗਰੋਂ ਰਣਜੀਤ ਸਿੰਘ ਦੀ ਉਮਰ ਕਿੰਨੀ ਸੀ?**

**ਉੱਤਰ** : 12 ਸਾਲਾਂ ਤੋਂ ਵੀ ਘੱਟ ਸੀ।

**ਪ੍ਰਸ਼ਨ 6. ਸ: ਰਣਜੀਤ ਸਿੰਘ ਦਾ ਪਹਿਲਾ ਵਿਆਹ ਕਦੋਂ ਤੇ ਕਿਸ ਨਾਲ ਹੋਇਆ?**

**ਉੱਤਰ** : ਸੰਨ 1796 ਵਿਚ ਆਪ ਦਾ ਵਿਆਹ ਘਨੱਈਆ ਮਿਸਲ ਦੇ ਸਰਦਾਰ ਗੁਰਬਖ਼ਸ਼ ਸਿੰਘ ਦੀ ਸਪੁੱਤਰੀ ਮਤਾਬ ਕੌਰ ਨਾਲ ਹੋਇਆ।

**ਪ੍ਰਸ਼ਨ 7. ਆਪ ਦੀ ਸੱਸ ਦਾ ਕੀ ਨਾਮ ਸੀ?**

**ਉੱਤਰ** : ਰਾਣੀ ਸਦਾ ਕੌਰ।

**ਪ੍ਰਸ਼ਨ 8. ਕਿੰਨੇ ਸਾਲਾਂ ਦੀ ਉਮਰ ਵਿਚ ਆਪ ਨੇ ਮਿਸਲ ਦੀ ਸਰਦਾਰੀ (ਜਥੇਦਾਰੀ) ਸੰਭਾਲੀ?**

**ਉੱਤਰ** : 18 ਸਾਲਾਂ ਦੀ ਉਮਰ ਵਿਚ।

**ਪ੍ਰਸ਼ਨ 9. ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ 'ਤੇ ਕਬਜ਼ਾ ਕਦੋਂ ਕੀਤਾ?**

**ਉੱਤਰ** : 7 ਜੁਲਾਈ ਸੰਨ 1799 ਨੂੰ।

**ਪ੍ਰਸ਼ਨ 10. ਸਭ ਤੋਂ ਪਹਿਲਾਂ ਆਪ ਨੇ ਕਿੱਥੋਂ ਦੇ ਰਾਜੇ ਪਾਸੋਂ ਈਨ ਮੰਨਵਾਈ? ਉਸ ਨੇ ਨਜ਼ਰਾਨੇ ਵਜੋਂ ਕੀ ਭੇਟ ਕੀਤਾ?**

**ਉੱਤਰ** : (i) ਜੰਮੂ ਦੇ ਰਾਜੇ ਤੋਂ ਈਨ ਮੰਨਵਾਈ।

(ii) ਉਸ ਨੇ ਵੀਹ ਹਜ਼ਾਰ ਰੁਪਏ ਤੇ ਇਕ ਹਾਥੀ ਨਜ਼ਰਾਨੇ ਵਜੋਂ ਪੇਸ਼ ਕੀਤਾ।

**ਪ੍ਰਸ਼ਨ 11. ਮਹਾਰਾਜਾ ਰਣਜੀਤ ਸਿੰਘ ਨੂੰ 'ਮਹਾਰਾਜੇ' ਦੀ ਪਦਵੀ ਕਿਸ ਦਿਨ ਦਿੱਤੀ ਗਈ?**

**ਉੱਤਰ** : ਸੰਨ 1801 ਦੀ ਵੈਸਾਖੀ ਨੂੰ।

**ਪ੍ਰਸ਼ਨ 12. ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਸਿੱਕੇ ਦਾ ਕੀ ਨਾਮ ਰੱਖਿਆ?**

**ਉੱਤਰ** : 'ਨਾਨਕਸ਼ਾਹੀ' ਸਿੱਕਾ।

**ਪ੍ਰਸ਼ਨ 13. ਰਾਜ ਪ੍ਰਬੰਧ ਵਿਚ ਨਿਯੁਕਤੀਆਂ ਕਿਸ ਆਧਾਰ 'ਤੇ ਕੀਤੀਆਂ ਗਈਆਂ?**

**ਉੱਤਰ** : ਕੇਵਲ ਯੋਗਤਾ ਦੇ ਆਧਾਰ 'ਤੇ।

**ਪ੍ਰਸ਼ਨ 14. ਮਹਾਰਾਜਾ ਰਣਜੀਤ ਸਿੰਘ ਦੇ ਮੰਤਰੀਆਂ ਵਿਚ ਸਿੱਖ, ਹਿੰਦੂ, ਮੁਸਲਮਾਨ ਸਭ ਸ਼ਾਮਲ ਸਨ। ਉਸਦੇ ਦਰਬਾਰ ਨੂੰ ਕੀ ਕਿਹਾ ਜਾਂਦਾ ਸੀ?**

**ਉੱਤਰ** : ਦਰਬਾਰ ਖ਼ਾਲਸਾ।

**ਪ੍ਰਸ਼ਨ 15. ਮਹਾਰਾਜੇ ਨੇ ਕਸੂਰ ਉਤੇ ਕਦੋਂ ਕਬਜ਼ਾ ਕੀਤਾ?**

**ਉੱਤਰ** : ਸੰਨ 1801 ਵਿਚ।

**ਪ੍ਰਸ਼ਨ 16. ਕਸੂਰ ਤੋਂ ਸਿਵਾ ਹੋਰ ਕਿਹੜੇ ਸੂਬਿਆਂ ਨੂੰ ਮਹਾਰਾਜੇ ਨੇ ਖ਼ਾਲਸਾ-ਰਾਜ ਵਿਚ ਸ਼ਾਮਲ ਕੀਤਾ?**

**ਉੱਤਰ** : ਮੁਲਤਾਨ, ਕਸ਼ਮੀਰ ਤੇ ਪਿਸ਼ਾਵਰ।

**ਪ੍ਰਸ਼ਨ 17. ਮਹਾਰਾਜੇ ਦੀ ਅੰਗਰੇਜ਼ਾਂ ਨਾਲ ਸੰਧੀ ਕਿਸ ਅਸਥਾਨ 'ਤੇ, ਅਤੇ ਕਦੋਂ ਹੋਈ?**

**ਉੱਤਰ** : (i) ਅੰਮ੍ਰਿਤਸਰ ਵਿਖੇ (ii) 25 ਅਪ੍ਰੈਲ, ਸੰਨ 1809 ਨੂੰ।

**ਪ੍ਰਸ਼ਨ 18. ਮਹਾਰਾਜੇ ਦੀ ਅੰਗਰੇਜ਼ੀ ਸਰਕਾਰ ਨਾਲ ਹੋਈ ਸੰਧੀ ਦੀਆਂ ਕੀ ਸ਼ਰਤਾਂ ਸਨ?**

**ਉੱਤਰ** : (i) ਅੰਗਰੇਜ਼ੀ ਸਰਕਾਰ ਅਤੇ ਲਾਹੌਰ ਦਰਬਾਰ ਵਿਚ ਸਦਾ ਦੋਸਤੀ ਰਹੇਗੀ।



(ii) ਅੰਗਰੇਜ਼-ਸਰਕਾਰ, ਮਹਾਰਾਜਾ ਸਾਹਿਬ ਨੂੰ ਸਭ ਤੋਂ ਵੱਧ ਸਤਿਕਾਰ ਯੋਗ ਤਾਕਤਾਂ ਵਿਚ ਗਿਣਦੀ ਹੈ।

(iii) ਅੰਗਰੇਜ਼ ਸਰਕਾਰ, ਸਤਲੁਜ ਦਰਿਆ ਦੇ ਉੱਤਰ ਵੱਲ ਮਹਾਰਾਜੇ ਦੇ ਇਲਾਕਿਆਂ ਵਿਚ ਦਖਲ ਨਹੀਂ ਦੇਵੇਗੀ।

(iv) ਮਹਾਰਾਜਾ ਸਾਹਿਬ, ਸਤਲੁਜੋਂ ਦੱਖਣ ਵੱਲ ਦੇ ਇਲਾਕਿਆਂ ਵਿਚ ਦਖਲ ਨਹੀਂ ਦੇਣਗੇ।

**ਪ੍ਰਸ਼ਨ 19. ਮਹਾਰਾਜੇ ਨੇ ਕਾਂਗੜੇ ਦੇ ਇਲਾਕੇ ਨੂੰ ਆਪਣੇ ਰਾਜ ਵਿਚ ਕਦੋਂ ਮਿਲਾਇਆ?**

**ਉੱਤਰ** : ਸਤੰਬਰ ਸੰਨ 1809 ਨੂੰ।

**ਪ੍ਰਸ਼ਨ 20. ਮਹਾਰਾਜੇ ਨੂੰ ਕੋਹਨੂਰ ਹੀਰਾ ਕਿਸ ਤੋਂ ਪ੍ਰਾਪਤ ਹੋਇਆ?**

**ਉੱਤਰ** : ਕਾਬਲ ਦੇ (ਗੱਦੀਉਂ ਲੱਥੇ) ਬਾਦਸ਼ਾਹ ਸ਼ਾਹ ਸ਼ੁਜਾਹ ਅਤੇ ਉਸਦੀ ਬੇਗਮ ਪਾਸੋਂ।

**ਪ੍ਰਸ਼ਨ 21. ਅਟਕ ਦਾ ਕਿਲ੍ਹਾ ਕਿਸ ਦਰਿਆ ਦੇ ਕੰਢੇ 'ਤੇ ਹੈ?**

**ਉੱਤਰ** : ਸਿੰਧ ਦਰਿਆ ਦੇ ਕੰਢੇ।

**ਪ੍ਰਸ਼ਨ 22. ਸੰਨ 1818 ਵਿਚ ਮੁਲਤਾਨ ਦਾ ਕਿਲ੍ਹਾ ਸਰ ਕਰਨ ਵਿਚ ਕਿੰਨਾ ਸਮਾਂ ਲੱਗਾ?**

**ਉੱਤਰ** : ਤਿੰਨ ਮਹੀਨੇ ਤੋਂ ਉੱਪਰ।

**ਪ੍ਰਸ਼ਨ 23. ਪਿਸ਼ੌਰ (ਪਿਸ਼ਾਵਰ) ਦੀ ਜਿੱਤ ਸਮੇਂ ਕਿਹੜੇ ਦਰਿਆ ਵਿਚ ਮਹਾਰਾਜੇ ਨੇ ਆਪਣਾ ਹਾਥੀ ਠੇਲ੍ਹ ਦਿੱਤਾ ਸੀ, ਤੇ ਮਗਰ-ਮਗਰ ਫ਼ੌਜ ਆਈ ਸੀ।**

**ਉੱਤਰ** : ਅਟਕ ਦਰਿਆ ਵਿਚ।

**ਪ੍ਰਸ਼ਨ 24. ਕਸ਼ਮੀਰ ਉਤੇ ਕਬਜ਼ਾ ਕਰਕੇ ਉਥੋਂ ਦਾ ਹਾਕਮ ਕਿਸ ਨੂੰ ਨਿਯਤ ਕੀਤਾ ਗਿਆ?**

**ਉੱਤਰ** : ਦੀਵਾਨ ਮੋਤੀ ਰਾਮ ਨੂੰ।

**ਪ੍ਰਸ਼ਨ 25. ਜਦ ਮਹਾਰਾਜੇ ਨੇ ਵੇਖਿਆ ਕਿ ਦੀਵਾਨ ਮੋਤੀ ਰਾਮ ਪ੍ਰਬੰਧ ਕਰਨ ਵਿਚ ਢਿੱਲਾ ਹੈ, ਤਾਂ ਉਸ ਦੀ ਥਾਂ ਕਿਸ ਨੂੰ ਨਿਯੁਕਤ ਕੀਤਾ?**

**ਉੱਤਰ** : ਪ੍ਰਸਿੱਧ ਜਰਨੈਲ ਸ: ਹਰੀ ਸਿੰਘ ਨਲੂਆ ਨੂੰ।

**ਪ੍ਰਸ਼ਨ 26. ਲਦਾਖ ਉਤੇ ਫ਼ਤਹਿ ਪ੍ਰਾਪਤ ਕਰਨ ਲਈ ਕਿਸ ਦੀ ਕਮਾਨ ਹੇਠ ਕਿੰਨੀ ਫ਼ੌਜ ਭੇਜੀ ਗਈ?**

**ਉੱਤਰ** : ਸਰਦਾਰ ਜ਼ੋਰਾਵਰ ਸਿੰਘ ਦੀ ਕਮਾਨ ਹੇਠ 8000 ਦੀ ਫ਼ੌਜ ਭੇਜੀ।

**ਪ੍ਰਸ਼ਨ 27. ਲਦਾਖ ਦੇ ਇਲਾਕੇ ਦੀ ਸੁਰੱਖਿਆ ਲਈ ਕਿੰਨੇ ਕਿਲ੍ਹੇ ਬਣਾਏ ਗਏ?**

ਉੱਤਰ : ਦੋ ਕਿਲ੍ਹੇ।

**ਪ੍ਰਸ਼ਨ 28. ਕੰਵਰ ਨੌਨਿਹਾਲ ਸਿੰਘ ਦਾ ਵਿਆਹ ਕਿਸ ਨਾਲ ਕੀਤਾ ਗਿਆ?**

ਉੱਤਰ : ਸਰਦਾਰ ਸ਼ਾਮ ਸਿੰਘ ਅਟਾਰੀ ਦੀ ਪੁੱਤਰੀ ਨਾਨਕੀ ਜੀ ਨਾਲ।

**ਪ੍ਰਸ਼ਨ 29. ਜਮਰੌਦ ਦੇ ਕਿਲ੍ਹੇ ਦਾ ਫ਼ੌਜਦਾਰ ਕਿਸ ਨੂੰ ਥਾਪਿਆ ਗਿਆ?**

ਉੱਤਰ : ਸ: ਮਹਾਂ ਸਿੰਘ ਨੂੰ।

**ਪ੍ਰਸ਼ਨ 30. ਜਮਰੌਦ ਦੀ ਲੜਾਈ ਵਿਚ ਕਿਹੜਾ ਮਹਾਨ ਜਰਨੈਲ ਸ਼ਹੀਦ ਹੋ ਗਿਆ ਸੀ?**

ਉੱਤਰ : ਸਰਦਾਰ ਹਰੀ ਸਿੰਘ ਨਲੂਆ।

**ਪ੍ਰਸ਼ਨ 31. ਮਹਾਰਾਜਾ ਰਣਜੀਤ ਸਿੰਘ ਦਾ ਦੇਹਾਂਤ ਕਦੋਂ ਹੋਇਆ?**

ਉੱਤਰ : 27 ਜੂਨ, ਸੰਨ 1839 ਨੂੰ।

**ਪ੍ਰਸ਼ਨ 32. ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀਆਂ ਹੱਦਾਂ ਕਿੱਥੋਂ ਤੋਂ ਕਿੱਥੇ ਤੱਕ ਸਨ, ਕੁੱਲ ਖੇਤਰਫਲ (ਏਰੀਆ) ਕਿੰਨਾ ਸੀ ਤੇ ਇਸ ਤੋਂ ਕਿੰਨੀ ਆਮਦਨ ਹੁੰਦੀ ਸੀ?**

ਉੱਤਰ : (i) ਮਹਾਰਾਜੇ ਦਾ ਰਾਜ ਸਤਲੁਜ ਨਦੀ ਤੋਂ ਪਿਸ਼ੌਰ ਅਤੇ ਤਿੱਬਤ ਦੀ ਹੱਦ ਤੋਂ ਸਿੰਧ ਤੀਕ ਫੈਲਿਆ ਹੋਇਆ ਸੀ। (ii) ਕੁੱਲ ਖੇਤਰਫਲ ਇੱਕ ਲੱਖ ਪੰਤਾਲੀ ਹਜ਼ਾਰ ਵਰਗਮੀਲ ਸੀ ਅਤੇ (iii) ਆਮਦਨ ਸਵਾ ਤਿੰਨ ਕਰੋੜ ਰੁਪਏ ਸਾਲਾਨਾ ਸੀ।

## (5) ਅਕਾਲੀ ਬਾਬਾ ਫੂਲਾ ਸਿੰਘ ਜੀ

**ਪ੍ਰਸ਼ਨ 1. ਅਕਾਲੀ ਫੂਲਾ ਸਿੰਘ ਜੀ ਦਾ ਜਨਮ ਕਿੱਥੇ ਤੇ ਕਦੋਂ ਹੋਇਆ ਸੀ?**

ਉੱਤਰ : (ੳ) ਇਲਾਕਾ ਬਾਂਗਰ ਦੇ ਸ਼ੀਹਾਂ ਪਿੰਡ ਵਿਚ (ਅ) ਸੰਨ 1761 ਵਿਚ।

**ਪ੍ਰਸ਼ਨ 2. ਆਪ ਦੇ ਪਿਤਾ ਦਾ ਕੀ ਨਾਮ ਸੀ? ਉਹ ਕਿਹੜੀ ਮਿਸਲ ਨਾਲ ਸੰਬੰਧਿਤ ਸਨ?**

ਉੱਤਰ : (i) ਭਾਈ ਈਸ਼ਰ ਸਿੰਘ ਜੀ (ii) ਮਿਸਲ ਨਿਸ਼ਾਨਾਂ ਨਾਲ ਸੰਬੰਧਿਤ ਸਨ।

**ਪ੍ਰਸ਼ਨ 3. ਮੌਤ ਤੋਂ ਪਹਿਲਾਂ ਭਾਈ ਈਸ਼ਰ ਸਿੰਘ, ਬਾਲਕ ਫੂਲਾ ਸਿੰਘ ਦੀ ਬਾਂਹ ਕਿਸ ਦੇ ਹੱਥ ਫੜਾ ਗਏ?**

ਉੱਤਰ : ਬਾਬਾ ਨਰੈਣ ਸਿੰਘ ਮਿਸਲ ਸ਼ਹੀਦਾਂ ਦੇ।



**ਪ੍ਰਸ਼ਨ 4. 10 ਸਾਲ ਦੀ ਉਮਰ ਤੱਕ ਆਪ ਨੇ ਕਿਹੜੀਆਂ ਬਾਣੀਆਂ ਜ਼ਬਾਨੀ ਯਾਦ ਕਰ ਲਈਆਂ ਸਨ?**

ਉੱਤਰ : ਨਿਤਨੇਮ, ਅਕਾਲ ਉਸਤਤਿ, ਤੇਤੀ ਸਵੱਈਏ ਆਦਿਕ ਬਾਣੀਆਂ।

**ਪ੍ਰਸ਼ਨ 5. ਆਪ ਕਿਸਦੇ ਡੇਰੇ ਆ ਕੇ, ਕਿਹੜੀ ਮਿਸਲ ਵਿਚ ਸ਼ਾਮਲ ਹੋ ਗਏ?**

ਉੱਤਰ : (i) ਬਾਬਾ ਨਰੈਣ ਸਿੰਘ ਦੇ ਡੇਰੇ (ii) ਮਿਸਲ ਸ਼ਹੀਦਾਂ ਵਿਚ ਸ਼ਾਮਲ ਹੋਏ।

**ਪ੍ਰਸ਼ਨ 6. ਬਾਬਾ ਨਰੈਣ ਸਿੰਘ ਦੇ ਚੜ੍ਹਾਈ ਕਰਨ ਮਗਰੋਂ ਮਿਸਲ ਸ਼ਹੀਦਾਂ ਦਾ ਜਥੇਦਾਰ ਕੌਣ ਬਣਿਆ?**

ਉੱਤਰ : ਅਕਾਲੀ ਫੂਲਾ ਸਿੰਘ ਜੀ।

**ਪ੍ਰਸ਼ਨ 7. ਆਪ ਜ਼ਿਆਦਾਤਰ ਕਿਹੜੇ ਨਗਰਾਂ ਵਿਚ ਰਹਿੰਦੇ ਸਨ?**

ਉੱਤਰ : ਸ੍ਰੀ ਅਨੰਦਪੁਰ ਸਾਹਿਬ ਤੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ।

**ਪ੍ਰਸ਼ਨ 8. ਅਕਾਲੀ ਫੂਲਾ ਸਿੰਘ ਜੀ ਦੀ ਮਹਾਰਾਜਾ ਰਣਜੀਤ ਸਿੰਘ ਨਾਲ ਪਹਿਲੀ ਮੁਲਾਕਾਤ ਕਿੱਥੇ ਤੇ ਕਦੋਂ ਹੋਈ?**

ਉੱਤਰ : (i) ਅੰਮ੍ਰਿਤਸਰ ਵਿਖੇ (ii) ਸੰਨ 1802 ਵਿਚ।

**ਪ੍ਰਸ਼ਨ 9. ਅਕਾਲੀ ਫੂਲਾ ਸਿੰਘ ਜੀ ਨੇ ਸਭ ਤੋਂ ਪਹਿਲਾਂ ਕਿਹੜੀ ਲੜਾਈ ਵਿਚ ਹਿੱਸਾ ਲਿਆ?**

ਉੱਤਰ : ਕਸੂਰ ਦੀ ਲੜਾਈ ਵਿਚ।

**ਪ੍ਰਸ਼ਨ 10. ਅਕਾਲੀ ਫੂਲਾ ਸਿੰਘ ਜੀ ਨੇ ਕੈਪਟਨ ਵਾਈਟ 'ਤੇ ਹਮਲਾ ਕਿਉਂ ਕੀਤਾ?**

ਉੱਤਰ : ਕੈਪਟਨ ਵਾਈਟ ਪਿੰਡ 'ਚਾਉਕੇ' ਵਿਖੇ ਨਕਸ਼ੇ ਤਿਆਰ ਕਰਵਾ ਰਿਹਾ ਸੀ। ਉਨ੍ਹੀਂ ਦਿਨੀਂ ਇਹ ਅਫਵਾਹ ਵੀ ਫੈਲੀ ਹੋਈ ਸੀ ਕਿ ਅੰਗਰੇਜ਼ ਪੰਜਾਬ ਦਾ ਨਕਸ਼ਾ ਤਿਆਰ ਕਰ ਰਹੇ ਹਨ ਤੇ ਥੋੜ੍ਹੇ ਸਮੇਂ ਵਿਚ ਹੀ ਪੰਜਾਬ ਤੇ ਕਬਜ਼ਾ ਕਰ ਲੈਣਗੇ। ਇਸ ਗ਼ਲਤਫ਼ਹਿਮੀ ਵਿਚ ਆਪ ਨੇ ਕੈਪਟਨ ਵਾਈਟ 'ਤੇ ਹਮਲਾ ਕਰ ਦਿੱਤਾ।

**ਪ੍ਰਸ਼ਨ 11. ਅਕਾਲੀ ਫੂਲਾ ਸਿੰਘ ਜੀ ਦਾ ਮਹਾਰਾਜੇ ਨਾਲ ਕਿਸ ਕਾਰਨ ਮੱਤਭੇਦ ਹੋ ਗਿਆ ਸੀ?**

ਉੱਤਰ : ਡੋਗਰਿਆਂ ਨੂੰ ਰਾਜ-ਦਰਬਾਰ ਵਿਚ ਜ਼ਿੰਮੇਵਾਰੀ ਦੇ ਅਹੁਦੇ ਦੇਣ ਕਰਕੇ ਮੱਤਭੇਦ ਹੋ ਗਿਆ ਸੀ। ਅਕਾਲੀ ਜੀ ਦੇ ਖਿਆਲਾਂ ਵਿਚ ਐਸੇ ਅਹੁਦੇ ਕੇਵਲ ਯੋਗ ਸਿੱਖਾਂ ਨੂੰ ਹੀ ਦੇਣੇ ਚਾਹੀਦੇ ਸਨ।

**ਪ੍ਰਸ਼ਨ 12. ਅਕਾਲੀ ਫੂਲਾ ਸਿੰਘ ਜੀ ਡੋਗਰਿਆਂ ਤੋਂ ਕਿਉਂ ਨਫ਼ਰਤ ਕਰਦੇ ਸਨ?**

ਉੱਤਰ : ਡੋਗਰਿਆਂ ਨੂੰ ਸਿੱਖ ਰਾਜ ਅਤੇ ਸਿੱਖ ਪੰਥ ਦੀ ਚੜ੍ਹਦੀ ਕਲਾ ਨਾਲ ਕੋਈ ਵਾਸਤਾ ਨਹੀਂ ਸੀ। ਉਨ੍ਹਾਂ ਦਾ ਆਸ਼ਾ ਕੇਵਲ ਆਪਣੇ ਤੇ ਆਪਣੇ

ਰਿਸ਼ਤੇਦਾਰਾਂ ਲਈ ਅਹੁਦੇ ਤੇ ਧਨ-ਪਦਾਰਥ ਹਾਸਿਲ ਕਰਨਾ ਸੀ। ਇਸੇ ਲਈ ਉਹ ਚਾਲਾਂ ਚਲਦੇ ਰਹਿੰਦੇ ਸਨ। ਮਹਾਰਾਜੇ ਅਤੇ ਉਸਦੇ ਪੁੱਤਰਾਂ ਵਿਚਕਾਰ ਫੁੱਟ ਦੇ ਬੀਜ ਬੀਜਦੇ ਸਨ। ਸਿੱਖ ਰਾਜ ਲਈ ਤਨ-ਮਨ ਵਾਰਨ ਵਾਲੇ ਸਰਦਾਰਾਂ/ਜਰਨੈਲਾਂ ਨੂੰ ਮਹਾਰਾਜੇ ਤੋਂ ਦੂਰ ਰੱਖਣ ਦਾ ਯਤਨ ਕਰਦੇ ਸਨ।

**ਪ੍ਰਸ਼ਨ 13. ਮਹਾਰਾਜਾ ਰਣਜੀਤ ਸਿੰਘ ਨੇ ਜਦੋਂ ਆਪ ਨੂੰ ਮੱਤਭੇਦ ਦੂਰ ਕਰਨ ਲਈ ਲਾਹੌਰ ਬੁਲਾਇਆ ਤਾਂ ਆਪ ਜੀ ਨੇ ਕੀ ਜਵਾਬ ਦਿੱਤਾ?**

**ਉੱਤਰ** : ਆਪ ਨੇ ਕਿਹਾ (i) ਤੁਸੀਂ ਖ਼ਾਲਸਾ ਰਾਜ ਵਿਚ ਅਨਮਤੀਆਂ ਨੂੰ ਅਹੁਦੇ ਦੇ ਕੇ ਨੀਤੀ ਦੇ ਵਿਰੁੱਧ ਕੰਮ ਕਰ ਰਹੇ ਹੋ; ਇਹ ਤਰੀਕਾ ਖ਼ਾਲਸਾ ਰਾਜ ਲਈ ਹਾਨੀਕਾਰਕ ਹੈ। (ii) ਕਲਗੀਧਰ ਪਿਤਾ ਨੇ ਆਪ ਨੂੰ ਪੰਥ ਦਾ ਮਾਲੀ ਥਾਪਿਆ ਹੈ। ਜੇਕਰ ਆਪ ਇਸ ਨੀਤੀ ਨੂੰ ਨਹੀਂ ਬਦਲੋਗੇ, ਤਾਂ ਸਾਡੀ ਤੁਹਾਨੂੰ ਇਹ ਆਖ਼ਰੀ ਫ਼ਤਹਿ ਹੈ।

**ਪ੍ਰਸ਼ਨ 14. ਅਨੰਦਪੁਰ ਸਾਹਿਬ ਵਿਖੇ ਕਿਸ ਸ਼ਾਹਜ਼ਾਦੇ ਨੇ ਆਪ ਦੇ ਪਾਸ ਪਨਾਹ (ਸ਼ਰਨ) ਲਈ ਸੀ?**

**ਉੱਤਰ** : ਜੀਂਦ ਦੇ ਸ਼ਾਹਜ਼ਾਦਾ ਪ੍ਰਤਾਪ ਸਿੰਘ ਨੇ।

**ਪ੍ਰਸ਼ਨ 15. ਫਿਲੌਰ ਦੇ ਕਿਲ੍ਹੇਦਾਰ ਮੋਤੀਰਾਮ ਨੇ ਅਨੰਦਪੁਰ ਪਹੁੰਚ ਕੇ ਜਦੋਂ ਅਕਾਲੀ ਫੂਲਾ ਸਿੰਘ ਨੂੰ ਗ੍ਰਿਫ਼ਤਾਰ ਕਰਨਾ ਚਾਹਿਆ, ਤਾਂ ਫ਼ੌਜੀਆਂ ਨੇ ਕੀ ਕੀਤਾ?**

**ਉੱਤਰ** : (i) ਸਾਰੇ ਫ਼ੌਜੀਆਂ ਨੇ ਹਥਿਆਰ ਜ਼ਮੀਨ 'ਤੇ ਰੱਖ ਦਿੱਤੇ ਅਤੇ ਅੱਗੇ ਵਧਣ ਤੋਂ ਸਾਫ਼ ਇਨਕਾਰ ਕਰ ਦਿੱਤਾ।
(ii) ਸਭ ਫ਼ੌਜੀਆਂ ਨੇ ਆਖਿਆ ਕਿ ਅਕਾਲੀ ਜੀ ਵਰਗੇ ਬਲੀ ਯੋਧੇ ਮਹਾਂਪੁਰਸ਼ ਨੂੰ ਅਸੀਂ ਹੱਥ ਨਹੀਂ ਲਾਵਾਂਗੇ, ਭਾਵੇਂ ਸਿਰ ਵੀ ਕਿਉਂ ਨਾ ਦੇਣਾ ਪਵੇ।

**ਪ੍ਰਸ਼ਨ 16. ਅਕਾਲੀ ਜੀ ਨਾਲ ਮੱਤਭੇਦ ਦੂਰ ਕਰਨ ਲਈ ਮਹਾਰਾਜੇ ਨੇ ਕਿਸ ਨੂੰ ਕਿਹੜੀ ਥਾਂ ਭੇਜਿਆ ਸੀ? ਕੀ ਆਪ ਨੇ ਮਹਾਰਾਜੇ ਨਾਲ ਸੁਲਾਹ ਕਰ ਲਈ ਸੀ?**

**ਉੱਤਰ** : (i) ਬਾਬਾ ਸਾਹਿਬ ਸਿੰਘ ਬੇਦੀ ਨੂੰ (ii) ਅਨੰਦਪੁਰ ਸਾਹਿਬ ਭੇਜਿਆ। (iii) ਆਪ ਨੇ ਮਹਾਰਾਜੇ ਨਾਲ ਸੁਲਾਹ ਕਰ ਲਈ ਸੀ।

**ਪ੍ਰਸ਼ਨ 17. ਸੰਨ 1818 ਵਿਚ, ਜਦੋਂ ਸਿੱਖ ਫ਼ੌਜਾਂ, ਮੁਲਤਾਨ ਦੇ ਕਿਲ੍ਹੇ ਨੂੰ ਤਿੰਨ ਮਹੀਨੇ ਘੇਰਾ ਪਾਈ ਰੱਖਣ ਮਗਰੋਂ ਵੀ ਕਬਜ਼ੇ ਵਿਚ ਨਾ ਕਰ ਸਕੀਆਂ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਆ ਕੇ ਅਕਾਲੀ ਫੂਲਾ ਸਿੰਘ ਨੂੰ ਸਾਰੀ ਗੱਲ ਦੱਸੀ। ਇਹ ਸੁਣ ਕੇ ਅਕਾਲੀ ਜੀ ਨੇ ਮਹਾਰਾਜੇ ਨੂੰ ਕੀ ਕਿਹਾ?**



**ਉੱਤਰ** : "ਡੋਗਰਿਆਂ ਦੇ ਪਾਲਕਾ! ਪਹਿਲਾਂ ਕਿਉਂ ਨਹੀਂ ਦੱਸਿਆ? ਕਾਹਨੂੰ ਖ਼ਾਲਸੇ ਦੇ ਦਲਾਂ ਨੂੰ ਇੰਨੀਆਂ ਮੁਸ਼ਕਿਲਾਂ ਵਿਚ ਫਸਾ ਛੱਡਿਆ ਈ?"

**ਪ੍ਰਸ਼ਨ 18. ਸੰਨ 1818 ਦੀ ਮੁਲਤਾਨ ਦੀ ਜਿੱਤ ਮਗਰੋਂ ਮਹਾਰਾਜੇ ਨੇ ਅਕਾਲੀ ਫੂਲਾ ਸਿੰਘ ਨੂੰ ਕੀ ਆਖ ਕੇ ਨਿਵਾਜਿਆ?**

**ਉੱਤਰ** : 'ਖ਼ਾਲਸਾ ਰਾਜ ਦਾ ਰਾਖਾ' ਆਖ ਕੇ ਨਿਵਾਜਿਆ।

**ਪ੍ਰਸ਼ਨ 19. ਅਕਾਲੀ ਫੂਲਾ ਸਿੰਘ ਜੀ ਦੀ ਸ਼ਹੀਦੀ ਕਿੱਥੇ ਤੇ ਕਦੋਂ ਹੋਈ?**

**ਉੱਤਰ** : (i) ਨੌਸ਼ਹਿਰੇ ਦੇ ਨੇੜੇ ਟੀਰੀ ਦੀ ਪਹਾੜੀ ਉੱਤੇ (ii) 14 ਮਾਰਚ ਸੰਨ 1823 ਨੂੰ ਸ਼ਹੀਦੀ ਹੋਈ।

## (6) ਸ: ਹਰੀ ਸਿੰਘ ਜੀ ਨਲੂਆ

**ਪ੍ਰਸ਼ਨ 1. ਸ: ਹਰੀ ਸਿੰਘ ਨਲੂਆ ਕੌਣ ਸੀ?**

**ਉੱਤਰ** : ਆਪ ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਵੱਡੇ ਜਰਨੈਲ ਸਨ।

**ਪ੍ਰਸ਼ਨ 2. ਸ: ਹਰੀ ਸਿੰਘ ਨਲੂਆ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ?**

**ਉੱਤਰ** : (i) 1791 ਈ: ਵਿਚ (ii) ਗੁਜਰਾਂਵਾਲਾ ਵਿਖੇ

**ਪ੍ਰਸ਼ਨ 3. ਆਪ ਜੀ ਦੇ ਪਿਤਾ ਅਤੇ ਮਾਤਾ ਜੀ ਦਾ ਕੀ ਨਾਮ ਸੀ?**

**ਉੱਤਰ** : (i) ਪਿਤਾ ਸ: ਗੁਰਦਿਆਲ ਸਿੰਘ (ii) ਮਾਤਾ ਧਰਮ ਕੌਰ ਜੀ।

**ਪ੍ਰਸ਼ਨ 4. ਸ: ਹਰੀ ਸਿੰਘ (ਨਲੂਆ) ਕਿੰਨੇ ਸਾਲਾਂ ਦੇ ਸਨ, ਜਦੋਂ ਉਨ੍ਹਾਂ ਦੇ ਪਿਤਾ ਦੀ ਮੌਤ ਹੋ ਗਈ?**

**ਉੱਤਰ** : ਸੱਤ ਸਾਲਾਂ ਦੇ।

**ਪ੍ਰਸ਼ਨ 5. ਆਪ ਨੇ ਕਿੰਨੇ ਸਾਲਾਂ ਦੀ ਉਮਰ ਵਿਚ ਅੰਮ੍ਰਿਤਪਾਨ ਕੀਤਾ?**

**ਉੱਤਰ** : 10 ਸਾਲ ਦੀ ਉਮਰ ਵਿਚ।

**ਪ੍ਰਸ਼ਨ 6. ਸ: ਹਰੀ ਸਿੰਘ (ਨਲੂਆ) ਮਹਾਰਾਜਾ ਰਣਜੀਤ ਸਿੰਘ ਦੇ ਸੰਪਰਕ ਵਿਚ ਕਿਵੇਂ ਆਏ?**

**ਉੱਤਰ** : ਸੰਨ 1805 ਦੀ ਬਸੰਤ ਪੰਚਮੀ 'ਤੇ ਲਾਏ ਸ਼ਾਹੀ ਦਰਬਾਰ ਸਮੇਂ ਆਪ ਨੇ ਸ਼ਸਤਰ ਵਿਦਿਆ ਦੇ ਕਮਾਲ ਵਿਖਾ ਕੇ ਮਹਾਰਾਜੇ ਦਾ ਦਿਲ ਜਿੱਤ ਲਿਆ। ਮਹਾਰਾਜੇ ਨੇ ਖੁਸ਼ ਹੋ ਕੇ ਸੋਨੇ ਦਾ ਕੈਂਠਾ ਬਖਸ਼ਿਸ਼ ਕੀਤਾ ਤੇ ਆਪਣੇ ਅੰਗ-ਰੱਖਿਅਕਾਂ ਵਿਚ ਸ਼ਾਮਲ ਕਰ ਲਿਆ।

**ਪ੍ਰਸ਼ਨ 7. ਸ: ਹਰੀ ਸਿੰਘ ਦੇ ਨਾਮ ਨਾਲ ਨਲੂਆ ਸ਼ਬਦ ਕਿਵੇਂ ਜੁੜਿਆ?**

**ਉੱਤਰ** : ਆਪ ਮਹਾਰਾਜਾ ਰਣਜੀਤ ਸਿੰਘ ਦੇ ਨਾਲ ਸ਼ਿਕਾਰ 'ਤੇ ਗਏ। ਇਕ ਸ਼ੇਰ ਨੇ ਅਚਾਨਕ ਹਮਲਾ ਕਰ ਦਿੱਤਾ। ਆਪ ਨੇ ਸ਼ੇਰ ਨੂੰ ਜਬਾੜੇ ਤੋਂ ਹੱਥਾਂ ਨਾਲ ਫੜ ਕੇ ਪਟਕਾ ਮਾਰਿਆ ਅਤੇ ਫਿਰ ਤਲਵਾਰ ਨਾਲ ਗਰਦਨ ਲਾਹ ਦਿੱਤੀ। ਸ਼ੇਰ ਦਾ ਸ਼ਿਕਾਰ ਹੱਥਾਂ ਨਾਲ ਕਰਨ ਕਰਕੇ ਨਾਮ 'ਨਲੂਆ' ਪਿਆ।

**ਪ੍ਰਸ਼ਨ 8. ਆਪ ਨੇ ਸਭ ਤੋਂ ਪਹਿਲਾਂ ਕਿਹੜੀ ਲੜਾਈ ਵਿਚ ਬੀਰਤਾ ਦੇ ਜੌਹਰ ਦਿਖਾਏ?**

**ਉੱਤਰ** : ਸੰਨ 1807 ਵਿਚ ਕਸੂਰ ਦੀ ਲੜਾਈ ਵਿਚ।

**ਪ੍ਰਸ਼ਨ 9. ਕਸੂਰ ਦੀ ਜਿੱਤ ਮਗਰੋਂ ਮਹਾਰਾਜਾ ਰਣਜੀਤ ਸਿੰਘ ਨੇ ਆਪ ਨੂੰ ਕੀ ਇਨਾਮ ਦਿੱਤਾ?**

**ਉੱਤਰ** : ਤੀਹ ਹਜ਼ਾਰ ਰੁਪਏ ਸਾਲਾਨਾ ਦੀ ਜਗੀਰ ਦਿੱਤੀ।

**ਪ੍ਰਸ਼ਨ 10. ਮੁਲਤਾਨ ਦੀ ਜਿੱਤ ਤੋਂ ਬਾਅਦ ਆਪ ਦੀ ਜਗੀਰ ਵਿਚ ਕਿੰਨਾ ਵਾਧਾ ਕੀਤਾ ਗਿਆ?**

**ਉੱਤਰ** : 20000 ਰੁਪਏ ਸਾਲਾਨਾ।

**ਪ੍ਰਸ਼ਨ 11. ਅਟਕ ਦੇ ਕਿਲ੍ਹੇ ਦੀ ਜਿੱਤ ਮਗਰੋਂ ਸ: ਹਰੀ ਸਿੰਘ ਨੂੰ ਕਿਹੜਾ ਇਲਾਕਾ ਜਗੀਰ ਵਿਚ ਮਿਲਿਆ ਤੇ ਮਹਾਰਾਜਾ ਰਣਜੀਤ ਸਿੰਘ ਨੂੰ ਕਿਹੜੀ ਵਿਸ਼ੇਸ਼ ਵਸਤੂ ਪ੍ਰਾਪਤ ਹੋਈ?**

**ਉੱਤਰ** : (1) ਸ: ਹਰੀ ਸਿੰਘ ਨੂੰ ਜਗੀਰ ਵਜੋਂ ਗੁਜਰਾਂਵਾਲੇ ਦਾ ਇਲਾਕਾ ਪ੍ਰਾਪਤ ਹੋਇਆ।

(2) ਮਹਾਰਾਜਾ ਰਣਜੀਤ ਸਿੰਘ ਨੂੰ 'ਕੋਹਿਨੂਰ' ਹੀਰਾ ਪ੍ਰਾਪਤ ਹੋਇਆ।

**ਪ੍ਰਸ਼ਨ 12. ਕਸ਼ਮੀਰ ਦੀ ਜਿੱਤ ਮਗਰੋਂ ਮਹਾਰਾਜੇ ਨੇ ਆਪ ਉਤੇ ਕੀ ਬਖਸ਼ਿਸ਼ਾਂ ਕੀਤੀਆਂ?**

**ਉੱਤਰ** : (i) ਆਪ ਨੂੰ ਕਸ਼ਮੀਰ ਦਾ ਗਵਰਨਰ ਥਾਪਿਆ।

(ii) ਆਪਣੇ ਨਾਮ ਦਾ ਸਿੱਕਾ ਚਲਾਉਣ ਦਾ ਅਧਿਕਾਰ ਦਿੱਤਾ।

**ਪ੍ਰਸ਼ਨ 13. ਮੁੰਘੇਰ ਦੀ ਜਿੱਤ ਮਗਰੋਂ ਸ: ਹਰੀ ਸਿੰਘ ਨੂੰ ਕਿੱਥੋਂ ਦਾ ਗਵਰਨਰ ਬਣਾਇਆ ਗਿਆ?**

**ਉੱਤਰ** : 'ਹਜ਼ਾਰੇ' ਦਾ ਗਵਰਨਰ ਬਣਾਇਆ ਗਿਆ।



**ਪ੍ਰਸ਼ਨ 14. ਨੁਸ਼ਹਿਰੇ ਦੀ ਲੜਾਈ ਕਿਨ੍ਹਾਂ ਦੋ ਜਰਨੈਲਾਂ ਨੇ ਰਲ ਕੇ ਜਿੱਤੀ ਸੀ? ਇਸ ਲੜਾਈ ਵਿਚ ਕਿਹੜਾ ਜਰਨੈਲ ਸ਼ਹੀਦ ਹੋਇਆ?**

**ਉੱਤਰ** : (i) ਸ: ਹਰੀ ਸਿੰਘ ਤੇ ਅਕਾਲੀ ਫੂਲਾ ਸਿੰਘ ਜੀ ਨੇ।

(ii) ਅਕਾਲੀ ਫੂਲਾ ਸਿੰਘ ਜੀ ਸ਼ਹੀਦ ਹੋ ਗਏ ਸਨ।

**ਪ੍ਰਸ਼ਨ 15. ਕਿਸ ਲੜਾਈ ਮਗਰੋਂ ਖ਼ਾਲਸੇ ਦਾ ਕਬਜ਼ਾ ਪਿਸ਼ਾਵਰ 'ਤੇ ਹੋਇਆ ਸੀ?**

**ਉੱਤਰ** : ਨੁਸ਼ਹਿਰੇ ਦੀ ਲੜਾਈ ਮਗਰੋਂ।

**ਪ੍ਰਸ਼ਨ 16. ਜਦੋਂ ਮਹਾਰਾਜੇ ਦੇ ਉੱਤਰਾਧਿਕਾਰੀ ਬਾਰੇ ਗੱਲ ਹੋਈ ਤਾਂ ਸ: ਹਰੀ ਸਿੰਘ ਨਲੂਏ ਨੇ ਕੀ ਵਿਚਾਰ ਦਿੱਤਾ?**

**ਉੱਤਰ** : ਸਿੱਖ ਰਾਜ ਦੀ ਵਾਗਡੋਰ 'ਪੰਜ ਪਿਆਰਿਆਂ' ਦੀ ਕਮੇਟੀ ਦੇ ਹੱਥ ਦੇ ਦੇਣੀ ਚਾਹੀਦੀ ਹੈ।

**ਪ੍ਰਸ਼ਨ 17. ਸ: ਹਰੀ ਸਿੰਘ ਨਲੂਏ ਨੇ ਕਿੰਨੇ ਸਾਲਾਂ ਬਾਅਦ ਹਿੰਦੁਸਤਾਨ ਤੋਂ ਖੁੱਸਿਆ ਪਿਸ਼ਾਵਰ ਦਾ ਇਲਾਕਾ ਅਫਗਾਨਾਂ ਤੋਂ ਆਜ਼ਾਦ ਕਰਾ ਕੇ ਫਿਰ ਹਿੰਦੁਸਤਾਨ (ਪੰਜਾਬ) ਵਿਚ ਮਿਲਾ ਦਿੱਤਾ?**

**ਉੱਤਰ** : 836 ਸਾਲ ਮਗਰੋਂ।

**ਪ੍ਰਸ਼ਨ 18. ਪਠਾਣੀਆਂ ਆਪਣੇ ਬੱਚਿਆਂ ਨੂੰ ਚੁੱਪ ਕਰਾਉਣ ਲਈ ਕੀ ਆਖਦੀਆਂ ਹਨ ਤੇ ਉਸਦੇ ਕੀ ਅਰਥ ਹਨ?**

**ਉੱਤਰ** : ਚੁੱਪ ਸ਼ਾ ਬੱਚਿਆ! ਹਰੀ ਰਾਗਲੈ। (ਅਰਥਾਤ : ਪੁੱਤਰਾ ਚੁੱਪ ਕਰ ਜਾ, ਹਰੀ ਸਿੰਘ ਆਉਂਦਾ ਪਿਆ ਹੈ।)

**ਪ੍ਰਸ਼ਨ 19. ਜਮਰੌਦ ਦੇ ਕਿਲ੍ਹੇ ਦੀ ਨੀਂਹ ਨਲੂਏ ਸਰਦਾਰ ਨੇ ਕਦੋਂ ਰੱਖੀ? ਇਹ ਕਿਲ੍ਹਾ ਕਿਹੜੀ ਜਗ੍ਹਾ ਹੈ?**

**ਉੱਤਰ** : (i) 17 ਅਕਤੂਬਰ, 1836 ਨੂੰ ਜਮਰੌਦ ਦੇ ਕਿਲ੍ਹੇ ਦੀ ਨੀਂਹ ਰੱਖੀ।

(ii) ਇਹ ਕਿਲ੍ਹਾ ਦੱਰਾ ਖੈਬਰ ਦੇ ਬਿਲਕੁਲ ਮੂੰਹ ਉਤੇ ਹੈ।

**ਪ੍ਰਸ਼ਨ 20. ਕਾਬਲ ਦੀਆਂ ਫ਼ੌਜਾਂ ਨੇ ਜਦੋਂ ਜਮਰੌਦ 'ਤੇ ਚੜ੍ਹਾਈ ਕੀਤੀ ਤਾਂ ਸ: ਹਰੀ ਸਿੰਘ ਨਲੂਆ ਕਿੱਥੇ ਸਨ ਤੇ ਕਿਸ ਅਵਸਥਾ ਵਿਚ ਸਨ?**

**ਉੱਤਰ** : (ੳ) ਆਪ ਪਿਸ਼ਾਵਰ ਵਿਚ ਸਨ, (ਅ) ਬੀਮਾਰ ਸਨ।

**ਪ੍ਰਸ਼ਨ 21. ਜਮਰੌਦ 'ਤੇ ਅਫਗਾਨੀਆਂ ਦੇ ਹਮਲੇ ਦੀ ਖਬਰ ਆਪ ਨੂੰ ਕਿਸ ਨੇ ਪਹੁੰਚਾਈ?**

**ਉੱਤਰ** : ਬੀਬੀ ਹਰਸ਼ਰਨ ਕੌਰ ਨੇ।

**ਪ੍ਰਸ਼ਨ 22. ਪਿਸ਼ਾਵਰ ਤੋਂ ਜਮਰੌਦ ਵੱਲ ਚੱਲਣ ਸਮੇਂ ਬੀਮਾਰੀ ਦੀ ਹਾਲਤ ਵਿਚ ਹੋਣ ਕਰਕੇ ਜਦੋਂ ਵੈਦ ਨੇ ਕਿਹਾ, "ਤੁਸੀਂ ਅਜੇ ਜੰਗ ਵਿਚ ਨਾ ਜਾਓ। ਹਾਲੇ ਆਪ ਦੀ ਜ਼ਿੰਦਗੀ ਦੀ ਕੌਮ ਨੂੰ ਲੋੜ ਹੈ।" ਤਾਂ ਆਪ ਨੇ ਕੀ ਜਵਾਬ ਦਿੱਤਾ?**

ਉੱਤਰ : ਕੌਮ ਨੂੰ ਲੋੜ ਹੈ, ਤਾਹੀਉਂ ਤਾਂ ਮੈਂ ਆਪਣਾ ਆਪ ਪੰਥ ਤੋਂ ਵਾਰਨ ਚੱਲਿਆ ਹਾਂ। ਜੇ ਪੰਥ ਦੀ ਸ਼ਾਨ ਬਚੀ ਰਹੀ ਤਾਂ ਹਜ਼ਾਰਾਂ ਨਲੂਏ ਪੈਦਾ ਹੋ ਜਾਣਗੇ, ਜੇ ਪੰਥ ਦੀ ਸ਼ਾਨ ਨਾ ਰਹੀ ਤਾਂ ਲੱਖਾਂ ਨਲੂਏ ਵਿਦੇਸ਼ੀਆਂ ਦੀਆਂ ਕਠਪੁਤਲੀਆਂ ਬਣ ਕੇ ਰਹਿ ਜਾਣਗੇ।

**ਪ੍ਰਸ਼ਨ 23. ਸ: ਹਰੀ ਸਿੰਘ ਨਲੂਆ ਕਿਹੜੀ ਜਗ੍ਹਾ ਤੇ ਕਿਸ ਤਰ੍ਹਾਂ ਸ਼ਹੀਦ ਹੋਏ?**

ਉੱਤਰ : (ੳ) ਦਰਾ ਖੈਬਰ ਕੋਲ ਸ਼ਹੀਦ ਹੋਏ।
(ਅ) ਵੈਰੀਆਂ ਦੀਆਂ ਗੋਲੀਆਂ ਲੱਗਣ ਨਾਲ।

**ਪ੍ਰਸ਼ਨ 24. ਸ: ਹਰੀ ਸਿੰਘ ਨਲੂਆ ਕਦੋਂ ਸ਼ਹੀਦ ਹੋਏ?**

ਉੱਤਰ : 30 ਅਪ੍ਰੈਲ, ਸੰਨ 1837 ਨੂੰ।

ਨੋਟ : **ਵਿਸਥਾਰ ਸਹਿਤ ਜਾਣਕਾਰੀ ਲੈਣ ਲਈ ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ ਦੁਆਰਾ ਪ੍ਰਕਾਸ਼ਿਤ ਪੁਸਤਕ 'ਸਰਦਾਰ ਹਰੀ ਸਿੰਘ ਨਲੂਆ' ਪੜ੍ਹੋ ਜੀ।**

## (ੲ) ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ

### (1) ਗੁਰਦੁਆਰਾ ਤਰਨਤਾਰਨ

**ਪ੍ਰਸ਼ਨ 1. ਗੁਰਦੁਆਰਾ ਤਰਨਤਾਰਨ ਦੇ ਪੁਜਾਰੀਆਂ ਦੀਆਂ ਵਧੀਕੀਆਂ ਕਦੋਂ ਅਤੇ ਕਿਵੇਂ ਜ਼ਾਹਰ ਹੋਈਆਂ?**

ਉੱਤਰ : 24 ਜਨਵਰੀ, 1921 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਇਕ ਇਸਤਰੀ ਨੇ ਦੱਸਿਆ ਕਿ ਉਸਦੇ ਪੁੱਤਰ ਨੂੰ ਪੱਥਰ ਬੰਨ੍ਹ ਕੇ ਸਰੋਵਰ ਵਿਚ ਸੁੱਟ ਦਿੱਤਾ ਗਿਆ, ਉਸਦੀ ਧੀ ਨੂੰ ਗੁਰਦੁਆਰੇ ਅੰਦਰ ਛੇੜਿਆ ਅਤੇ ਤੰਗ ਕੀਤਾ ਗਿਆ ਅਤੇ ਕੁੜੀਆਂ ਨਾਲ ਤਰ੍ਹਾਂ-ਤਰ੍ਹਾਂ ਦੀ ਛੇੜਖਾਨੀ ਅਤੇ ਟਿੱਚਰਬਾਜ਼ੀ ਨਿੱਤ-ਦਿਹਾੜੇ ਹੁੰਦੀ ਹੈ।

**ਪ੍ਰਸ਼ਨ 2. ਸੰਗਤ ਵਿਚ ਉਪਰੋਕਤ ਘਟਨਾ ਦਾ ਕੀ ਅਸਰ ਹੋਇਆ?**

ਉੱਤਰ : ਉਪਰੋਕਤ ਵਾਰਤਾ ਸੁਣ ਕੇ ਸੰਗਤ ਵਿਚ ਰੋਸ ਅਤੇ ਜੋਸ਼ ਪੈਦਾ ਹੋ ਗਿਆ। ਅਕਾਲੀਆਂ ਨੇ ਉਸੇ ਵੇਲੇ ਗੁਰੂ ਅਤੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਅਤੇ ਗੁਰਦੁਆਰਾ ਤਰਨਤਾਰਨ ਦੇ ਸੁਧਾਰ ਲਈ ਅਗਵਾਈ ਅਤੇ ਸਹਾਇਤਾ ਮੰਗੀ।



**ਪ੍ਰਸ਼ਨ 3. ਤਰਨਤਾਰਨ ਦੇ ਗੁਰਦੁਆਰਾ ਸਾਹਿਬ ਦੇ ਸੁਧਾਰ ਲਈ ਜਥਾ ਕਿਸ ਸਿੰਘ ਦੀ ਅਗਵਾਈ ਵਿਚ ਕਦੋਂ ਗਿਆ?**

ਉੱਤਰ : ਜਥੇਦਾਰ ਤੇਜਾ ਸਿੰਘ ਭੁੱਚਰ ਦੀ ਅਗਵਾਈ ਵਿਚ 25 ਜਨਵਰੀ, 1921 ਨੂੰ।

**ਪ੍ਰਸ਼ਨ 4. ਦਰਬਾਰ ਸਾਹਿਬ, ਤਰਨਤਾਰਨ ਦੇ ਪੁਜਾਰੀਆਂ ਨੇ ਗੁਰਦੁਆਰਾ ਸੁਧਾਰਕਾਂ ਦੇ ਜਥੇ ਨਾਲ ਕੀ ਵਤੀਰਾ ਕੀਤਾ?**

ਉੱਤਰ : ਧੋਖੇ ਨਾਲ ਜਥੇ ਦੇ ਸਿੰਘਾਂ ਉਤੇ ਛਵੀਆਂ, ਗੰਡਾਸਿਆਂ ਅਤੇ ਡਾਂਗਾਂ ਨਾਲ ਹੱਲਾ ਬੋਲ ਦਿੱਤਾ। ਬੰਬ ਅਤੇ ਇੱਟਾਂ ਵੱਟੇ ਵੀ ਸੁੱਟੇ ਗਏ।

**ਪ੍ਰਸ਼ਨ 5. ਪੁਜਾਰੀਆਂ ਦੇ ਹਮਲੇ ਵਿਚ ਅਕਾਲੀ ਸਿੰਘਾਂ ਦਾ ਕੀ ਨੁਕਸਾਨ ਹੋਇਆ?**

ਉੱਤਰ : ਇਸ ਹਮਲੇ ਵਿਚ 17 ਸਿੰਘ ਫੱਟੜ ਹੋਏ ਅਤੇ ਮਗਰੋਂ ਦੋ ਸਿੰਘ ਸ਼ਹੀਦ ਹੋ ਗਏ।

**ਪ੍ਰਸ਼ਨ 6. ਸ਼ਹੀਦ ਹੋਏ ਸਿੰਘਾਂ ਦੇ ਕੀ ਨਾਮ ਸਨ?**

ਉੱਤਰ : 1. ਭਾਈ ਹਜ਼ਾਰਾ ਸਿੰਘ 2. ਭਾਈ ਹੁਕਮ ਸਿੰਘ।

**ਪ੍ਰਸ਼ਨ 7. ਦਰਬਾਰ ਸਾਹਿਬ ਤਰਨਤਾਰਨ ਦੇ ਪ੍ਰਬੰਧ ਵਿਚ ਸੁਧਾਰ ਲਈ ਕੀਤੇ ਯਤਨਾਂ ਦਾ ਅੰਤ ਕੀ ਸਿੱਟਾ ਨਿਕਲਿਆ?**

ਉੱਤਰ : 26 ਜਨਵਰੀ, 1921 ਨੂੰ ਸਿੰਘਾਂ ਨੇ ਦਰਬਾਰ ਸਾਹਿਬ ਦਾ ਪ੍ਰਬੰਧ ਸੰਭਾਲ ਲਿਆ ਅਤੇ ਪ੍ਰਬੰਧ ਲਈ 15 ਸਿੰਘਾਂ ਦੀ ਕਮੇਟੀ ਬਣਾ ਦਿੱਤੀ।

### (2) ਗੁਰਦੁਆਰਾ ਨਨਕਾਣਾ ਸਾਹਿਬ

**ਪ੍ਰਸ਼ਨ 1. ਸ੍ਰੀ ਨਨਕਾਣਾ ਸਾਹਿਬ ਦੇ ਮਹੰਤ ਦਾ ਕੀ ਨਾਮ ਸੀ?**

ਉੱਤਰ : ਨਰਾਇਣ ਦਾਸ।

**ਪ੍ਰਸ਼ਨ 2. ਨਰਾਇਣ ਦਾਸ ਦਾ ਚਰਿੱਤਰ ਕੈਸਾ ਸੀ?**

ਉੱਤਰ : ਉਹ ਬੜਾ ਐਬੀ ਤੇ ਵੈਲੀ ਸੀ।

**ਪ੍ਰਸ਼ਨ 3. ਗੁਰਦੁਆਰਾ ਨਨਕਾਣਾ ਸਾਹਿਬ ਦੇ ਮਹੰਤ ਅਤੇ ਉਸਦੇ ਸਾਥੀਆਂ ਦਾ ਸੰਗਤ ਪ੍ਰਤੀ ਵਤੀਰਾ ਕੈਸਾ ਸੀ?**

ਉੱਤਰ : (i) ਉਸਦੇ ਸਾਥੀ ਗੁਰਦੁਆਰੇ ਵਿਚ ਸ਼ਰਾਬ ਪੀਂਦੇ ਸਨ। (ii) ਦਰਸ਼ਨ ਕਰਨ ਲਈ ਆਈਆਂ ਇਸਤਰੀਆਂ ਦੀ ਬੇਪਤੀ ਕੀਤੀ ਜਾਂਦੀ ਸੀ। (iii) ਗੁਰਦੁਆਰੇ ਵਿਚ ਕੰਜਰੀਆਂ ਦੇ ਮੁਜਰੇ ਵੀ ਕਰਵਾਏ ਜਾਂਦੇ ਸਨ।

**ਪ੍ਰਸ਼ਨ 4. ਨਨਕਾਣਾ ਸਾਹਿਬ ਦੇ ਪੁਜਾਰੀਆਂ ਵਲੋਂ ਬੀਬੀਆਂ ਦੀ ਬੇਪਤੀ ਕਰਨ ਦੀਆਂ ਕਿਹੜੀਆਂ ਘਟਨਾਵਾਂ ਸੰਗਤਾਂ ਦੀ ਜਾਣਕਾਰੀ ਵਿਚ ਆਈਆਂ ?**

**ਉੱਤਰ** : (i) ਸੰਨ 1918 ਵਿਚ ਇਕ ਸਿੰਧੀ ਪਰਿਵਾਰ ਜੋ ਕਿ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਨੂੰ ਗਿਆ, ਉਸ ਦੀ 13 ਸਾਲ ਦੀ ਲੜਕੀ ਦੀ ਇਕ ਸਾਧ ਨੇ ਬੇਪਤੀ ਕੀਤੀ ਸੀ।

(ii) ਸੰਨ 1918 ਵਿਚ ਹੀ ਜੜ੍ਹਾਂ ਵਾਲੇ ਇਲਾਕੇ ਦੀਆਂ 6 ਇਸਤਰੀਆਂ ਪੂਰਨਮਾਸ਼ੀ ਵਾਲੇ ਦਿਨ ਗੁਰਦੁਆਰੇ ਗਈਆਂ ਤੇ ਰਾਤ ਉਥੇ ਠਹਿਰੀਆਂ। ਰਾਤ ਨੂੰ ਸਾਧਾਂ ਨੇ ਸਾਰੀਆਂ ਹੀ ਇਸਤਰੀਆਂ ਦੀ ਜ਼ਬਰਦਸਤੀ ਬੇਪਤੀ ਕੀਤੀ।

**ਪ੍ਰਸ਼ਨ 5. ਸ੍ਰੀ ਨਨਕਾਣਾ ਸਾਹਿਬ ਵਿਚ ਕੁਰੀਤੀਆਂ ਅਤੇ ਅਨਰਥ ਹੁੰਦੇ ਵੇਖ ਕੇ ਸੰਗਤਾਂ ਨੇ ਕੀ ਉਦਮ ਕੀਤਾ ?**

**ਉੱਤਰ** : ਅਕਤੂਬਰ 1920 ਦੇ ਸ਼ੁਰੂ ਵਿਚ ਪਿੰਡ ਧਾਰੋਵਾਲੀ ਜ਼ਿਲ੍ਹਾ ਸ਼ੇਖੂਪੁਰਾ ਵਿਚ ਇਕ ਭਾਰੀ ਦੀਵਾਨ ਵਿਚ ਵੀਚਾਰ ਕਰਕੇ ਇਕ ਗੁਰਮਤੇ ਰਾਹੀਂ ਮਹੰਤ ਨੂੰ ਗੁਰਦੁਆਰੇ ਦਾ ਪ੍ਰਬੰਧ ਸੁਧਾਰਨ ਲਈ ਕਿਹਾ ਗਿਆ।

**ਪ੍ਰਸ਼ਨ 6. ਮਹੰਤ ਨਰਾਇਣ ਦਾਸ ਉੱਪਰ ਉਪਰੋਕਤ ਗੁਰਮਤੇ ਦਾ ਕੀ ਅਸਰ ਹੋਇਆ ?**

**ਉੱਤਰ** : (i) ਮਹੰਤ ਨੇ ਸੁਧਾਰ ਕਰਨ ਦੀ ਥਾਂ ਪੰਥ ਨਾਲ ਟੱਕਰ ਲੈਣ ਦੀ ਤਿਆਰੀ ਅਰੰਭ ਦਿੱਤੀ। (ii) ਆਸ-ਪਾਸ ਦੇ ਇਲਾਕੇ ਵਿਚੋਂ ਚਾਰ ਸੌ ਗੁੰਡੇ ਮੰਗਵਾ ਕੇ ਗੁਰਦੁਆਰੇ ਉਦਾਲੇ ਪਹਿਰੇ ਲਾ ਦਿੱਤੇ। (iii) ਉਸਨੇ 60,000 ਰੁਪਿਆ ਇਕੱਠਾ ਕਰਕੇ ਹਥਿਆਰ ਖਰੀਦੇ ਅਤੇ ਬਹੁਤ ਸਾਰੇ ਹੋਰ ਬਦਮਾਸ਼ ਨੌਕਰ ਰੱਖ ਲਏ।

**ਪ੍ਰਸ਼ਨ 7. ਨਨਕਾਣਾ ਸਾਹਿਬ ਦਾ ਪ੍ਰਬੰਧ ਸੁਧਾਰਨ ਲਈ ਇਲਾਕੇ ਦੇ ਕਿਸ ਆਗੂ ਨੇ ਜਥਾ ਲਿਜਾਣ ਦੀ ਤਿਆਰੀ ਅਰੰਭੀ ?**

**ਉੱਤਰ** : ਭਾਈ ਲੱਛਮਣ ਸਿੰਘ ਪਿੰਡ ਧਾਰੋਵਾਲ ਅਤੇ ਭਾਈ ਕਰਤਾਰ ਸਿੰਘ ਝੱਬਰ ਨੇ।

**ਪ੍ਰਸ਼ਨ 8. ਭਾਈ ਲਛਮਣ ਸਿੰਘ ਜੀ ਦਾ ਜਥਾ ਕਦੋਂ ਨਨਕਾਣਾ ਸਾਹਿਬ ਪੁੱਜਾ ?**

**ਉੱਤਰ** : 20 ਫਰਵਰੀ, ਸੰਨ 1921 ਨੂੰ ਸਵੇਰੇ 6 ਵਜੇ।

**ਪ੍ਰਸ਼ਨ 9. ਜਥੇ ਦੇ ਗੁਰਦੁਆਰੇ ਅੰਦਰ ਜਾਣ ਉਤੇ ਮਹੰਤ ਨੇ ਕੀ ਕੀਤਾ ?**

**ਉੱਤਰ** : (i) ਮਹੰਤ ਨੇ ਜਥੇ ਦੇ ਅੰਦਰ ਜਾਣ ਉਤੇ ਬਾਹਰਲੇ ਦਰਵਾਜ਼ੇ ਬੰਦ ਕਰ ਦਿੱਤੇ। (ii) ਜਥੇ ਉੱਤੇ ਗੋਲੀਆਂ ਦੀ ਵਰਖਾ ਕਰ ਦਿੱਤੀ। (iii) ਫਿਰ ਛਵ੍ਹੀਆਂ ਤੇ ਗੰਡਾਸਿਆਂ ਨਾਲ ਕੋਹ-ਕੋਹ ਕੇ ਸਿੰਘਾਂ ਨੂੰ ਸ਼ਹੀਦ ਕੀਤਾ। (iv) ਭਾਈ ਲਛਮਣ ਸਿੰਘ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਨੂੰ ਸ਼ਹੀਦ ਕੀਤਾ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਵੀ ਗੋਲੀਆਂ ਲੱਗੀਆਂ। (v) ਕਈ ਸਿੰਘਾਂ ਨੂੰ ਜਿਉਂਦਿਆਂ ਤੇਲ ਪਾ ਕੇ ਸਾੜ ਦਿੱਤਾ।



**ਪ੍ਰਸ਼ਨ 10. ਭਾਈ ਦਲੀਪ ਸਿੰਘ ਜੋ ਮਹੰਤ ਨੂੰ ਸਮਝਾਉਣ ਲਈ ਗਏ, ਉਨ੍ਹਾਂ ਨਾਲ ਮਹੰਤ ਨੇ ਕੀ ਸਲੂਕ ਕੀਤਾ ?**

**ਉੱਤਰ** : ਮਹੰਤ ਦੇ ਇਸ਼ਾਰੇ ਉਤੇ ਉਹਨਾਂ 'ਤੇ ਹਮਲਾ ਕੀਤਾ ਅਤੇ ਜ਼ਖਮੀ ਕਰਕੇ ਜਿਉਂਦੇ ਨੂੰ ਹੀ ਭੱਠੀ ਵਿਚ ਸੁੱਟ ਦਿੱਤਾ।

**ਪ੍ਰਸ਼ਨ 11. ਇਸ ਖ਼ੂਨੀ ਸਾਕੇ ਦਾ ਸੰਗਤਾਂ ਅਤੇ ਸਰਕਾਰ ਉਤੇ ਕੀ ਅਸਰ ਹੋਇਆ ?**

**ਉੱਤਰ** : ਅਗਲੇ ਦਿਨ 21 ਫਰਵਰੀ ਨੂੰ ਅਣਗਿਣਤ ਸੰਗਤਾਂ ਨਨਕਾਣਾ ਸਾਹਿਬ ਪਹੁੰਚ ਗਈਆਂ ਅਤੇ ਸੰਗਤਾਂ ਦੇ ਰੋਹ ਨੂੰ ਦੇਖ ਕੇ ਉਸੇ ਦਿਨ ਸ਼ਾਮ ਨੂੰ ਸਰਕਾਰ ਨੇ ਗੁਰਦੁਆਰੇ ਦੀਆਂ ਚਾਬੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦੇ ਦਿੱਤੀਆਂ ਅਤੇ ਨਨਕਾਣਾ ਸਾਹਿਬ ਦਾ ਪ੍ਰਬੰਧ ਪੰਥ ਦੇ ਹੱਥਾਂ ਵਿਚ ਆ ਗਿਆ।

**ਨੋਟ** : **ਵਿਸਥਾਰ ਸਹਿਤ ਜਾਣਕਾਰੀ ਲੈਣ ਲਈ ਕਾਲਜ ਦੀ ਪੁਸਤਕ 'ਸਾਕਾ ਨਨਕਾਣਾ ਸਾਹਿਬ' ਪੜ੍ਹੋ ਜੀ।**

## (3) ਚਾਬੀਆਂ ਦਾ ਮੋਰਚਾ

**ਪ੍ਰਸ਼ਨ 1. ਦਰਬਾਰ ਸਾਹਿਬ ਦੇ ਤੋਸ਼ੇਖਾਨੇ ਦੀਆਂ ਚਾਬੀਆਂ ਕਿਸ ਕੋਲ ਸਨ ?**

**ਉੱਤਰ** : ਇਹ ਚਾਬੀਆਂ ਸ: ਸੁੰਦਰ ਸਿੰਘ ਰਾਮਗੜ੍ਹੀਆ ਸਰਬਰਾਹ ਪਾਸ ਸਨ।

**ਪ੍ਰਸ਼ਨ 2. ਸ਼੍ਰੋਮਣੀ ਕਮੇਟੀ ਨੇ ਚਾਬੀਆਂ ਬਾਰੇ ਕੀ ਫ਼ੈਸਲਾ ਕੀਤਾ ?**

**ਉੱਤਰ** : ਸ਼੍ਰੋਮਣੀ ਕਮੇਟੀ ਨੇ ਫ਼ੈਸਲਾ ਕੀਤਾ ਕਿ ਇਹ ਚਾਬੀਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ: ਖੜਕ ਸਿੰਘ ਪਾਸ ਹੋਣੀਆਂ ਚਾਹੀਦੀਆਂ ਹਨ।

**ਪ੍ਰਸ਼ਨ 3. ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਦਰਬਾਰ ਸਾਹਿਬ ਦੇ ਤੋਸ਼ੇਖਾਨੇ ਦੀਆਂ ਚਾਬੀਆਂ ਕਿਸ ਦਿਨ ਆਪਣੇ ਕਬਜ਼ੇ ਵਿਚ ਲੈ ਲਈਆਂ ?**

**ਉੱਤਰ** : 7 ਨਵੰਬਰ, 1921 ਨੂੰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਚਾਬੀਆਂ ਆਪਣੇ ਕਬਜ਼ੇ ਵਿਚ ਲੈ ਲਈਆਂ ਅਤੇ ਕਪਤਾਨ ਬਹਾਦਰ ਸਿੰਘ ਨੂੰ ਦਰਬਾਰ ਸਾਹਿਬ ਦਾ ਸਰਬਰਾਹ ਨਿਯੁਕਤ ਕਰ ਦਿੱਤਾ।

**ਪ੍ਰਸ਼ਨ 4. 'ਚਾਬੀਆਂ ਦੇ ਮੋਰਚੇ' ਵਿਚ ਸਿੱਖਾਂ ਵਲੋਂ ਦਿਖਾਈ ਦ੍ਰਿੜ੍ਹਤਾ ਦਾ ਕੀ ਸਿੱਟਾ ਨਿਕਲਿਆ ?**

**ਉੱਤਰ** : (i) ਸਰਕਾਰ ਨੂੰ ਝੁਕਣਾ ਪਿਆ ਅਤੇ 17 ਜਨਵਰੀ 1922 ਨੂੰ ਸ: ਖੜਕ ਸਿੰਘ ਅਤੇ ਹੋਰ ਆਗੂਆਂ ਨੂੰ ਰਿਹਾਅ ਕਰਕੇ (ii) ਉਸੇ ਦਿਨ ਸ਼ਾਮ ਨੂੰ ਅਕਾਲ ਤਖ਼ਤ ਵਿਖੇ ਭਰੇ ਦੀਵਾਨ ਵਿਚ ਚਾਬੀਆਂ ਸਰਦਾਰ ਖੜਕ ਸਿੰਘ ਦੇ ਹਵਾਲੇ ਕੀਤੀਆਂ ਅਤੇ (iii) ਪੰਥ ਨੂੰ ਸ਼ਾਨਦਾਰ ਜਿੱਤ ਪ੍ਰਾਪਤ ਹੋਈ।

## (4) ਗੁਰੂ ਕੇ ਬਾਗ ਦਾ ਮੋਰਚਾ

**ਪ੍ਰਸ਼ਨ 1. ਗੁਰੂ ਕਾ ਬਾਗ ਗੁਰਦੁਆਰਾ ਕਿੱਥੇ ਹੈ ਅਤੇ ਕਿਸ ਗੁਰੂ ਜੀ ਨਾਲ ਸੰਬੰਧਿਤ ਹੈ?**

**ਉੱਤਰ** : ਇਹ ਗੁਰਦੁਆਰਾ ਅੰਮ੍ਰਿਤਸਰ ਤੋਂ 13 ਮੀਲ ਦੂਰ ਤਹਿਸੀਲ ਅਜਨਾਲਾ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਹੈ।

**ਪ੍ਰਸ਼ਨ 2. ਗੁਰਦੁਆਰਾ ਲਹਿਰ ਚੱਲਣ ਸਮੇਂ ਗੁਰਦੁਆਰਾ ਗੁਰੂ ਕਾ ਬਾਗ ਦਾ ਪ੍ਰਬੰਧ ਕਿਸ ਕੋਲ ਸੀ?**

**ਉੱਤਰ** : ਗੁਰਦੁਆਰਾ ਲਹਿਰ ਸਮੇਂ ਗੁਰੂ ਕੇ ਬਾਗ ਦੇ ਗੁਰਦੁਆਰੇ ਦਾ ਪ੍ਰਬੰਧ ਮਹੰਤ ਸੁੰਦਰ ਦਾਸ ਕੋਲ ਸੀ, ਜੋ ਕਿ ਭੈੜੇ ਚਾਲ ਚਲਨ ਵਾਲਾ ਸੀ।

**ਪ੍ਰਸ਼ਨ 3. ਗੁਰੂ ਕੇ ਬਾਗ ਦਾ ਮੋਰਚਾ ਕਿਵੇਂ ਲੱਗਾ?**

**ਉੱਤਰ** : (i) 8 ਅਗਸਤ, 1922 ਨੂੰ ਗੁਰਦੁਆਰੇ ਦੇ ਲੰਗਰ ਲਈ ਗੁਰਦੁਆਰੇ ਦੀ ਜ਼ਮੀਨ ਵਿਚੋਂ ਲੱਕੜਾਂ ਵੱਢਣ ਬਦਲੇ ਪੰਜ ਅਕਾਲੀਆਂ ਨੂੰ 9 ਅਗਸਤ ਨੂੰ ਗ੍ਰਿਫ਼ਤਾਰ ਕਰ ਲਿਆ। (ii) 10 ਅਗਸਤ ਨੂੰ ਮਹੰਤ ਪਾਸੋਂ ਦਰਖ਼ਾਸਤ ਲੈ ਕੇ ਇਹਨਾਂ ਨੂੰ ਚੋਰੀ ਦੇ ਇਲਜ਼ਾਮ ਵਿਚ ਛੇ-ਛੇ ਮਹੀਨੇ ਕੈਦ ਅਤੇ ਪੰਜਾਹ-ਪੰਜਾਹ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਦਿੱਤੀ ਗਈ। (iii) ਅਗਲੇ ਦਿਨ ਉਥੇ ਪੁਲਿਸ ਦਾ ਪਹਿਰਾ ਬਿਠਾ ਦਿੱਤਾ ਅਤੇ 10-12 ਦਿਨ ਦੇ ਟਿਕਾਉ ਪਿਛੋਂ 22 ਅਗਸਤ ਨੂੰ ਫਿਰ ਇਕਦਮ ਗ੍ਰਿਫ਼ਤਾਰੀਆਂ ਸ਼ੁਰੂ ਕਰ ਦਿੱਤੀਆਂ। (iv) ਪਹਿਲਾਂ ਤਾਂ ਸਿਰਫ਼ ਲੱਕੜਾਂ ਵੱਢਣ ਵਾਲੇ ਹੀ ਫੜੇ ਜਾਂਦੇ ਸਨ ਫਿਰ ਗੁਰਦੁਆਰੇ ਅੰਦਰ ਸੇਵਾ ਕਰਨ ਵਾਲੇ ਚਾਰ ਸਿੱਖ ਵੀ ਗ੍ਰਿਫ਼ਤਾਰ ਕਰ ਲਏ। ਇਸ ਤਰ੍ਹਾਂ ਇਹ ਮੋਰਚਾ ਭਖ ਪਿਆ।

**ਪ੍ਰਸ਼ਨ 4. ਲੱਕੜਾਂ ਵੱਢਣ ਲਈ ਜਾਣ ਵਾਲੇ ਸਿੰਘਾਂ ਨਾਲ ਪੁਲਿਸ ਕਿਵੇਂ ਪੇਸ਼ ਆਉਂਦੀ?**

**ਉੱਤਰ** : ਉਹਨਾਂ ਨੂੰ ਸੰਮਾਂ ਵਾਲੀਆਂ ਡਾਂਗਾਂ ਨਾਲ ਕੁੱਟਿਆ ਜਾਂਦਾ।

**ਪ੍ਰਸ਼ਨ 5. ਗੁਰੂ ਕਾ ਬਾਗ ਮੋਰਚੇ ਦੇ ਸੰਬੰਧ ਵਿਚ 26 ਅਗਸਤ, 1922 ਨੂੰ ਕੀ ਘਟਨਾ ਵਾਪਰੀ?**

**ਉੱਤਰ** : (i) ਇਸ ਦਿਨ ਅਕਾਲ ਤਖ਼ਤ ਉਤੇ ਸ਼੍ਰੋਮਣੀ ਕਮੇਟੀ ਦੀ ਇਕੱਤਰਤਾ ਹੋਈ। (ii) ਉਸ ਵਿਚ ਮੋਰਚੇ ਦੇ ਸੰਬੰਧ ਵਿਚ ਵਿਚਾਰ ਹੋ ਰਹੀ ਸੀ ਕਿ ਡਿਪਟੀ ਕਮਿਸ਼ਨਰ ਵਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ, ਜਨਰਲ ਸਕੱਤਰ,



ਸਕੱਤਰ ਅਤੇ ਛੇ ਹੋਰਾਂ ਦੀ ਗ੍ਰਿਫ਼ਤਾਰੀ ਦੇ ਵਾਰੰਟਾਂ ਦੀ ਸੂਚਨਾ ਭੇਜੀ ਗਈ। (iii) ਸ੍ਰੀ ਅਕਾਲ ਤਖ਼ਤ ਉੱਤੇ ਜੁੜੀਆਂ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਬੜੀ ਸਜ-ਧਜ ਅਤੇ ਜੋਸ਼ ਨਾਲ 9 ਆਗੂਆਂ ਦੀ ਗ੍ਰਿਫ਼ਤਾਰੀ ਦਿੱਤੀ। (iv) ਇਸੇ ਇਕੱਠ ਵਿਚ ਐਲਾਨ ਕੀਤਾ ਕਿ ਗੁਰੂ ਕਾ ਬਾਗ ਸਿੱਖ ਪੰਥ ਦਾ ਹੈ, ਸਰਕਾਰ ਉਥੋਂ ਪੁਲਿਸ ਹਟਾ ਲਵੇ ਅਤੇ ਕੋਈ ਰੁਕਾਵਟ ਨਾ ਪਾਵੇ।

**ਪ੍ਰਸ਼ਨ 6. ਸਰਕਾਰੀ ਸਖ਼ਤੀ ਅਤੇ ਲੀਡਰਾਂ ਦੀਆਂ ਗ੍ਰਿਫ਼ਤਾਰੀਆਂ ਦਾ ਸਿੱਖਾਂ 'ਤੇ ਕੀ ਅਸਰ ਹੋਇਆ?**

**ਉੱਤਰ** : (i) ਸਿੱਖਾਂ ਨੇ ਸਤਿਆਗ੍ਰਹਿ ਸ਼ੁਰੂ ਕਰ ਦਿੱਤਾ। (ii) ਸੁਧਾਰ ਲਈ ਸ੍ਰੀ ਅਕਾਲ ਤਖ਼ਤ ਤੋਂ ਜਥੇ ਭੇਜਣੇ ਸ਼ੁਰੂ ਕਰ ਦਿੱਤੇ।

**ਪ੍ਰਸ਼ਨ 7. ਸਭ ਤੋਂ ਪਹਿਲਾ ਜਥਾ ਕਿਸ ਦਿਨ ਤੋਰਿਆ ਗਿਆ?**

**ਉੱਤਰ** : 60 ਸਿੰਘਾਂ ਦਾ ਸਭ ਤੋਂ ਪਹਿਲਾ ਜਥਾ 29 ਅਗਸਤ, 1922 ਨੂੰ ਅਕਾਲ ਤਖ਼ਤ ਤੋਂ ਬੜੀ ਸ਼ਾਨ ਨਾਲ ਤੋਰਿਆ ਗਿਆ।

**ਪ੍ਰਸ਼ਨ 8. ਜਥੇ ਨੇ ਅਕਾਲ ਤਖ਼ਤ ਉੱਤੇ ਕੀ ਪ੍ਰਣ ਕੀਤਾ?**

**ਉੱਤਰ** : ਜਥੇ ਨੇ ਪੂਰਨ ਤੌਰ ਉੱਤੇ ਸ਼ਾਂਤਮਈ ਰਹਿਣ, ਹਰ ਪ੍ਰਕਾਰ ਦਾ ਕਸ਼ਟ ਝੱਲਣ ਅਤੇ ਪਿੱਠ ਨਾ ਮੋੜਨ ਦਾ ਪ੍ਰਣ ਕੀਤਾ।

**ਪ੍ਰਸ਼ਨ 9. ਪਹਿਲੇ ਜਥੇ ਦੀ ਬੁਰੀ ਤਰ੍ਹਾਂ ਹੋਈ ਮਾਰ ਕੁਟਾਈ ਤੋਂ ਪਿਛੋਂ ਪੰਥ ਵਲੋਂ ਸਤਿਆਗ੍ਰਹਿ ਕਿਸ ਢੰਗ ਨਾਲ ਚਲਾਇਆ ਗਿਆ?**

**ਉੱਤਰ** : (i) ਹਰ ਰੋਜ਼ ਅਕਾਲ ਤਖ਼ਤ ਸਾਹਿਬ ਤੋਂ ਸੌ-ਸੌ ਸਿੰਘਾਂ ਦਾ ਜਥਾ ਸਤਿਆਗ੍ਰਹਿ ਲਈ ਜਾਣ ਲੱਗਾ। (ii) ਜ਼ਿਲ੍ਹਾ ਵਾਰ ਅਤੇ ਫ਼ੌਜੀ ਪੈਨਸ਼ਨੀਆਂ ਦੇ ਜਥੇ ਗਏ ਅਤੇ ਸਭ ਨੂੰ ਬੇਕਿਰਕੀ ਨਾਲ ਕੁੱਟ-ਕੁੱਟ ਕੇ ਬੇਹੋਸ਼ ਕਰ ਦਿੱਤਾ ਜਾਂਦਾ ਪਰ ਸੂਰਬੀਰ ਸਿੰਘ, ਚੁੱਪ ਕੀਤੇ ਅਤੇ ਅਡੋਲ 'ਵਾਹਿਗੁਰੂ', 'ਵਾਹਿਗੁਰੂ' ਉਚਾਰਦੇ ਮਾਰ ਖਾਂਦੇ, ਅੱਗੇ ਵਧਣ ਦਾ ਯਤਨ ਕਰਦੇ, ਜਦੋਂ ਤੱਕ ਬੇਹੋਸ਼ ਹੋ ਕੇ ਡਿੱਗ ਨਾ ਪੈਂਦੇ।

**ਪ੍ਰਸ਼ਨ 10. ਪੁਲਿਸ ਦੀ ਮਾਰ-ਕੁਟਾਈ ਕਿੰਨਾ ਕੁ ਸਮਾਂ ਚਲਦੀ ਰਹੀ?**

**ਉੱਤਰ** : ਸਰਕਾਰੀ ਸਖ਼ਤੀ ਨਾਲ ਮਾਰਕੁਟਾਈ ਕੋਈ 13 ਕੁ ਦਿਨ ਚਲਦੀ ਰਹੀ।

**ਪ੍ਰਸ਼ਨ 11. ਗੁਰੂ ਕਾ ਬਾਗ ਮੋਰਚੇ ਵਿਚ ਕਿੰਨੇ ਸਿੰਘ ਗ੍ਰਿਫ਼ਤਾਰ ਕੀਤੇ ਗਏ? ਇਨ੍ਹਾਂ ਵਿਚ ਕਿੰਨੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਤੇ ਕਿੰਨੇ ਫ਼ੌਜੀ ਪੈਨਸ਼ਨੀਏ ਸਨ?**

**ਉੱਤਰ** : (i) ਇਸ ਮੋਰਚੇ ਵਿਚ 5605 ਸਿੰਘ ਗ੍ਰਿਫ਼ਤਾਰ ਹੋਏ। (ii) ਜਿਨ੍ਹਾਂ ਵਿਚ 35 ਸ਼੍ਰੋਮਣੀ ਕਮੇਟੀ ਦੇ ਮੈਂਬਰ ਅਤੇ (iii) 200 ਫ਼ੌਜੀ ਪੈਨਸ਼ਨੀਏ ਸ਼ਾਮਲ ਸਨ।

**ਪ੍ਰਸ਼ਨ 12. ਗੁਰੂ ਕੇ ਬਾਗ ਦੇ ਗੁਰਦੁਆਰੇ ਦਾ ਪ੍ਰਬੰਧ ਕਿਸ ਦਿਨ ਸਿੱਖਾਂ ਦੇ ਹੱਥ ਵਿਚ ਆ ਗਿਆ?**

**ਉੱਤਰ :** 17 ਨਵੰਬਰ, ਸੰਨ 1922 ਨੂੰ।

**ਨੋਟ : ਵਿਸਥਾਰ ਸਹਿਤ ਜਾਣਕਾਰੀ ਲੈਣ ਲਈ ਕਾਲਜ ਦੀ ਪੁਸਤਕ "ਮੋਰਚਾ ਗੁਰੂ ਕਾ ਬਾਗ" ਪੜ੍ਹੋ ਜੀ।**

## (5) ਸ੍ਰੀ ਪੰਜਾ ਸਾਹਿਬ ਦੀਆਂ ਸ਼ਹੀਦੀਆਂ

**ਪ੍ਰਸ਼ਨ 1. ਗੁਰੂ ਕਾ ਬਾਗ ਮੋਰਚੇ ਵਿਚ ਗ੍ਰਿਫ਼ਤਾਰ ਸਿੰਘਾਂ ਨੂੰ ਜਦੋਂ ਦੂਰ-ਦੁਰਾਡੇ ਜੇਲ੍ਹਾਂ ਵਿਚ ਭੇਜਿਆ ਜਾਂਦਾ ਤਾਂ ਸੰਗਤਾਂ ਦਾ ਉਹਨਾਂ ਪ੍ਰਤੀ ਕੀ ਵਤੀਰਾ ਸੀ?**

**ਉੱਤਰ :** ਸੰਗਤਾਂ ਰਸਤੇ ਵਿਚ ਹਰੇਕ ਸਟੇਸ਼ਨ 'ਤੇ ਲੰਗਰ ਪਾਣੀ ਨਾਲ ਸੇਵਾ ਕਰਦੀਆਂ ਅਤੇ ਹੌਂਸਲਾ ਵਧਾਉਂਦੀਆਂ ਸਨ।

**ਪ੍ਰਸ਼ਨ 2. ਗ੍ਰਿਫ਼ਤਾਰ ਸਿੰਘਾਂ ਦੀ ਸੇਵਾ ਕਰਨ ਦੇ ਸੰਬੰਧ ਵਿਚ ਪੰਜਾ ਸਾਹਿਬ ਵਿਖੇ ਖਾਸ ਘਟਨਾ ਕੀ ਹੋਈ ਸੀ?**

**ਉੱਤਰ :** (i) ਜਦੋਂ 'ਗੁਰੂ ਕੇ ਬਾਗ' ਤੋਂ ਗ੍ਰਿਫ਼ਤਾਰ ਕੀਤੇ ਸਿੰਘਾਂ ਦੇ ਜਥੇ ਨੂੰ ਰੇਲ ਗੱਡੀ ਰਾਹੀਂ ਅੰਮ੍ਰਿਤਸਰ ਤੋਂ ਅਟਕ ਜੇਲ੍ਹ ਵਿਚ ਭੇਜਣ ਦਾ ਪੰਜਾ ਸਾਹਿਬ ਦੀਆਂ ਸੰਗਤਾਂ ਨੂੰ ਪਤਾ ਲੱਗਾ ਤਾਂ ਉਹਨਾਂ ਨੇ ਸਟੇਸ਼ਨ ਮਾਸਟਰ ਨੂੰ ਗੱਡੀ ਰੋਕਣ ਲਈ ਕਿਹਾ ਤਾਂ ਜੋ ਸਿੰਘਾਂ ਦੀ ਜਲ-ਪਾਣੀ ਦੀ ਸੇਵਾ ਕੀਤੀ ਜਾ ਸਕੇ। (ii) ਸਟੇਸ਼ਨ ਮਾਸਟਰ ਨੇ ਨਾਂਹ ਕਰ ਦਿੱਤੀ। (iii) ਸਿੰਘ ਲਾਈਨ ਉੱਤੇ ਲੰਮੇ ਪੈ ਗਏ। (iv) ਦੋ ਸਿੰਘ ਭਾਈ ਪ੍ਰਤਾਪ ਸਿੰਘ ਅਤੇ ਭਾਈ ਕਰਮ ਸਿੰਘ ਸ਼ਹੀਦ ਹੋ ਗਏ ਤੇ ਗੱਡੀ ਰੋਕਣੀ ਪਈ। (v) ਕੈਦੀ ਸਿੰਘਾਂ ਦੀ ਸੇਵਾ ਪਿਛੋਂ ਹੀ ਗੱਡੀ ਅੱਗੇ ਤੋਰੀ ਗਈ।

## (6) ਮੋਰਚਾ ਭਾਈ ਫੇਰੂ

**ਪ੍ਰਸ਼ਨ 1. ਗੁਰਦੁਆਰਾ ਭਾਈ ਫੇਰੂ, ਜ਼ਿਲ੍ਹਾ ਲਾਹੌਰ, ਦੀ ਜ਼ਮੀਨ ਦੀ ਮਾਲਕੀ ਦਾ ਇੰਤਕਾਲ ਕਿਸ ਦੇ ਨਾਮ ਸੀ?**

**ਉੱਤਰ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਮ।

**ਪ੍ਰਸ਼ਨ 2. ਗੁਰਦੁਆਰੇ ਦੀ ਜ਼ਮੀਨ ਉੱਤੇ ਕਬਜ਼ਾ ਕਿਸ ਦਾ ਸੀ?**

**ਉੱਤਰ :** ਕਬਜ਼ਾ ਮਹੰਤ ਕ੍ਰਿਸ਼ਨ ਦਾਸ ਦਾ ਸੀ।



**ਪ੍ਰਸ਼ਨ 3. ਜ਼ਮੀਨ ਦਾ ਕਬਜ਼ਾ ਲੈਣ ਸਮੇਂ ਕੀ ਹੋਇਆ?**

**ਉੱਤਰ :** (i) ਮਹੰਤ ਨੇ ਕਬਜ਼ਾ ਦੇਣੋਂ ਨਾਂਹ ਕਰ ਦਿੱਤੀ। (ii) ਪੁਲਿਸ ਸੱਦ ਲਈ। (iii) ਪੁਲਿਸ ਨੇ 34 ਅਕਾਲੀਆਂ ਅਤੇ ਮੁਜ਼ਾਰਿਆਂ ਨੂੰ 2 ਜਨਵਰੀ, 1924 ਨੂੰ ਗ੍ਰਿਫ਼ਤਾਰ ਕਰ ਲਿਆ।

**ਪ੍ਰਸ਼ਨ 4. ਗੁਰਦੁਆਰਾ ਭਾਈ ਫੇਰੂ ਵਿਖੇ ਸਿੰਘਾਂ ਦੀਆਂ ਗ੍ਰਿਫ਼ਤਾਰੀਆਂ ਦਾ ਕੀ ਅਸਰ ਹੋਇਆ?**

**ਉੱਤਰ :** 5 ਜਨਵਰੀ, 1924 ਨੂੰ ਭਾਈ ਫੇਰੂ ਵਿਖੇ ਮੋਰਚਾ ਲੱਗ ਗਿਆ। ਹਰ ਰੋਜ਼ 25 ਸਿੰਘਾਂ ਦਾ ਜਥਾ ਗੁਰਦੁਆਰੇ ਜਾਂਦਾ ਤੇ ਗ੍ਰਿਫ਼ਤਾਰ ਹੁੰਦਾ ਸੀ।

**ਪ੍ਰਸ਼ਨ 5. ਇਸ ਮੋਰਚੇ ਵਿਚ ਕਿੰਨੀਆਂ ਗ੍ਰਿਫ਼ਤਾਰੀਆਂ ਹੋਈਆਂ?**

**ਉੱਤਰ :** ਇਸ ਮੋਰਚੇ ਵਿਚ ਚਾਰ ਹਜ਼ਾਰ ਤੋਂ ਵੱਧ ਸਿੰਘ ਗ੍ਰਿਫ਼ਤਾਰ ਹੋਏ।

**ਪ੍ਰਸ਼ਨ 6. ਗੁਰਦੁਆਰੇ ਦੀ ਜ਼ਮੀਨ ਦਾ ਝਗੜਾ ਕਿਵੇਂ ਖ਼ਤਮ ਹੋਇਆ?**

**ਉੱਤਰ :** ਗੁਰਦੁਆਰਾ ਕਾਨੂੰਨ ਬਣ ਜਾਣ ਨਾਲ ਜਾਇਦਾਦ ਸ਼੍ਰੋਮਣੀ ਕਮੇਟੀ ਦੇ ਕਬਜ਼ੇ ਵਿਚ ਆ ਗਈ। ਇਸ ਤਰ੍ਹਾਂ ਝਗੜਾ ਖ਼ਤਮ ਹੋ ਗਿਆ।

## (7) ਜੈਤੋ ਦਾ ਮੋਰਚਾ

**ਪ੍ਰਸ਼ਨ 1. ਮਹਾਰਾਜਾ ਨਾਭਾ ਰਿਪੁਦਮਨ ਸਿੰਘ ਨੂੰ ਕਦੋਂ ਅਤੇ ਕਿਉਂ ਗੱਦੀਉਂ ਲਾਹਿਆ ਗਿਆ?**

**ਉੱਤਰ :** (ੳ) 9 ਜੁਲਾਈ, 1923 ਨੂੰ, (ਅ) ਅੰਗਰੇਜ਼ ਸਰਕਾਰ ਮਹਾਰਾਜਾ ਰਿਪੁਦਮਨ ਸਿੰਘ ਦੇ ਧਾਰਮਿਕ ਜਜ਼ਬਾਤਾਂ, ਅਕਾਲੀਆਂ ਨਾਲ ਹਮਦਰਦੀ, ਆਜ਼ਾਦ ਤਬੀਅਤ, ਲੋਕਾਂ ਲਈ ਇਨਸਾਫ਼ ਮੰਗਣ ਅਤੇ ਕੁਝ ਮਸਲਿਆਂ ਵਿਚ ਅੰਗਰੇਜ਼ ਸਰਕਾਰ ਨਾਲ ਮੱਤਭੇਦ ਪ੍ਰਗਟ ਕਰਨ ਕਰਕੇ ਉਨ੍ਹਾਂ ਤੋਂ ਪ੍ਰੇਸ਼ਾਨ ਸੀ। ਇਸ ਲਈ ਸਰਕਾਰ ਨੇ ਨਾਭਾ ਅਤੇ ਪਟਿਆਲਾ ਰਾਜ ਦੇ ਝਗੜੇ ਨੂੰ ਬਹਾਨਾ ਬਣਾ ਕੇ ਮਹਾਰਾਜੇ ਨੂੰ ਗੱਦੀਉਂ ਲਾਹ ਦਿੱਤਾ।

**ਪ੍ਰਸ਼ਨ 2. ਮਹਾਰਾਜਾ ਨਾਭਾ ਰਿਪੁਦਮਨ ਸਿੰਘ ਨੂੰ ਸਰਕਾਰ ਵਲੋਂ ਸਾਲਾਨਾ ਕਿੰਨਾ ਖਰਚਾ ਨਿਯਤ ਕੀਤਾ ਅਤੇ ਉਹਨੂੰ ਕਿੱਥੇ ਭੇਜ ਦਿੱਤਾ?**

**ਉੱਤਰ :** ਤਿੰਨ ਲੱਖ ਰੁਪਏ ਸਾਲਾਨਾ ਖਰਚ ਨਿਯਤ ਕਰਕੇ ਦੇਹਰਾਦੂਨ ਭੇਜ ਦਿੱਤਾ।

**ਪ੍ਰਸ਼ਨ 3. ਪੰਥ ਵਿਚ ਮਹਾਰਾਜਾ ਰਿਪੁਦਮਨ ਸਿੰਘ ਦਾ ਸਤਿਕਾਰ ਕਿਸ ਗੱਲੋਂ ਸੀ?**

**ਉੱਤਰ :** ਮਹਾਰਾਜਾ ਆਜ਼ਾਦ ਖਿਆਲਾਂ ਵਾਲਾ ਸੀ ਅਤੇ ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਕੰਧ ਦਾ ਮਸਲਾ ਸੁਲਝਾਉਣ ਲਈ ਉਸ ਨੇ ਸਹਾਇਤਾ ਕੀਤੀ ਸੀ ਅਤੇ ਪੰਥ ਦਾ ਪੱਖ ਪੂਰਿਆ ਸੀ।

**ਪ੍ਰਸ਼ਨ 4. ਸ਼੍ਰੋਮਣੀ ਕਮੇਟੀ ਨੇ ਮਹਾਰਾਜਾ ਰਿਪੁਦਮਨ ਸਿੰਘ ਨਾਲ ਕਿਵੇਂ ਹਮਦਰਦੀ ਕੀਤੀ?**

**ਉੱਤਰ** : (i) 5 ਅਗਸਤ, 1923 ਨੂੰ ਸ਼੍ਰੋਮਣੀ ਕਮੇਟੀ ਨੇ ਮਹਾਰਾਜੇ ਨਾਲ ਹਮਦਰਦੀ ਦਾ ਮਤਾ ਪਾਸ ਕੀਤਾ ਅਤੇ ਫ਼ੈਸਲਾ ਕੀਤਾ ਕਿ ਪੁਰ-ਅਮਨ ਯੋਗ ਤਰੀਕਿਆਂ ਨਾਲ ਉਸ ਨਾਲ ਹੋਈ ਬੇਇਨਸਾਫੀ ਦੂਰ ਕੀਤੀ ਜਾਵੇ। (ii) 9 ਸਤੰਬਰ, 1923 ਨੂੰ 'ਨਾਭਾ-ਦਿਨ' ਮਨਾਉਣ ਅਤੇ ਮਹਾਰਾਜਾ ਦੇ ਹੱਕ ਵਿਚ ਮਤੇ ਪਾਸ ਕਰਨ ਅਤੇ ਅਰਦਾਸੇ ਸੋਧਣ ਲਈ ਅਪੀਲ ਕੀਤੀ।

**ਪ੍ਰਸ਼ਨ 5. ਜੈਤੋ ਦੇ ਮੋਰਚੇ ਦਾ ਮੁੱਢ ਕਿਵੇਂ ਬੱਝਾ?**

**ਉੱਤਰ** : (i) ਜੈਤੋ ਦੀਆਂ ਸੰਗਤਾਂ ਨੇ 25, 26 ਅਤੇ 27 ਅਗਸਤ ਸੰਨ 1923 ਨੂੰ ਗੁਰਦੁਆਰਾ ਗੰਗਸਰ ਵਿਖੇ ਦੀਵਾਨ ਅਤੇ ਪਾਠ ਕਰਨ ਦਾ ਫ਼ੈਸਲਾ ਕੀਤਾ। (ii) ਪੁਲਿਸ ਨੇ 28 ਤਾਰੀਖ ਨੂੰ ਦੀਵਾਨ ਦੇ ਮੁਖੀ ਸਿੰਘ ਨੂੰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗ੍ਰਿਫ਼ਤਾਰ ਕਰ ਲਿਆ। (iii) ਦੀਵਾਨ ਵਿਚ ਹਾਜ਼ਰ ਸੰਗਤਾਂ ਨੇ ਮਹਿਸੂਸ ਕੀਤਾ ਕਿ ਇਹ ਦੀਵਾਨ ਅਤੇ ਸੰਗਤ ਦੀ ਹੱਤਕ ਹੈ ਅਤੇ (iv) ਫ਼ੈਸਲਾ ਕੀਤਾ ਕਿ ਜਿੰਨਾ ਚਿਰ ਸਰਕਾਰ ਇਸ ਗੱਲ ਦਾ ਪਸ਼ਚਾਤਾਪ ਨਾ ਕਰੇ ਦੀਵਾਨ ਅਤੇ ਪਾਠ ਦਾ ਸਿਲਸਿਲਾ ਜਾਰੀ ਰੱਖਿਆ ਜਾਵੇ। (v) ਸ਼੍ਰੋਮਣੀ ਕਮੇਟੀ ਵਲੋਂ 1 ਸਤੰਬਰ, 1923 ਨੂੰ 25 ਸਿੰਘਾਂ ਦਾ ਜਥਾ ਪਾਠ ਕਰਨ ਲਈ ਭੇਜਿਆ। ਇਸ ਜਥੇ ਨੇ ਅਖੰਡ ਪਾਠ ਅਰੰਭ ਕਰ ਦਿੱਤੇ। 14 ਸਤੰਬਰ ਨੂੰ ਰਿਆਸਤੀ ਅਫਸਰਾਂ ਨੇ ਪਾਠੀਆਂ ਅਤੇ ਸੰਗਤਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਪਿਛੋਂ ਜੈਤੋ ਵਿਖੇ ਮੋਰਚਾ ਲੱਗ ਗਿਆ।

**ਪ੍ਰਸ਼ਨ 6. ਮੋਰਚੇ ਦਾ ਸੰਚਾਲਨ ਕਿਸ ਨੇ ਅਤੇ ਕਿਵੇਂ ਸ਼ੁਰੂ ਕੀਤਾ?**

**ਉੱਤਰ** : 15 ਸਤੰਬਰ ਤੋਂ ਸ਼੍ਰੋਮਣੀ ਕਮੇਟੀ ਨੇ 25-25 ਸਿੰਘਾਂ ਦਾ ਜਥਾ ਅਕਾਲ ਤਖ਼ਤ ਤੋਂ ਭੇਜਣਾ ਸ਼ੁਰੂ ਕੀਤਾ। ਪਹਿਲਾਂ ਇਹਨਾਂ ਨੂੰ ਗ੍ਰਿਫ਼ਤਾਰ ਕਰਕੇ ਦੂਰ ਲਿਜਾ ਕੇ ਛੱਡ ਦਿੱਤਾ ਜਾਂਦਾ। ਮਗਰੋਂ ਮਾਰ ਕੁਟਾਈ ਅਤੇ ਬਹੁਤ ਸਖ਼ਤੀ ਕੀਤੀ ਜਾਣ ਲੱਗੀ। ਇਹ ਸਿਲਸਿਲਾ ਪੰਜ ਕੁ ਮਹੀਨੇ ਚਲਦਾ ਰਿਹਾ।

**ਪ੍ਰਸ਼ਨ 7. ਫਰਵਰੀ ਸੰਨ 1924 ਵਿਚ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਖੰਡਤ ਹੋਏ ਅਖੰਡ ਪਾਠ ਨੂੰ ਚਾਲੂ ਕਰਨ ਲਈ ਕੀ ਫ਼ੈਸਲਾ ਲਿਆ?**

**ਉੱਤਰ** : ਖੰਡਤ ਹੋਏ ਅਖੰਡ ਪਾਠ ਨੂੰ ਜਾਰੀ ਕਰਨ, ਸੰਪੂਰਨ ਕਰਨ ਅਤੇ ਗੁਰਦੁਆਰਾ ਗੰਗਸਰ ਜੈਤੋ ਦੀ ਯਾਤਰਾ ਖੁਲ੍ਹਵਾਉਣ ਲਈ ਪੰਜ-ਪੰਜ ਸੌ ਸਿੰਘਾਂ ਦੇ ਸ਼ਹੀਦੀ ਜਥੇ ਭੇਜਣ ਦਾ ਫ਼ੈਸਲਾ ਕੀਤਾ।



**ਪ੍ਰਸ਼ਨ 8. ਪਹਿਲਾ ਸ਼ਹੀਦੀ ਜਥਾ ਕਦੋਂ, ਕਿੱਥੋਂ ਅਤੇ ਕਿਵੇਂ ਰਵਾਨਾ ਹੋਇਆ?**

**ਉੱਤਰ** : ਪਹਿਲਾ ਜਥਾ 9 ਫਰਵਰੀ, 1924 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵਾਜਿਆਂ ਗਾਜਿਆਂ ਅਤੇ ਆਕਾਸ਼ ਗੁੰਜਾਊ ਜੈਕਾਰਿਆਂ ਨਾਲ ਤੋਰਿਆ ਗਿਆ।

**ਪ੍ਰਸ਼ਨ 9. ਜਥਾ ਤੋਰਨ ਸਮੇਂ ਜਥੇਦਾਰ ਅਕਾਲ ਤਖ਼ਤ ਨੇ ਜਥੇ ਨੂੰ ਕੀ ਹੁਕਮ ਕੀਤਾ?**

**ਉੱਤਰ** : ਜਥੇਦਾਰ ਨੇ ਜਥੇ ਨੂੰ ਪੂਰਨ ਤੌਰ 'ਤੇ ਸ਼ਾਂਤਮਈ ਰਹਿ ਕੇ ਹਰ ਪ੍ਰਕਾਰ ਦੀ ਸਖ਼ਤੀ ਅਤੇ ਮੌਤ ਕਬੂਲ ਕਰਨ ਅਤੇ ਆਪਣੇ ਮਨੋਰਥ ਦੀ ਪੂਰਤੀ ਤੋਂ ਪਿਛਾਂਹ ਨਾ ਮੁੜਨ ਦਾ ਹੁਕਮ ਦਿੱਤਾ।

**ਪ੍ਰਸ਼ਨ 10. ਬਰਗਾੜੀ ਤੋਂ ਜੈਤੋ ਵੱਲ ਜਾ ਰਿਹਾ ਜਥਾ ਕੀ ਕਰ ਰਿਹਾ ਸੀ ਅਤੇ ਅੱਗੋਂ ਅੰਗਰੇਜ਼ ਪ੍ਰਬੰਧਕ ਨੇ ਕੀ ਹੁਕਮ ਸੁਣਾਇਆ?**

**ਉੱਤਰ** : (i) ਜਥਾ ਸ਼ਬਦ ਕੀਰਤਨ ਕਰਦਾ ਗੁਰਦੁਆਰਾ ਟਿੱਬੀ ਸਾਹਿਬ ਵੱਲ ਵੱਧ ਰਿਹਾ ਸੀ। (ii) ਅੱਗੋਂ ਰਿਆਸਤ ਦੇ ਅੰਗਰੇਜ਼ ਪ੍ਰਬੰਧਕ ਨੇ ਹੁਕਮ ਸੁਣਾਇਆ ਕਿ ਤੁਸੀਂ ਅੱਗੇ ਨਹੀਂ ਜਾ ਸਕਦੇ।

**ਪ੍ਰਸ਼ਨ 11. ਪ੍ਰਬੰਧਕ ਦੇ ਹੁਕਮ ਦਾ ਜਥੇ ਅਤੇ ਸੰਗਤ ਉਤੇ ਕੀ ਅਸਰ ਹੋਇਆ?**

**ਉੱਤਰ** : ਜਥਾ, ਹੁਕਮ ਦੀ ਕੋਈ ਪ੍ਰਵਾਹ ਕੀਤੇ ਬਗੈਰ, ਅੱਗੇ ਵਧਦਾ ਗਿਆ।

**ਪ੍ਰਸ਼ਨ 12. ਅੱਗੇ ਵਧ ਰਹੇ ਜਥੇ ਨਾਲ ਪੁਲਿਸ ਨੇ ਕੀ ਸਲੂਕ ਕੀਤਾ?**

**ਉੱਤਰ** : ਜਥੇ ਉਤੇ ਬੰਦੂਕਾਂ ਤੇ ਮਸ਼ੀਨਗੰਨਾਂ ਨਾਲ ਗੋਲੀਆਂ ਚਲਾਈਆਂ ਗਈਆਂ, ਜਿਸ ਨਾਲ ਬਹੁਤ ਸਾਰੇ ਸਿੰਘ ਫੱਟੜ ਅਤੇ ਸ਼ਹੀਦ ਹੋ ਗਏ।

**ਪ੍ਰਸ਼ਨ 13. ਫਾਇਰਿੰਗ ਦਾ ਜਥੇ ਉਤੇ ਕੀ ਅਸਰ ਹੋਇਆ?**

**ਉੱਤਰ** : ਭਾਵੇਂ ਜਥੇ ਦੇ ਬਹੁਤ ਸਾਰੇ ਸਿੰਘ ਫੱਟੜ ਅਤੇ ਸ਼ਹੀਦ ਹੋ ਗਏ ਪਰ ਜਥਾ ਸ਼ਾਂਤਮਈ ਰਹਿੰਦਾ ਹੋਇਆ ਅੱਗੇ ਵਧਦਾ ਗਿਆ।

**ਪ੍ਰਸ਼ਨ 14. ਇਕ ਬੀਬੀ ਦਾ ਬੱਚਾ ਗੋਲੀ ਲੱਗਣ ਨਾਲ ਉਸ ਦੀ ਗੋਦ ਵਿਚ ਸ਼ਹੀਦ ਹੋ ਗਿਆ ਤਾਂ ਉਸ ਨੇ ਕੀ ਕੀਤਾ?**

**ਉੱਤਰ** : ਉਸ ਗੁਰੂ ਪਿਆਰੀ ਬੀਬੀ ਨੇ ਕਮਾਲ ਦੀ ਬਹਾਦਰੀ, ਦਲੇਰੀ ਅਤੇ ਧੀਰਜ ਨਾਲ ਆਪਣੇ ਜਿਗਰ ਦੇ ਟੋਟੇ ਪਿਆਰੇ ਪੁੱਤਰ ਨੂੰ ਰੇਤ ਉੱਪਰ ਧਰ ਦਿੱਤਾ ਅਤੇ ਆਪ ਦੌੜ ਕੇ ਜਥੇ ਨਾਲ ਜਾ ਰਲੀ।

**ਪ੍ਰਸ਼ਨ 15. ਗੋਲੀ ਚਲਦੀ ਵਿਚ ਜਥੇ ਦੇ ਸਿੰਘਾਂ ਨੇ ਗੁਰਦੁਆਰੇ ਵੱਲ ਕਿਵੇਂ ਵੱਧਣਾ ਜਾਰੀ ਰੱਖਿਆ?**

**ਉੱਤਰ** : ਚਲਦੀ ਗੋਲੀ ਵਿਚ ਜਥੇ ਦੇ ਸਿੰਘਾਂ ਨੇ ਗੁਰਦੁਆਰੇ ਵੱਲ ਨੂੰ ਦੌੜਨਾ ਸ਼ੁਰੂ ਕਰ ਦਿੱਤਾ ਅਤੇ ਬਚੇ ਹੋਏ ਸਿੰਘਾਂ ਦਾ ਜਥਾ ਗੁਰਦੁਆਰਾ ਟਿੱਬੀ ਸਾਹਿਬ ਜਾ ਪਹੁੰਚਿਆ।

**ਪ੍ਰਸ਼ਨ 16. ਗੁਰਦੁਆਰਾ ਟਿੱਬੀ ਸਾਹਿਬ ਪੁੱਜੇ ਸਿੰਘਾਂ ਦਾ ਸਰਕਾਰ ਨੇ ਕੀ ਕੀਤਾ?**

**ਉੱਤਰ** : ਉਹਨਾਂ ਨੂੰ ਗ੍ਰਿਫ਼ਤਾਰ ਕਰਕੇ ਜਥੇਦਾਰ ਤੇ ਇਕ ਹੋਰ ਸਿੰਘ ਨੂੰ ਸੱਤ-ਸੱਤ ਸਾਲ ਕੈਦ ਦੀ ਸਜ਼ਾ ਹੋਈ। ਜਥੇ ਦੇ ਬਾਕੀ 444 ਸਿੰਘਾਂ ਨੂੰ ਬਾਵਲ ਭੇਜ ਦਿੱਤਾ। ਉਥੇ ਉਨ੍ਹਾਂ ਉਤੇ ਬੜੀ ਸਖ਼ਤੀ ਕੀਤੀ ਗਈ।

**ਪ੍ਰਸ਼ਨ 17. ਪਹਿਲੇ ਜਥੇ ਤੋਂ ਬਿਨਾਂ ਹੋਰ ਕਿੰਨੇ ਜਥੇ ਅਕਾਲ ਤਖ਼ਤ ਤੋਂ ਭੇਜੇ ਗਏ ਅਤੇ ਉਨ੍ਹਾਂ ਨਾਲ ਸਰਕਾਰ ਨੇ ਕੀ ਸਲੂਕ ਕੀਤਾ?**

**ਉੱਤਰ** : ਪਹਿਲੇ ਜਥੇ ਪਿਛੋਂ 16 ਹੋਰ ਜਥੇ ਸ੍ਰੀ ਅਕਾਲ ਤਖ਼ਤ ਤੋਂ ਭੇਜੇ ਗਏ। ਆਖ਼ਰੀ ਜਥੇ ਤੋਂ ਬਿਨਾਂ ਸਾਰਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਕੈਦ ਵਿਚ ਉਨ੍ਹਾਂ ਉਤੇ ਬੜੀ ਬੇਰਹਿਮੀ ਭਰੀ ਸਖ਼ਤੀ ਅਤੇ ਮਾਰਕੁਟਾਈ ਕੀਤੀ ਗਈ। ਕਈਆਂ ਦੇ ਅੰਗ ਨਕਾਰੇ ਹੋ ਗਏ ਅਤੇ ਕਈ ਸਦਾ ਲਈ ਰੋਗੀ ਹੋ ਗਏ।

**ਪ੍ਰਸ਼ਨ 18. ਜੇਲ੍ਹ ਵਿਚ ਕਿੰਨੇ ਸਿੰਘ ਸ਼ਹੀਦ ਹੋਏ?**

**ਉੱਤਰ** : ਨਾਭਾ ਜੇਲ੍ਹ ਵਿਚ ਤਕਰੀਬਨ ਦੋ ਸੌ ਸਿੰਘ ਸ਼ਹੀਦ ਹੋ ਗਏ।

**ਪ੍ਰਸ਼ਨ 19. ਜੈਤੋ ਦਾ ਮੋਰਚਾ ਕਿਵੇਂ ਸਮਾਪਤ ਹੋਇਆ?**

**ਉੱਤਰ** : (i) ਜੁਲਾਈ 1925 ਵਿਚ ਗੁਰਦੁਆਰਾ ਕਾਨੂੰਨ ਪਾਸ ਹੋਇਆ। (ii) ਗੁਰਦੁਆਰਾ ਕਾਨੂੰਨ ਬਣਨ ਨਾਲ ਸੁਧਾਰਕਾਂ ਦਾ ਮਨੋਰਥ ਪੂਰਾ ਹੋ ਗਿਆ। 27 ਜੁਲਾਈ, 1925 ਨੂੰ ਜੈਤੋ ਦੇ ਕੈਦੀ ਛੱਡ ਦਿੱਤੇ ਗਏ। (iii) ਸਾਰੇ ਕੈਦੀ ਜੈਤੋ ਇਕੱਤਰ ਹੋਏ ਤੇ ਇਥੇ 101 ਅਖੰਡ ਪਾਠਾਂ ਦਾ ਭੋਗ ਪਾ ਕੇ ਵਾਪਸ ਤਰਨਤਾਰਨ ਆ ਟਿਕੇ। (iv) ਫਿਰ ਉਹਨਾਂ ਦਾ ਅੰਮ੍ਰਿਤਸਰ ਵਿਚ ਸ਼ਾਨਦਾਰ ਸੁਆਗਤ ਕੀਤਾ, ਜਲੂਸ ਕੱਢਿਆ ਅਤੇ (v) ਅਕਾਲ ਤਖ਼ਤ ਵਲੋਂ ਸਾਰਿਆਂ ਨੂੰ ਸਿਰੋਪਾਓ ਦਿੱਤੇ ਗਏ।

**ਪ੍ਰਸ਼ਨ 20. ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ (ਅਕਾਲੀ ਲਹਿਰ) ਦਾ ਕੀ ਸਿੱਟਾ ਨਿਕਲਿਆ?**

**ਉੱਤਰ** : ਸਿੱਖਾਂ ਦੇ ਵਧ ਰਹੇ ਜੋਸ਼ ਨੂੰ ਵੇਖ ਕੇ ਸਰਕਾਰ ਨੇ ਪ੍ਰਤੀਤ ਕੀਤਾ ਕਿ ਗੁਰਦੁਆਰਿਆਂ ਦੇ ਪ੍ਰਬੰਧ ਲਈ ਸਿੱਖਾਂ ਦੀ ਮਰਜ਼ੀ ਮੁਤਾਬਕ ਕੋਈ ਵਿਉਂਤ ਤਿਆਰ ਕਰਨੀ ਚਾਹੀਦੀ ਹੈ। ਅੰਤ ਚੋਖੀ ਬਹਿਸ ਪਿਛੋਂ ਜੁਲਾਈ 1925 ਵਿਚ ਗੁਰਦੁਆਰਾ ਐਕਟ 1925 ਪਾਸ ਹੋਇਆ ਜਿਸ ਉਤੇ 1 ਨਵੰਬਰ ਸੰਨ 1925 ਨੂੰ ਅਮਲ ਸ਼ੁਰੂ ਹੋ ਗਿਆ।



**ਪ੍ਰਸ਼ਨ 21. ਸ: ਤੇਜਾ ਸਿੰਘ ਸਮੁੰਦਰੀ ਜੋ ਉੱਘੇ ਪੰਥਕ ਆਗੂ ਸਨ ਅਤੇ ਜੇਲ੍ਹ ਵਿਚ ਅਕਾਲ ਚਲਾਣਾ ਕਰ ਗਏ ਸਨ, ਉਨ੍ਹਾਂ ਦੀ ਕਿਹੜੀ ਯਾਦਗਾਰ ਬਣਾਈ ਗਈ?**

**ਉੱਤਰ** : ਸ: ਤੇਜਾ ਸਿੰਘ ਸਮੁੰਦਰੀ ਉੱਚ ਦਰਜੇ ਦੇ ਨਿਰਮਾਣ ਅਤੇ ਪੰਥ ਸੇਵਕ ਸਨ। ਉਨ੍ਹਾਂ ਦੀ ਯਾਦ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਰਬਾਰ ਸਾਹਿਬ ਕੰਪਲੈਕਸ ਵਿਚ 'ਤੇਜਾ ਸਿੰਘ ਸਮੁੰਦਰੀ ਹਾਲ' (ਦਫ਼ਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਬਣਾਇਆ।

ਨੋਟ : **ਵਿਸਥਾਰ ਸਹਿਤ ਜਾਣਕਾਰੀ ਲੈਣ ਲਈ ਕਾਲਜ ਦੀਆਂ ਪੁਸਤਕਾਂ 'ਮੋਰਚਾ ਗੰਗਸਰ ਜੈਤੋ' ਅਤੇ 'ਅਕਾਲੀ ਲਹਿਰ' ਪੜ੍ਹੋ ਜੀ।**

ਪਰਚਾ : ਤੀਜਾ ਅੰਕ : 100

# ਗੁਰਮਤਿ ਤੇ ਰਹਿਤ ਮਰਯਾਦਾ

## (ੳ) ਗੁਰਮਤਿ

## 1. ਸਿੱਖੀ ਨਵੇਂ ਯੁੱਗ ਦਾ ਧਰਮ

**ਪ੍ਰਸ਼ਨ 1. 'ਮਿਸ ਪਰਲ ਐਸ: ਬੱਕ' ਸਿੱਖ ਧਰਮ ਦੇ ਬਾਰੇ ਕੀ ਲਿਖਦੀ ਹੈ?**

**ਉੱਤਰ** : (ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਮੈਨੂੰ ਉਹ ਸ਼ਾਂਤੀ ਪ੍ਰਾਪਤ ਹੋਈ ਹੈ, ਜਿਹੜੀ ਕਿਸੇ ਹੋਰ ਗ੍ਰੰਥ ਵਿਚੋਂ ਨਹੀਂ ਹੋਈ।

(ਅ) ਇਸ ਵਿਚ ਮਨ ਦੀ ਅਥਾਹ ਪਕੜ ਵਾਲੀਆਂ ਗੱਲਾਂ ਦਾ ਭੇਦ ਉਜਾਗਰ ਕੀਤਾ ਹੋਇਆ ਹੈ।

(ੲ) ਪਰਮਾਤਮਾ ਦੇ ਪਵਿੱਤਰ ਵਿਚਾਰ ਤੋਂ ਲੈ ਕੇ ਮਨੁੱਖੀ ਸਰੀਰ ਜਿੰਨ੍ਹਾਂ ਆਮ ਚੀਜ਼ਾਂ ਨੂੰ ਮੰਨਦਾ ਅਤੇ ਹੱਲ ਕਰਦਾ ਹੈ, ਉਹਨਾਂ ਸਭਨਾਂ ਦਾ ਵਰਣਨ ਅਤੇ ਪ੍ਰਗਟਾਵਾ ਇਸ ਵਿਚ ਹੈ।

(ਸ) ਕੋਈ ਮਨੁੱਖ, ਭਾਵੇਂ ਉਹ ਕਿਸੇ ਵੀ ਧਰਮ ਨਾਲ ਸੰਬੰਧਿਤ ਹੋਵੇ ਜਾਂ ਨਾਸਤਕ ਹੀ ਕਿਉਂ ਨਾ ਹੋਵੇ, ਇਹ ਬਾਣੀ ਸਭ ਨੂੰ ਇਕੋ ਤਰ੍ਹਾਂ ਸੰਬੋਧਨ ਕਰਦੀ ਹੈ, ਕਿਉਂਕਿ ਇਸ ਦੀ ਆਵਾਜ਼ ਮਨੁੱਖੀ ਦਿਲ ਅਤੇ ਕੁਝ ਲੱਭ ਰਹੇ ਮਨਾਂ ਲਈ ਹੈ।

**ਪ੍ਰਸ਼ਨ 2. 'ਐਚ. ਐਲ. ਬ੍ਰਾਡਸ਼ਾ' ਨੇ ਸਿੱਖ ਧਰਮ ਬਾਰੇ ਕੀ ਆਖਿਆ ਹੈ?**

**ਉੱਤਰ** : (ੳ) ਸਿੱਖੀ ਇਕ ਸਰਬ ਵਿਆਪਕ ਅਥਵਾ ਵਿਸ਼ਵ ਧਰਮ ਹੈ ਅਤੇ ਮਨੁੱਖ ਮਾਤਰ ਨੂੰ ਸਮਾਨ ਸੰਦੇਸ਼ ਦਿੰਦਾ ਹੈ।

(ਅ) ਸਿੱਖਾਂ ਨੂੰ ਇਹ ਸੋਚਣਾ ਬੰਦ ਕਰ ਦੇਣਾ ਚਾਹੀਦਾ ਹੈ ਕਿ ਸਿੱਖੀ ਇਕ ਹੋਰ ਚੰਗਾ ਧਰਮ ਹੈ; ਸਗੋਂ ਇੰਜ ਸੋਚਣਾ ਚਾਹੀਦਾ ਹੈ ਕਿ ਸਿੱਖ ਧਰਮ ਹੀ ਨਵੇਂ ਯੁੱਗ ਦਾ ਧਰਮ ਹੈ।

(ੲ) ਸਚਾਈ ਇਹ ਹੈ ਕਿ ਸਿੱਖ ਧਰਮ ਵਰਤਮਾਨ ਮਨੁੱਖ ਦੀਆਂ ਸਭ ਸਮੱਸਿਆਵਾਂ ਦਾ ਹੱਲ ਹੈ।

**ਪ੍ਰਸ਼ਨ 3. ਕੋਈ ਪੰਜ ਵਿਦਵਾਨਾਂ ਦੇ ਨਾਮ ਲਿਖੋ, ਜਿਨ੍ਹਾਂ ਨੇ ਸਿੱਖ ਧਰਮ ਜਾਂ ਇਸ ਦੀ ਵਿਚਾਰਧਾਰਾ ਦੀ ਪ੍ਰਸ਼ੰਸਾ ਕੀਤੀ ਹੈ?**

**ਉੱਤਰ** : (1) ਐਚ. ਐਲ. ਬ੍ਰਾਡਸ਼ਾ (2) ਮਿਸ ਪਰਲ ਐਸ. ਬੱਕ (3) ਸੀ. ਐਚ. ਪੇਨ (4) ਡੰਕਨ ਗ੍ਰੀਨਲਿਜ਼ (5) ਡਾ: ਰਾਧਾਕ੍ਰਿਸ਼ਨਨ।





**ਪ੍ਰਸ਼ਨ 4. ਉਸ ਵਿਦਵਾਨ ਦਾ ਨਾਮ ਲਿਖੋ ਜੋ ਸਿੱਖ ਧਰਮ ਨੂੰ ਕੇਵਲ 'ਅੱਜ ਦਾ ਧਰਮ' ਹੀ ਨਹੀਂ ਸਮਝਦਾ ਸਗੋਂ 'ਕੱਲ੍ਹ ਦਾ ਧਰਮ' ਵੀ ਸਵੀਕਾਰਦਾ ਹੈ।**

**ਉੱਤਰ** : ਆਰਨਲਡ ਟਾਇਨਬੀ।

**ਪ੍ਰਸ਼ਨ 5. ਸਿੱਖ ਧਰਮ ਦੀਆਂ ਕੋਈ ਦਸ ਖੂਬੀਆਂ ਲਿਖੋ।**

**ਉੱਤਰ** : (1) ਸਿੱਖ ਧਰਮ ਇਕ ਸੁਚੱਜੀ ਜੀਵਨ ਜਾਚ ਹੈ।

(2) ਗੁਰਦੁਆਰੇ ਸਿੱਖ ਜੀਵਨ ਜਾਚ ਦੇ ਸਿਖਲਾਈ ਕੇਂਦਰ ਹਨ।

(3) ਇਕ ਪ੍ਰਭੂ ਵਿਚ ਵਿਸ਼ਵਾਸ ਰੱਖਣਾ ਤੇ ਕਿਸੇ ਹੋਰ ਦੇਵੀ-ਦੇਵਤੇ ਨੂੰ ਨਾ ਮੰਨਣਾ।

(4) ਸ਼ਬਦ ਜਾਂ ਬਾਣੀ ਨੂੰ ਹੀ ਗੁਰੂ ਮੰਨਣਾ। ਦੇਹਧਾਰੀ ਗੁਰੂ ਨੂੰ ਨਹੀਂ ਮੰਨਣਾ।

(5) ਧਰਮ ਪ੍ਰਚਾਰ ਦਾ ਸਭ ਸਿੱਖਾਂ ਨੂੰ ਅਧਿਕਾਰ।

(6) ਇਹ ਗ੍ਰਿਹਸਥੀਆਂ ਦਾ ਧਰਮ ਹੈ।

(7) ਮਨੁੱਖੀ ਏਕਤਾ ਦਾ ਸਮਰਥਨ ਤੇ ਜਾਤ-ਪਾਤ ਦਾ ਵਿਰੋਧ।

(8) ਇਸਤਰੀ ਤੇ ਮਰਦ ਦੀ ਬਰਾਬਰੀ।

(9) ਭਗਤੀ ਤੇ ਸ਼ਕਤੀ ਦਾ ਸੁਮੇਲ।

(10) ਇਹ ਚੜ੍ਹਦੀ ਕਲਾ ਦਾ ਮਾਰਗ ਹੈ।

(11) ਧਰਮ ਅਤੇ ਰਾਜਨੀਤੀ ਦਾ ਸੁਮੇਲ।

(12) ਕਿਰਤ ਕਰਨਾ, ਵੰਡ ਛਕਣਾ ਤੇ ਸਮਾਜ ਵਿਚ ਰੁਪਏ ਪੈਸੇ ਦੀ ਸਾਂਵੀਂ ਵੰਡ।

**ਪ੍ਰਸ਼ਨ 6. 'ਡੰਕਨ ਗ੍ਰੀਨਲਿਜ਼' ਸਿਖ ਧਰਮ ਬਾਰੇ ਕੀ ਕਹਿੰਦਾ ਹੈ?**

**ਉੱਤਰ** : ਸਿੱਖ ਧਰਮ ਇਕ ਸੁਚੱਜੀ ਜੀਵਨ ਜਾਚ ਅਤੇ ਆਦਰਸ਼ਕ ਭਾਈਚਾਰੇ ਦਾ ਨਾਮ ਹੈ, ਜਿਸ ਉਤੇ ਪ੍ਰਭੂ-ਭਗਤੀ ਦੀ ਸੱਚੀ ਤੇ ਸਦੀਵੀ ਪਾਣ ਚੜ੍ਹੀ ਹੋਈ ਹੈ।

**ਪ੍ਰਸ਼ਨ 7. ਗੁਰੂ ਸਾਹਿਬਾਨ ਨੇ 'ਧਰਮ' ਨੂੰ ਅੰਧ-ਵਿਸ਼ਵਾਸਾਂ ਅਤੇ ਕਰਮ-ਕਾਂਡਾਂ ਦੇ ਜਾਲ ਵਿਚੋਂ ਕੱਢ ਕੇ ਕਿਸ ਰੂਪ ਵਿਚ ਪ੍ਰਚਾਰਿਆ?**

**ਉੱਤਰ** : ਜੀਵਨ-ਜਾਚ (Way of life) ਦੇ ਰੂਪ ਵਿਚ।

**ਪ੍ਰਸ਼ਨ 8. ਗੁਰਦੁਆਰਿਆਂ ਨੂੰ ਜੀਵਨ-ਜਾਚ ਦੇ ਸਿਖਲਾਈ ਕੇਂਦਰ ਕਿਉਂ ਕਿਹਾ ਜਾਂਦਾ ਹੈ?**

**ਉੱਤਰ** : ਕਿਉਂਕਿ ਜਿੱਥੇ ਗੁਰਦੁਆਰਿਆਂ ਵਿਚ ਧਰਮ-ਸਿਧਾਂਤਾਂ ਦਾ ਪ੍ਰਚਾਰ ਕੀਤਾ ਜਾਂਦਾ ਹੈ, ਉਥੇ ਇਨ੍ਹਾਂ ਸਿਧਾਂਤਾਂ ਅਨੁਸਾਰ ਕਾਰਜ ਕਰਨੇ ਵੀ ਦੱਸੇ ਜਾਂਦੇ

ਹਨ; ਜਿਵੇਂ—ਜਾਤ-ਪਾਤ, ਅਮੀਰੀ-ਗਰੀਬੀ ਨੂੰ ਦੂਰ ਕਰਨ ਲਈ ਸਾਂਝੀ ਸੰਗਤ, ਲੰਗਰ ਅਤੇ ਸਰੋਵਰਾਂ ਵਿਚ ਇਸ਼ਨਾਨ; ਸੇਵਾ ਦੇ ਕੰਮਾਂ ਦੁਆਰਾ ਹਉਮੈ ਦੂਰ ਕਰਨੀ, ਸਮਾਜਕ ਬੁਰਾਈਆਂ ਦੇ ਹੱਲ ਸੋਚਣਾ; ਸਕੂਲ, ਹਸਪਤਾਲ, ਲਾਇਬ੍ਰੇਰੀ (ਗਿਆਨ ਲਈ), ਪਿੰਗਲਵਾੜੇ ਆਦਿ ਖੋਲ੍ਹਣਾ। ਜੇ ਧਰਮ ਸੰਕਟ ਵਿਚ ਹੋਵੇ ਤਾਂ ਰਾਜਸੀ ਵਿਚਾਰਾਂ ਕਰਨੀਆਂ ਅਤੇ ਸੰਕਟ ਦੂਰ ਕਰਨ ਲਈ ਜਤਨ ਕਰਨੇ।

**ਪ੍ਰਸ਼ਨ 9. ਵਾਹਿਗੁਰੂ ਜੂਨਾਂ ਵਿਚ ਨਹੀਂ ਆਉਂਦਾ—ਇਸ ਬਾਰੇ ਗੁਰਬਾਣੀ ਦੀ ਕੋਈ ਤੁਕ ਲਿਖੋ।**

**ਉੱਤਰ** : ਸੋ ਮੁਖੁ ਜਲਉ, ਜਿਤੁ ਕਹਹਿ ਠਾਕੁਰੁ ਜੋਨੀ॥

*(ਭੈਰਉ, ਮਹਲਾ ੫, ਪੰਨਾ ੧੧੩੬)*

**ਪ੍ਰਸ਼ਨ 10. ਲੋਕ ਸਮੇਂ ਸਮੇਂ ਦੇ ਰਾਜਿਆਂ ਨੂੰ ਹੀ ਅਵਤਾਰ ਮੰਨਦੇ ਰਹੇ, ਇਸ ਬਾਰੇ ਗੁਰਬਾਣੀ ਦਾ ਪ੍ਰਮਾਣ ਲਿਖੋ।**

**ਉੱਤਰ** : ਜੁਗਹ ਜੁਗਹ ਕੇ ਰਾਜੇ ਕੀਏ, ਗਾਵਹਿ ਕਰਿ ਅਵਤਾਰੀ॥
ਤਿਨ ਭੀ ਅੰਤੁ ਨ ਪਾਇਆ ਤਾ ਕਾ, ਕਿਆ ਕਰਿ ਆਖਿ ਵੀਚਾਰੀ॥

*(ਆਸਾ, ਮਹਲਾ ੩, ਪੰਨਾ ੪੨੩)*

**ਪ੍ਰਸ਼ਨ 11. ਭਗਤ ਨਾਮਦੇਵ ਜੀ ਦੀਆਂ ਉਹ ਤੁਕਾਂ ਲਿਖੋ, ਜਿਨ੍ਹਾਂ ਵਿਚ ਉਹ ਕਹਿੰਦੇ ਹਨ ਕਿ ਮੈਂ ਇਕ ਪ੍ਰਭੂ ਦੇ ਬਦਲੇ ਸਭ ਦੇਵੀ-ਦੇਵਤਿਆਂ ਨੂੰ ਛੱਡਦਾ ਹਾਂ।**

**ਉੱਤਰ** : ਹਉ ਤਉ, ਏਕੁ ਰਮਈਆ ਲੈਹਉ॥
ਆਨ ਦੇਵ, ਬਦਲਾਵਨਿ ਦੈਹਉ॥

*(ਗੋਂਡ, ਨਾਮਦੇਉ ਜੀ, ਪੰਨਾ ੮੭੪)*

**ਪ੍ਰਸ਼ਨ 12. 'ਸ਼ਬਦ ਗੁਰੂ' ਦੇ ਸੰਬੰਧ ਵਿਚ 'ਸ਼ਬਦ' ਦਾ ਕੀ ਅਰਥ ਹੈ?**

**ਉੱਤਰ** : ਸ਼ਬਦ ਉਸ ਗਿਆਨ ਨੂੰ ਕਹਿੰਦੇ ਹਨ ਜੋ ਗੁਰੂ ਸਾਹਿਬਾਨ ਨੂੰ ਪ੍ਰਭੂ ਨਾਲ ਇਕ ਸੁਰ (ਅਭੇਦ) ਹੋਣ ਮਗਰੋਂ ਪ੍ਰਾਪਤ ਹੋਇਆ ਅਤੇ ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸੰਕਲਿਤ ਕੀਤਾ ਗਿਆ ਹੈ।

**ਪ੍ਰਸ਼ਨ 13. 'ਸ਼ਬਦ' ਦੇ ਗੁਰੂ ਹੋਣ ਬਾਰੇ 'ਸਿਧ ਗੋਸਟਿ' ਵਿਚੋਂ ਪ੍ਰਮਾਣ ਦਿਉ।**

**ਉੱਤਰ** : ਪਵਨ ਅਰੰਭੁ ਸਤਿਗੁਰ ਮਤਿ ਵੇਲਾ॥
ਸਬਦੁ ਗੁਰੂ, ਸੁਰਤਿ ਧੁਨਿ ਚੇਲਾ॥ *(ਪੰਨਾ ੯੪੩)*



**ਪ੍ਰਸ਼ਨ 14. ਕੀ ਸ਼ਬਦ ਗੁਰੂ ਦੇ ਸਿਧਾਂਤ ਨੂੰ ਕਿਸੇ ਹੋਰ ਧਰਮ ਵਿਚ ਮੰਨਿਆ ਗਿਆ ਹੈ?**

**ਉੱਤਰ** : ਹੋਰ ਕਿਸੇ ਵੀ ਧਰਮ ਵਿਚ ਨਹੀਂ ਮੰਨਿਆ ਗਿਆ।

**ਪ੍ਰਸ਼ਨ 15. ਨਾਮ ਸਿਮਰਨ ਵਾਲੇ ਮਨੁੱਖ ਦੇ ਮਨ ਵਿਚ ਕਿਸ ਤਰ੍ਹਾਂ ਤਬਦੀਲੀ ਆਉਂਦੀ ਹੈ?**

**ਉੱਤਰ** : (ੳ) ਨਾਮ ਸਿਮਰਨ ਵਾਲੇ ਮਨੁੱਖ, ਪ੍ਰਭੂ ਨੂੰ ਅੰਗ-ਸੰਗ ਪ੍ਰਤੀਤ ਕਰਦੇ ਹਨ।
(ਅ) ਉਹ ਦ੍ਰਿੜ੍ਹ ਵਿਸ਼ਵਾਸੀ ਹੁੰਦੇ ਹਨ ਕਿ ਪ੍ਰਭੂ ਉਨ੍ਹਾਂ ਦੀ ਹਰ ਮੁਸ਼ਕਿਲ ਸਮੇਂ ਸਹਾਇਤਾ ਕਰੇਗਾ।
(ੲ) ਇਸੇ ਵਿਸ਼ਵਾਸ ਤੇ ਅਨੁਭਵ ਤੋਂ ਪ੍ਰੇਰਿਤ ਹੋ ਕੇ ਅਜਿਹੇ ਮਨੁੱਖ ਬੁਰਾਈ ਦੀਆਂ ਤਾਕਤਾਂ/ਮੁਸ਼ਕਲਾਂ ਦਾ ਟਾਕਰਾ ਕਰਨ ਲਈ ਤਿਆਰ ਹੋ ਜਾਂਦੇ ਹਨ ਅਤੇ ਮੌਤ ਨੂੰ ਮਖੌਲ ਕਰਨ ਲੱਗ ਪੈਂਦੇ ਹਨ।

**ਪ੍ਰਸ਼ਨ 16. ਸਿੱਖ ਧਰਮ ਦੇ ਉਪਦੇਸ਼, ਨਾਮ ਸਿਮਰਨ ਕਰਨ ਨਾਲ, ਸਮਾਜ ਵਿਚ ਕਿਸ ਤਰ੍ਹਾਂ ਦੀ ਤਬਦੀਲੀ ਆਈ?**

**ਉੱਤਰ** : (ੳ) ਲੋਕ ਅੰਧ-ਵਿਸ਼ਵਾਸ ਤੇ ਕਰਮ-ਕਾਂਡ ਤਿਆਗ ਕੇ ਪ੍ਰਭੂ ਦੀ ਉਸਤਤ ਕਰਨ ਲੱਗੇ।
(ਅ) ਉਨ੍ਹਾਂ ਨੇ ਪੁਜਾਰੀ ਵਰਗ, ਗ਼ਲਤ ਸਮਾਜਕ ਕਦਰਾਂ-ਕੀਮਤਾਂ ਅਤੇ ਅੱਤਿਆਚਾਰੀ ਰਾਜਿਆਂ ਦਾ ਡਰ ਤਿਆਗ ਦਿੱਤਾ।
(ੲ) ਬੁਜ਼ਦਿਲਾਂ ਵਿਚੋਂ ਵਧੀਆ ਯੋਧੇ ਤੇ ਜੰਗੀ ਜਰਨੈਲ, ਕਰਮ-ਕਾਂਡੀਆਂ ਵਿਚੋਂ ਸਮਾਜ-ਸੁਧਾਰਕ ਅਤੇ ਸਦੀਆਂ ਤੋਂ ਗ਼ੁਲਾਮ ਲੋਕਾਂ ਵਿਚੋਂ ਆਦਰਸ਼ਕ ਰਾਜੇ ਪੈਦਾ ਹੋਏ।

**ਪ੍ਰਸ਼ਨ 17. ਜੀਵਨ-ਮੁਕਤੀ ਦਾ ਕੀ ਅਰਥ ਹੈ?**

**ਉੱਤਰ** : (ੳ) ਇਸਦਾ ਅਰਥ ਹੈ 'ਜੀਉਂਦਿਆਂ ਹੀ ਮੁਕਤੀ', ਭਾਵ ਮਾਇਆ (ਸੰਸਾਰ) ਵਿਚ ਰਹਿੰਦਿਆਂ ਹੋਇਆ ਵੀ ਮਾਇਆ ਦੇ ਪ੍ਰਭਾਵ ਤੋਂ ਮੁਕਤ ਰਹਿਣਾ, (ਅ) ਵਿਕਾਰਾਂ ਤੋਂ ਮੁਕਤ (ਆਜ਼ਾਦ) ਹੋ ਕੇ ਪ੍ਰਭੂ-ਪਿਆਰ ਵਿਚ ਲੀਨ ਰਹਿਣਾ।

**ਪ੍ਰਸ਼ਨ 18. ਜੀਵਨ-ਮੁਕਤੀ ਦੇ ਅਰਥ ਪ੍ਰਗਟ ਕਰਨ ਵਾਲਾ ਗੁਰਬਾਣੀ ਵਿਚੋਂ ਕੋਈ ਪ੍ਰਮਾਣ ਦਿਉ।**

**ਉੱਤਰ** : ਤਜਿ ਅਭਿਮਾਨ, ਮੋਹ ਮਾਇਆ ਫੁਨਿ, ਭਜਨ ਰਾਮ ਚਿਤੁ ਲਾਵਉ॥
ਨਾਨਕ ਕਹਤ, ਮੁਕਤਿ ਪੰਥ ਇਹੁ, ਗੁਰਮੁਖਿ ਹੋਇ ਤੁਮ ਪਾਵਉ॥

*(ਗਉੜੀ, ਮਹਲਾ ੯, ਪੰਨਾ ੨੧੯)*

**ਪ੍ਰਸ਼ਨ 19. ਸਿੱਖ ਧਰਮ ਨੇ 'ਸਵਰਗ-ਨਰਕ' ਦੇ ਵਿਸ਼ਵਾਸ ਨੂੰ ਰੱਦ ਕਰ ਦਿਤਾ ਹੈ, ਇਸ ਬਾਰੇ ਗੁਰੂ ਗ੍ਰੰਥ ਸਾਹਿਬ 'ਚੋਂ ਕੋਈ ਦੋ ਪ੍ਰਮਾਣ ਦਿਉ।**

**ਉੱਤਰ** : (ੳ) ਕਵਨੁ ਨਰਕੁ, ਕਿਆ ਸੁਰਗੁ ਬਿਚਾਰਾ, ਸੰਤਨ ਦੋਊ ਰਾਦੇ॥
ਹਮ ਕਾਹੂ ਕੀ ਕਾਣਿ ਨ ਕਢਤੇ, ਅਪਨੇ ਗੁਰਪਰਸਾਦੇ॥

*(ਰਾਮਕਲੀ, ਕਬੀਰ ਜੀ, ਪੰਨਾ ੯੬੯)*

(ਅ) ਕਬੀਰ, ਸੁਰਗ ਨਰਕ ਤੇ ਮੈ ਰਹਿਓ, ਸਤਿਗੁਰ ਕੇ ਪਰਸਾਦਿ॥
ਚਰਨ ਕਮਲ ਕੀ ਮਉਜ ਮਹਿ, ਰਹਉ ਅੰਤਿ ਅਰੁ ਆਦਿ॥

*(ਸਲੋਕ ਕਬੀਰ ਜੀ, ਪੰਨਾ ੧੩੭੦)*

**ਪ੍ਰਸ਼ਨ 20. ਜਰਮਨੀ ਦੇ ਮਾਰਟਿਨ ਲੂਥਰ ਨੇ ਈਸਾਈ ਪਾਦਰੀਆਂ ਦਾ ਵਿਰੋਧ ਕਿਉਂ ਕੀਤਾ ਸੀ?**

**ਉੱਤਰ** : (ੳ) ਕਿਉਂਕਿ ਈਸਾਈ ਪਾਦਰੀ ਭ੍ਰਿਸ਼ਟ ਹੋ ਗਏ ਸਨ।

(ਅ) ਉਨ੍ਹਾਂ ਧਨ ਪ੍ਰਾਪਤੀ ਦੀ ਖਾਤਰ ਲੋਕਾਂ ਨੂੰ ਸਵਰਗਾਂ ਵਿਚ ਥਾਂ ਅਲਾਟ ਕਰਨੀ ਸ਼ੁਰੂ ਕਰ ਦਿੱਤੀ ਸੀ।

(ੲ) ਰਾਜਿਆਂ ਨੂੰ ਪ੍ਰਸੰਨ ਕਰਨ ਲਈ ਉਹ ਆਖਦੇ ਸਨ ਕਿ ਰਾਜੇ ਰੱਬ ਵਲੋਂ ਨਿਯੁਕਤ ਕੀਤੇ ਗਏ ਹਨ।

**ਪ੍ਰਸ਼ਨ 21. ਮੰਦਰਾਂ ਵਿਚ ਵਿਭਚਾਰ ਕਿਸ ਪ੍ਰਥਾ ਅਨੁਸਾਰ ਫੈਲਾਇਆ ਗਿਆ ਸੀ?**

**ਉੱਤਰ** : 'ਦੇਵ ਦਾਸੀ ਪ੍ਰਥਾ' ਨਾਲ।

**ਪ੍ਰਸ਼ਨ 22. ਸੰਸਾਰ ਵਿਚ ਰਹਿੰਦਿਆਂ ਹੀ ਕਿਰਤ-ਕਮਾਈ ਕਰਦਿਆਂ ਪ੍ਰਭੂ ਦਾ ਸਿਮਰਨ ਕਰਨਾ ਚਾਹੀਦਾ ਹੈ, ਇਸ ਬਾਰੇ ਗੁਰਬਾਣੀ ਦਾ ਪ੍ਰਮਾਣ ਦਿਉ।**

**ਉੱਤਰ** : ਉਦਮ ਕਰੇਦਿਆ ਜੀਉ ਤੂੰ, ਕਮਾਵਦਿਆ ਸੁਖ ਭੁੰਚੁ॥
ਧਿਆਇਦਿਆ ਤੂੰ ਪ੍ਰਭੂ ਮਿਲੁ, ਨਾਨਕ ਉਤਰੀ ਚਿੰਤ॥

*(ਵਾਰ ਗੂਜਰੀ, ਮਹਲਾ ੫, ਪੰਨਾ ੫੨੨)*

**ਪ੍ਰਸ਼ਨ 23. ਇਹ ਕਿਸ ਗੱਲ ਤੋਂ ਪਤਾ ਲਗਦਾ ਹੈ ਕਿ ਸਿੱਖ ਧਰਮ ਇਕ ਸੰਗਤੀ ਅਤੇ ਭਾਈਚਾਰਕ (ਜਥੇਬੰਦਕ) ਧਰਮ ਹੈ?**

**ਉੱਤਰ** : (ੳ) ਗੁਰੂ ਨਾਨਕ ਦੇਵ ਜੀ ਨੇ ਪ੍ਰਚਾਰਕ ਦੌਰਿਆਂ ਸਮੇਂ ਥਾਂ-ਥਾਂ 'ਸੰਗਤਾਂ' ਕਾਇਮ ਕੀਤੀਆਂ, ਜਿਥੇ ਸਿੱਖ ਰੋਜ਼ ਜੁੜ ਬੈਠਦੇ ਸਨ। ਇਨ੍ਹਾਂ ਸੰਗਤਾਂ ਨੇ ਹੀ ਸਿੱਖ ਭਾਈਚਾਰੇ ਦਾ ਰੂਪ ਲਿਆ।

(ਅ) ਗੁਰੂ ਸਾਹਿਬਾਨ ਨੇ 'ਸੰਗਤਾਂ' ਅਤੇ ਗੁਰਬਾਣੀ ਪ੍ਰਚਾਰ ਰਾਹੀਂ ਹੀ ਸਮਾਜਿਕ ਕ੍ਰਾਂਤੀ ਲਿਆਂਦੀ। ਇੰਝ ਸਿੱਖ ਧਰਮ ਆਪਣੇ ਅਰੰਭ ਤੋਂ ਹੀ ਸੰਗਤੀ-ਧਰਮ ਹੈ।



**ਪ੍ਰਸ਼ਨ 24. ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ-ਸੰਗਠਨ ਨੂੰ ਕਿਵੇਂ ਮਜ਼ਬੂਤ ਕੀਤਾ?**

**ਉੱਤਰ** : (ੳ) ਸਿੱਖ-ਸੰਗਤਾਂ ਨੂੰ ਖੰਡੇ ਦੇ ਅੰਮ੍ਰਿਤ ਦੁਆਰਾ 'ਖ਼ਾਲਸਾ' ਰੂਪ ਦੇ ਕੇ।

(ਅ) ਸਭ ਸਿੱਖਾਂ ਲਈ ਇਕੋ ਮਰਯਾਦਾ ਤੇ ਪੰਜ ਕਕਾਰ ਲਾਗੂ ਕਰਕੇ।

**ਪ੍ਰਸ਼ਨ 25. ਸਿੱਖ ਸਾਰੇ ਸੰਸਾਰ (ਸਰਬੱਤ) ਦਾ ਭਲਾ ਚਾਹੁੰਦੇ ਹਨ, ਇਸ ਦਾ ਪਤਾ ਕਿੱਥੋਂ ਲਗਦਾ ਹੈ?**

**ਉੱਤਰ** : ਸਿੱਖ ਦੀ ਅਰਦਾਸ ਤੋਂ, ਜਦੋਂ ਅਖੀਰ ਵਿਚ ਇਹ ਸ਼ਬਦ ਉਚਾਰੇ ਜਾਂਦੇ ਹਨ : "ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ॥"

**ਪ੍ਰਸ਼ਨ 26. ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦਾ ਪ੍ਰਮਾਣ ਦਿਉ ਜਿਸ ਵਿਚ ਮਨੁੱਖੀ ਏਕਤਾ ਦਾ ਉਪਦੇਸ਼ ਦਿੱਤਾ ਗਿਆ ਹੋਵੇ?**

**ਉੱਤਰ** : ਕੋਊ ਭਇਓ ਮੁੰਡੀਆ, ਸੰਨਿਆਸੀ, ਕੋਊ ਜੋਗੀ ਭਇਓ,
ਕੋਊ ਬ੍ਰਹਮਚਾਰੀ, ਕੋਊ ਜਤੀ ਅਨਮਾਨਬੋ॥
ਹਿੰਦੂ, ਤੁਰਕ ਕੋਊ, ਰਾਫ਼ਜੀ ਇਮਾਮ ਸਾਫ਼ੀ,
ਮਾਨਸ ਕੀ ਜਾਤ, ਸਬੈ ਏਕੈ ਪਹਿਚਾਨਬੋ॥ *(ਅਕਾਲ ਉਸਤਤਿ)*

**ਪ੍ਰਸ਼ਨ 27. ਹਿੰਦੂ ਧਰਮ ਦਾ ਆਚਾਰਯ 'ਮੰਨੂ' ਇਸਤਰੀਆਂ ਬਾਰੇ ਕੀ ਕਹਿੰਦਾ ਹੈ?**

**ਉੱਤਰ** : (ੳ) ਇਸਤਰੀਆਂ ਅਗਿਆਨਣਾਂ, ਝੂਠ ਦੀਆਂ ਮੂਰਤਾਂ ਤੇ ਦੁੱਖਾਂ ਦਾ ਕਾਰਨ ਹਨ।

(ਅ) ਇਹ ਗਿਆਨਵਾਨਾਂ ਤੇ ਰਿਸ਼ੀਆਂ ਮੁਨੀਆਂ ਨੂੰ ਵੀ ਕੁਰਾਹੇ ਪਾ ਕੇ ਆਪਣੇ ਅਧੀਨ ਕਰ ਲੈਂਦੀਆਂ ਹਨ।

(ੲ) ਇਨ੍ਹਾਂ ਨੂੰ ਪੁਰਸ਼-ਮੈਂਬਰਾਂ ਦੇ ਅਧੀਨ ਰੱਖਣਾ ਚਾਹੀਦਾ ਹੈ।

**ਪ੍ਰਸ਼ਨ 28. ਇਸਤਰੀ ਬਾਰੇ 'ਜੈਨੀ' ਕੀ ਆਖਦੇ ਹਨ?**

**ਉੱਤਰ** : ਇਸਤਰੀ ਕਦੇ ਵੀ ਮੁਕਤੀ ਪ੍ਰਾਪਤ ਨਹੀਂ ਕਰ ਸਕਦੀ।

**ਪ੍ਰਸ਼ਨ 29. ਭਿਖਸ਼ੂ ਸੰਘ ਵਿਚ ਇਸਤਰੀਆਂ ਨੂੰ ਸ਼ਾਮਲ ਕਰਨ ਬਾਰੇ ਮਹਾਤਮਾ ਬੁੱਧ ਜੀ ਨੇ ਕੀ ਕਿਹਾ ਸੀ?**

**ਉੱਤਰ** : ਇਸਤਰੀਆਂ ਨੂੰ ਭਿਖਸ਼ੂ ਸੰਘ ਵਿਚ ਦਾਖ਼ਲ ਨਾ ਕਰੋ। ਇਸ ਨਾਲ ਬੁੱਧ ਮੱਤ ਦੀ ਉਮਰ ਘਟ ਜਾਵੇਗੀ।

**ਪ੍ਰਸ਼ਨ 30. ਇਸਤਰੀ ਬਾਰੇ 'ਯੋਗੀ' ਕੀ ਆਖਦੇ ਹਨ?**

**ਉੱਤਰ** : ਇਸਤਰੀ ਬਘਿਆੜਨ ਹੈ, ਜੋ ਤਿੰਨਾਂ ਲੋਕਾਂ ਦਾ ਨਾਸ਼ ਕਰ ਦਿੰਦੀ ਹੈ।

**ਪ੍ਰਸ਼ਨ 31. ਸਭ ਤੋਂ ਪਹਿਲਾਂ ਕਿਸ 'ਧਰਮ' ਨੇ ਇਸਤਰੀ ਨੂੰ ਪੁਰਖ ਦੇ ਬਰਾਬਰ ਸਮਾਨਤਾ ਦਿੱਤੀ?**

**ਉੱਤਰ** : ਸਿੱਖ ਧਰਮ ਨੇ।

**ਪ੍ਰਸ਼ਨ 32. ਸਿੱਖ ਧਰਮ ਨੇ ਇਸਤਰੀ ਨੂੰ ਕੀ ਅਧਿਕਾਰ ਦਿੱਤੇ ਹਨ?**

**ਉੱਤਰ** : (ੳ) ਅੰਮ੍ਰਿਤ ਛਕ ਕੇ, ਸਿੱਖ ਧਰਮ ਵਿਚ ਦਾਖ਼ਲ ਹੋ ਸਕਦੀ ਹੈ।
(ਅ) ਧਰਮ-ਪ੍ਰਚਾਰਕ ਦੇ ਸਾਰੇ ਫ਼ਰਜ਼ (ਪਾਠ, ਕਥਾ, ਕੀਰਤਨ, ਲੈਕਚਰ ਆਦਿ) ਅਦਾ ਕਰ ਸਕਦੀ ਹੈ।
(ੲ) ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋ ਕੇ ਅੰਮ੍ਰਿਤ ਛਕਾ ਸਕਦੀ ਹੈ।
(ਸ) ਪਤੀ ਦੀ ਮੌਤ ਮਗਰੋਂ ਦੁਬਾਰਾ ਵਿਆਹ ਕਰਵਾ ਸਕਦੀ ਹੈ।

**ਪ੍ਰਸ਼ਨ 33. ਗੁਰੂ ਨਾਨਕ ਦੇਵ ਜੀ ਨੇ 'ਆਸਾ ਕੀ ਵਾਰ' ਵਿਚ ਇਸਤਰੀ ਬਾਰੇ ਕੀ ਵਿਚਾਰ ਪ੍ਰਗਟ ਕੀਤਾ ਹੈ?**

**ਉੱਤਰ** : ਔਰਤ ਮਨੁੱਖ ਦੀ ਜਨਮ ਦਾਤੀ ਹੈ, ਜੀਵਨ ਸਾਥਣ ਹੈ ਅਤੇ ਰਿਸ਼ਤੇਦਾਰੀ ਵਿਚ ਵਾਧੇ ਦਾ ਕਾਰਨ ਬਣਦੀ ਹੈ। ਇਸਤਰੀ ਤੋਂ ਬਿਨਾਂ ਮਨੁੱਖ ਦਾ ਗੁਜ਼ਾਰਾ ਨਹੀਂ। ਜਿਹੜੀ ਇਸਤਰੀ ਨੇ ਰਾਜਿਆਂ (ਭਗਤਾਂ, ਫਿਲਾਸਫਰਾਂ, ਸੂਰਮਿਆਂ) ਨੂੰ ਜਨਮ ਦਿੱਤਾ ਹੈ, ਉਸਨੂੰ ਨਿੰਦਣਾ ਨਹੀਂ ਚਾਹੀਦਾ।

**ਪ੍ਰਸ਼ਨ 34. ਸਿੱਖ ਧਰਮ ਨੇ ਇਸਤਰੀ ਜਾਤੀ ਦੇ ਸੁਧਾਰ ਲਈ ਕੀ ਯਤਨ ਕੀਤੇ ਹਨ?**

**ਉੱਤਰ** : (1) ਸਤੀ ਪ੍ਰਥਾ ਅਤੇ ਪਰਦੇ (ਘੁੰਡ) ਦੀ ਰਸਮ ਦਾ ਵਿਰੋਧ।
(2) ਦਾਜ ਦੀ ਪ੍ਰਥਾ ਦਾ ਵਿਰੋਧ।
(3) ਇਕ ਪੁਰਸ਼ ਦੀਆਂ ਬਹੁਤੀਆਂ ਪਤਨੀਆਂ ਹੋਣ ਦਾ ਵਿਰੋਧ।
(4) ਪੁਨਰ-ਵਿਆਹ ਦੀ ਇਜਾਜ਼ਤ।

**ਪ੍ਰਸ਼ਨ 35. ਲੰਗਰ ਦੀ ਮਰਯਾਦਾ ਸਿੱਖ ਧਰਮ ਨੂੰ ਨਿਆਰਾਪਨ ਬਖਸ਼ਦੀ ਹੈ, ਕਿਵੇਂ?**

**ਉੱਤਰ** : ਕਿਉਂਕਿ ਇਹ ਕੇਵਲ ਸਿੱਖ ਧਰਮ ਵਿਚ ਹੀ ਹੈ।

**ਪ੍ਰਸ਼ਨ 36. 'ਲੰਗਰ' ਦੇ ਕੀ ਲਾਭ ਹਨ?**

**ਉੱਤਰ** : (ੳ) ਲੰਗਰ ਸਰੀਰਕ ਭੁੱਖ ਦੂਰ ਕਰਦਾ ਹੈ।
(ਅ) ਜਾਤ-ਪਾਤ, ਅਮੀਰੀ-ਗਰੀਬੀ ਦਾ ਭਿੰਨ-ਭੇਦ ਖਤਮ ਕਰਦਾ ਹੈ।
(ੲ) ਸਿੱਖਾਂ ਨੂੰ ਸੇਵਾ ਦਾ ਮੌਕਾ ਦਿੰਦਾ ਹੈ, ਜਿਸ ਨਾਲ ਹਉਮੈ ਦੂਰ ਹੁੰਦੀ ਹੈ।

**ਪ੍ਰਸ਼ਨ 37. ਸ਼ਕਤੀ (ਤਾਕਤ) ਦੀ ਵਰਤੋਂ ਬਾਰੇ ਗੁਰੂ ਗੋਬਿੰਦ ਸਿੰਘ ਜੀ ਨੇ ਕੀ ਕਿਹਾ ਹੈ?**

**ਉੱਤਰ** : ਆਪ ਨੇ ਕਿਹਾ ਹੈ ਕਿ ਜਦੋਂ ਸਭ ਸ਼ਾਂਤੀਪੂਰਵਕ ਯਤਨ ਅਸਫਲ ਹੋ ਜਾਣ ਤਾਂ ਤਲਵਾਰ ਨੂੰ ਹੱਥ ਵਿਚ ਲੈਣਾ (ਭਾਵ ਸ਼ਕਤੀ ਦੀ ਵਰਤੋਂ ਕਰਨੀ) ਜਾਇਜ਼ ਹੈ। ਆਪ ਦਾ ਫੁਰਮਾਨ ਹੈ—
ਚੂੰ-ਕਾਰ ਅਜ਼ ਹਮਹ ਹੀਲਤੇ ਦਰ ਗੁੱਜ਼ਸ਼ਤ॥
ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ॥ *(ਜ਼ਫ਼ਰਨਾਮਾ)*



**ਪ੍ਰਸ਼ਨ 38. ਚੜ੍ਹਦੀ ਕਲਾ ਤੋਂ ਕੀ ਭਾਵ ਹੈ?**

**ਉੱਤਰ** : (ੳ) ਵਿਰੋਧੀ ਹਾਲਾਤ ਵਿਚ ਆਪਣੇ ਹੌਸਲੇ ਬੁਲੰਦ ਰੱਖਣੇ।
(ਅ) ਸੰਘਰਸ਼ਸ਼ੀਲ ਰਹਿਣਾ।
(ਅ) ਜਿੱਤ ਪ੍ਰਤੀ ਆਸ਼ਾਵਾਦੀ ਰਹਿਣਾ।

**ਪ੍ਰਸ਼ਨ 39. ਸੰਘਰਸ਼ ਸਮੇਂ ਕਿਹੜਾ ਵਿਸ਼ਵਾਸ ਮਨੁੱਖ ਦਾ ਸਭ ਤੋਂ ਵੱਡਾ ਸਹਾਈ ਹੁੰਦਾ ਹੈ?**

**ਉੱਤਰ** : ਇਕ ਪ੍ਰਭੂ ਵਿਚ ਵਿਸ਼ਵਾਸ। ਇਹ ਵਿਸ਼ਵਾਸ ਕਿ ਪ੍ਰਭੂ ਸਾਡਾ ਮਿੱਤਰ-ਸਖਾਈ ਹੈ ਤੇ ਜੀਵਨ ਸੰਘਰਸ਼ ਵਿਚ ਅਵੱਸ਼ ਸਹਾਇਤਾ ਕਰੇਗਾ।

**ਪ੍ਰਸ਼ਨ 40. ਮੀਰੀ ਤੇ ਪੀਰੀ ਦਾ ਕੀ ਅਰਥ ਹੈ?**

**ਉੱਤਰ** : ਮੀਰੀ : ਰਾਜਨੀਤਿਕ ਪ੍ਰਭੁਸੱਤਾ।
ਪੀਰੀ : ਧਾਰਮਿਕ ਪ੍ਰਭੁਸੱਤਾ।

**ਪ੍ਰਸ਼ਨ 41. ਸ੍ਰੀ ਅਕਾਲ ਤਖ਼ਤ 'ਤੇ ਝੂਲਦੇ 'ਦੋ ਨਿਸ਼ਾਨ ਸਾਹਿਬ' ਸਿੱਖ ਧਰਮ ਦੇ ਕਿਸ ਅਸੂਲ ਨੂੰ ਪ੍ਰਗਟ ਕਰਦੇ ਹਨ?**

**ਉੱਤਰ** : ਧਰਮ ਅਤੇ ਰਾਜਨੀਤੀ ਦੇ ਸੁਮੇਲ ਨੂੰ।

**ਪ੍ਰਸ਼ਨ 42. 'ਨਾ ਡਰਨਾ ਤੇ ਨਾ ਡਰਾਉਣਾ' ਗਿਆਨਵਾਨ ਮਨੁੱਖ ਦੀਆਂ ਨਿਸ਼ਾਨੀਆਂ ਹਨ, ਇਸ ਬਾਰੇ ਗੁਰਬਾਣੀ ਵਿਚੋਂ ਪ੍ਰਮਾਣ ਦਿਉ।**

**ਉੱਤਰ** : ਭੈ ਕਾਹੂ ਕੋ ਦੇਤ ਨਹਿ, ਨਹਿ ਭੈ ਮਾਨਤ ਆਨਿ॥
ਕਹੁ ਨਾਨਕ ਸੁਨ ਰੇ ਮਨਾ, ਗਿਆਨੀ ਤਾਹਿ ਬਖਾਨ॥

**ਪ੍ਰਸ਼ਨ 43. ਸਿੱਖ ਧਰਮ ਦੀ ਆਰਥਕ ਵਿਚਾਰਧਾਰਾ ਦੇ ਤਿੰਨ ਪੱਖ ਕਿਹੜੇ ਹਨ?**

**ਉੱਤਰ** : (ੳ) ਧਰਮ ਦੀ ਕਿਰਤ ਅਥਵਾ ਮਿਹਨਤ ਦੀ ਕਮਾਈ।
(ਅ) ਕਮਾਈ ਵਿਚੋਂ ਸਮਾਜ ਦੀ ਸੇਵਾ ਲਈ ਦਸਵੰਧ।
(ੲ) ਅਮੀਰੀ-ਗਰੀਬੀ ਦੇ ਪਾੜੇ ਨੂੰ ਦੂਰ ਕਰਨ ਲਈ ਰੁਪਏ ਪੈਸੇ ਦੀ ਸਾਵੀਂ ਵੰਡ।

**ਪ੍ਰਸ਼ਨ 44. ਉਹ ਮਨੁੱਖ ਜਾਂ ਸਮਾਜ ਹੀ ਸੁਖੀ ਰਹਿ ਸਕਦਾ ਹੈ, ਜਿਸ ਕੋਲ ਨਾ ਤਾਂ ਬਹੁਤਾ ਧਨ ਹੋਵੇ ਤੇ ਨਾ ਹੀ ਉਹ ਧਨ-ਹੀਣ ਹੋਵੇ, ਇਸ ਬਾਰੇ ਗੁਰਬਾਣੀ ਪ੍ਰਮਾਣ ਦਿਉ।**

**ਉੱਤਰ** : ਜਿਸੁ ਗ੍ਰਿਹਿ ਬਹੁਤੁ, ਤਿਸੈ ਗ੍ਰਿਹਿ ਚਿੰਤਾ॥
ਜਿਸੁ ਗ੍ਰਿਹਿ ਥੋਰੀ, ਸੁ ਫਿਰੈ ਭ੍ਰਮੰਤਾ॥
ਦੁਹੂ ਬਿਵਸਥਾ ਤੇ ਜੋ ਮੁਕਤਾ
ਸੋਈ ਸੁਹੇਲਾ ਭਾਲੀਐ॥ *(ਮਾਰੂ, ਮਹਲਾ ੫, ਪੰਨਾ ੧੦੧੯)*

**ਪ੍ਰਸ਼ਨ 45. ਸਮਾਜ-ਸੇਵਾ ਨਾਲ ਪ੍ਰਭੂ ਦੀ ਨੇੜਤਾ ਪ੍ਰਾਪਤ ਹੁੰਦੀ ਹੈ, ਇਸ ਬਾਰੇ ਗੁਰਬਾਣੀ ਪ੍ਰਮਾਣ ਦਿਉ।**

**ਉੱਤਰ** : ਵਿਚਿ ਦੁਨੀਆ ਸੇਵ ਕਮਾਈਐ॥
ਤਾ ਦਰਗਹ ਬੈਸਣੁ ਪਾਈਐ॥ *(ਸਿਰੀਰਾਗੁ, ਮ: ੧, ੨੬)*

**ਪ੍ਰਸ਼ਨ 46. ਕਿਹੜੇ ਗੁਰੂ ਸਾਹਿਬ ਨੇ ਉਸ ਸਿੱਖ ਹੱਥੋਂ ਪਾਣੀ ਸਵੀਕਾਰ ਨਹੀਂ ਸੀ ਕੀਤਾ, ਜਿਸਨੇ ਕਦੀ ਸੇਵਾ ਨਹੀਂ ਸੀ ਕੀਤੀ?**

**ਉੱਤਰ** : ਗੁਰੂ ਗੋਬਿੰਦ ਸਿੰਘ ਜੀ ਨੇ।

**ਪ੍ਰਸ਼ਨ 47. ਸੇਵਾ ਦਾ ਸਥਾਨ (ਖੇਤਰ) ਕਿਹੜਾ ਹੈ?**

**ਉੱਤਰ** : ਸਾਰਾ ਸੰਸਾਰ।

**ਪ੍ਰਸ਼ਨ 48. ਕਿਹੜੀਆਂ ਚੀਜ਼ਾਂ ਇਹ ਪ੍ਰਗਟਾਉਂਦੀਆਂ ਹਨ ਕਿ ਸਿੱਖ ਧਰਮ ਇਕ ਵੱਖਰਾ (ਨਿਆਰਾ) ਤੇ ਸੰਪੂਰਨ ਧਰਮ ਹੈ?**

**ਉੱਤਰ** : (ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਵੱਖਰੀ ਵਿਚਾਰਧਾਰਾ।
(ਅ) ਵੱਖਰੀ ਰਹਿਤ ਮਰਯਾਦਾ।
(ੲ) ਵੱਖਰੇ ਧਰਮ ਅਸਥਾਨ (ਗੁਰਦੁਆਰੇ)।
(ਸ) ਵੱਖਰਾ ਕੇਂਦਰੀ ਅਸਥਾਨ : ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ।
(ਹ) ਵੱਖਰਾ ਇਤਿਹਾਸ ਤੇ ਵੱਖਰੇ ਇਤਿਹਾਸਕ ਅਸਥਾਨ।

**ਪ੍ਰਸ਼ਨ 49. ਸਿੱਖ ਧਰਮ ਦੇ ਨਿਆਰੇ-ਪਨ ਨੂੰ ਪ੍ਰਮਾਣਿਤ ਕਰਨ ਲਈ ਭਾਈ ਕਾਨ੍ਹ ਸਿੰਘ ਨਾਭਾ ਨੇ ਕਿਹੜੀ ਪੁਸਤਕ ਲਿਖੀ ਸੀ?**

**ਉੱਤਰ** : 'ਹਮ ਹਿੰਦੂ ਨਹੀਂ' ਨਾਮ ਦੀ ਪੁਸਤਕ।

**ਪ੍ਰਸ਼ਨ 50. ਭਾਈ ਵੀਰ ਸਿੰਘ ਜੀ ਨੇ ਸਿੱਖ ਧਰਮ ਦੇ ਨਿਆਰੇ-ਪਨ ਬਾਰੇ ਕੀ ਕਿਹਾ ਹੈ?**

**ਉੱਤਰ** : (ੳ) ਸਿੱਖਾਂ ਨੂੰ ਆਪਣੇ ਮਤ ਦੀਆਂ ਖ਼ੂਬੀਆਂ ਦਾ ਫ਼ਖ਼ਰ ਹੋਣਾ ਚਾਹੀਦਾ ਹੈ।
(ਅ) ਇਸ ਸਚਾਈ 'ਤੇ ਟਿਕੇ ਰਹਿਣਾ ਚਾਹੀਦਾ ਹੈ ਕਿ ਸਿੱਖ ਮਤ ਇਕ ਅਸਲੀ (Original) ਧਰਮ ਹੈ ਅਤੇ ਧਰਮਾਂ ਦੀ ਗੰਢ-ਤੁਪ ਨਹੀਂ।

**ਪ੍ਰਸ਼ਨ 51. ਕੋਈ ਤਿੰਨ ਵਿਦਵਾਨਾਂ ਦੇ ਨਾਮ ਦੱਸੋ, ਜਿਨ੍ਹਾਂ ਨੇ ਇਹ ਲਿਖਿਆ ਹੈ ਕਿ ਸਿੱਖ ਧਰਮ ਇਕ ਨਵਾਂ ਤੇ ਵੱਖਰਾ ਧਰਮ ਹੈ?**

**ਉੱਤਰ** : (ੳ) ਮੁਹਸਿਨ ਫਾਨੀ (ਅ) ਮਿਸਟਰ ਮੈਕਾਲਿਫ (ੲ) ਮਿਸ ਡਾਰੋਥੀ ਫੀਲਡ।



**ਪ੍ਰਸ਼ਨ 52. ਸਿੱਖ ਧਰਮ ਦੀ ਨਵੀਨਤਾ ਬਾਰੇ ਮਿਸਟਰ ਮੈਕਾਲਿਫ ਨੇ ਕੀ ਕਿਹਾ ਹੈ?**

**ਉੱਤਰ** : ਇਸ ਧਰਮ ਨਾਲੋਂ ਵਧੇਰੇ ਮੌਲਿਕਤਾ (ਨਵੀਨਤਾ) ਰੱਖਣ ਵਾਲਾ ਧਰਮ ਜਾਂ ਇਸਦੇ ਸਦਾਚਾਰੀ ਨਿਯਮਾਂ ਨਾਲੋਂ ਵਧੇਰਾ ਪ੍ਰਮਾਣਿਕ ਤੇ ਵਿਸ਼ਾਲ ਮੱਤ ਦੁਨੀਆਂ ਵਿਚੋਂ ਲੱਭਣਾ ਕਠਿਨ ਹੈ।

**ਨੋਟ** : **ਧਾਰਮਿਕ ਪ੍ਰੀਖਿਆ ਵਿਚ ਉਪਰੋਕਤ ਪ੍ਰਸ਼ਨਾਂ ਵਿਚੋਂ ਪ੍ਰਸ਼ਨ ਪੁੱਛੇ ਜਾਣਗੇ, ਵਿਦਿਆਰਥੀ ਤੇ ਪਾਠਕ ਇਸ ਵਿਸ਼ੇ 'ਤੇ ਹੋਰ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ 'ਸਿੱਖ ਮਿਸ਼ਨਰੀ ਕਾਲਜ' ਦੀਆਂ ਹੇਠ ਲਿਖੀਆਂ ਪੁਸਤਕਾਂ ਪੜ੍ਹਨ ਦੀ ਕ੍ਰਿਪਾਲਤਾ ਕਰਨ :**

**(ੳ) ਸਿੱਖੀ ਨਵੇਂ ਯੁੱਗ ਦਾ ਧਰਮ।**
**(ਅ) ਸਿੱਖ ਜੀਵਨ ਜਾਚ।**
**(ੲ) ਨਿਆਰਾ ਖ਼ਾਲਸਾ।**
**(ਸ) ਸਿੱਖ ਧਰਮ ਫ਼ਿਲਾਸਫ਼ੀ (5 ਭਾਗ)।**

## 2. ਸਿੱਖ ਧਰਮ ਫ਼ਿਲਾਸਫ਼ੀ

**ਪ੍ਰਸ਼ਨ 1. ਧਰਮ ਕਿਸ ਭਾਸ਼ਾ ਦਾ ਸ਼ਬਦ ਹੈ?**

**ਉੱਤਰ** : ਸੰਸਕ੍ਰਿਤ ਦਾ।

**ਪ੍ਰਸ਼ਨ 2. ਸਿੱਖ ਗੁਰੂ ਸਾਹਿਬਾਨ ਨੇ ਧਰਮ ਦੇ ਕੀ ਲੱਛਣ ਦੱਸੇ ਹਨ?**

**ਉੱਤਰ** : ਮਨੁੱਖ ਅਤੇ ਉਸ ਪ੍ਰਭੂ-ਸ਼ਕਤੀ ਦੇ ਪ੍ਰਸਪਰ ਆਤਮਿਕ ਸੰਬੰਧ ਨੂੰ ਧਰਮ ਕਹਿੰਦੇ ਹਨ।

**ਪ੍ਰਸ਼ਨ 3. ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਧਰਮ ਦੇ ਲੱਛਣ ਕਿਹੜੀਆਂ ਤੁਕਾਂ ਵਿਚ ਬਿਆਨ ਕੀਤੇ ਹਨ?**

**ਉੱਤਰ** : ਸਰਬ ਧਰਮ ਮਹਿ ਸ੍ਰੇਸਟ ਧਰਮੁ॥
ਹਰਿ ਕੋ ਨਾਮੁ ਜਪਿ, ਨਿਰਮਲ ਕਰਮੁ॥ *(ਪੰਨਾ ੨੬੬)*

**ਪ੍ਰਸ਼ਨ 4. ਅੱਜ ਮਨੁੱਖ ਦੀ ਮਾਨਸਿਕ ਅਸ਼ਾਂਤੀ ਕਿਉਂ ਵਧ ਰਹੀ ਹੈ?**

**ਉੱਤਰ** : ਧਰਮ ਵਲੋਂ ਰੁਚੀ ਘੱਟ ਹੋਣ ਕਰਕੇ।

**ਪ੍ਰਸ਼ਨ 5. ਧਰਮ ਦੀ ਕੀ ਲੋੜ ਹੈ?**

**ਉੱਤਰ** : ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਬਚਣ ਤੇ ਪ੍ਰਭੂ ਮਿਲਾਪ ਲਈ, ਧਰਮ ਦੀ ਲੋੜ ਹੈ।

**ਪ੍ਰਸ਼ਨ 6. ਸਿੱਖ ਧਰਮ ਕੀ ਹੈ?**

ਉੱਤਰ : ਜਿਹੜਾ ਧਰਮ ਗੁਰੂ ਨਾਨਕ ਦੇਵ ਜੀ ਨੇ ਤੋਰਿਆ ਅਤੇ ਬਾਕੀ ਨੌਂ ਗੁਰੂ ਸਾਹਿਬਾਨ ਨੇ ਪਰਚਾਰਿਆ, ਉਹ 'ਸਿੱਖ ਧਰਮ' ਹੈ।

**ਪ੍ਰਸ਼ਨ 7. ਇਨਸਾਨ ਬੁਰੇ ਕੰਮਾਂ ਤੋਂ ਕਿਵੇਂ ਬਚ ਸਕਦਾ ਹੈ?**

ਉੱਤਰ : ਜੇ ਉਹ ਪਰਮਾਤਮਾ ਨੂੰ ਹਰ ਸਮੇਂ ਹਾਜ਼ਰ-ਨਾਜ਼ਰ ਸਮਝੇ।

**ਪ੍ਰਸ਼ਨ 8. ਨਾਸਤਕ ਮਨੁੱਖ ਦਾ ਜੀਵਨ ਮਨੋਰਥ ਕੀ ਹੈ?**

ਉੱਤਰ : ਖਾਓ, ਪੀਓ ਤੇ ਮੌਜਾਂ ਮਾਣੋ।

**ਪ੍ਰਸ਼ਨ 9. ਸਮਾਜਵਾਦੀ ਮਨੁੱਖ ਦਾ ਜੀਵਨ ਮਨੋਰਥ ਕੀ ਹੈ?**

ਉੱਤਰ : ਹਰ ਮਨੁੱਖ ਮਾਤਰ ਲਈ ਗੁੱਲੀ, ਜੁੱਲੀ ਤੇ ਕੁੱਲੀ ਦਾ ਪ੍ਰਬੰਧ ਕਰਨਾ।

**ਪ੍ਰਸ਼ਨ 10. ਗੁਰਬਾਣੀ ਅਨੁਸਾਰ ਸਿੱਖ ਦਾ 'ਜੀਵਨ ਮਨੋਰਥ' ਕੀ ਹੈ?**

ਉੱਤਰ : ਪ੍ਰਭੂ ਨਾਲ ਮਿਲਾਪ ਹਾਸਲ ਕਰਨਾ।

**ਪ੍ਰਸ਼ਨ 11. ਗੁਰਬਾਣੀ ਵਿਚ ਕਿਨ੍ਹਾਂ ਲੋਕਾਂ ਨੂੰ ਧ੍ਰਿਗ-ਧ੍ਰਿਗ ਕਰਕੇ ਲਾਹਨਤਾਂ ਪਾਈਆਂ ਗਈਆਂ ਹਨ?**

ਉੱਤਰ : ਜਿਹੜੇ ਮਨੁੱਖ ਪਰਮਾਤਮਾ ਦਾ ਨਾਮ ਨਹੀਂ ਜਪਦੇ।

**ਪ੍ਰਸ਼ਨ 12. ਨਿਵਿਰਤੀ ਮਾਰਗ ਤੋਂ ਕੀ ਭਾਵ ਹੈ?**

ਉੱਤਰ : ਘਰ ਬਾਰ ਛੱਡ ਕੇ ਤਿਆਗੀ ਹੋ ਜਾਣਾ।

**ਪ੍ਰਸ਼ਨ 13. ਪ੍ਰਵਿਰਤੀ ਮਾਰਗ ਤੋਂ ਕੀ ਭਾਵ ਹੈ?**

ਉੱਤਰ : ਜੀਵਨ ਦੇ ਕਾਰ-ਵਿਹਾਰ ਵਿਚ ਲੱਗੇ ਰਹਿਣਾ।

**ਪ੍ਰਸ਼ਨ 14. ਜੀਵਨ ਮਨੋਰਥ ਦੀ ਪੂਰਤੀ ਲਈ ਨਿਵਿਰਤੀ ਜਾਂ ਪ੍ਰਵਿਰਤੀ 'ਚੋਂ ਕਿਸ ਮਾਰਗ ਦੀ ਲੋੜ ਹੈ?**

ਉੱਤਰ : ਪ੍ਰਵਿਰਤੀ ਮਾਰਗ ਦੀ।

**ਪ੍ਰਸ਼ਨ 15. ਗੁਰਸਿੱਖ ਨੇ ਮਾਇਆ ਵਿਚ ਰਹਿੰਦਿਆਂ ਹੋਇਆਂ ਮਾਇਆ ਤੋਂ ਨਿਰਲੇਪ ਕਿਵੇਂ ਰਹਿਣਾ ਹੈ?**

ਉੱਤਰ : ਜਿਵੇਂ ਚਿੱਕੜ ਵਿਚ ਕੰਵਲ ਫੁੱਲ ਅਤੇ ਪਾਣੀ ਵਿਚ ਮੁਰਗਾਬੀ ਰਹਿੰਦੀ ਹੈ। ਕੰਵਲ ਫੁੱਲ ਆਪਣੀਆਂ ਪੰਖੜੀਆਂ ਨੂੰ ਚਿੱਕੜ ਨਹੀਂ ਲੱਗਣ ਦਿੰਦਾ ਤੇ ਮੁਰਗਾਬੀ ਆਪਣੇ ਖੰਭਾਂ ਨੂੰ ਪਾਣੀ ਨਾਲ ਭਿੱਜਣ ਨਹੀਂ ਦੇਂਦੀ।

**ਪ੍ਰਸ਼ਨ 16. ਜੈਨ ਮਤ, ਬੁਧ ਮਤ ਅਤੇ ਸਾਂਖ ਸ਼ਾਸਤ੍ਰ ਪ੍ਰਭੂ ਦੀ ਹੋਂਦ ਨੂੰ ਮੰਨਦੇ ਹਨ ਜਾਂ ਨਹੀਂ?**

ਉੱਤਰ : ਨਹੀਂ।



**ਪ੍ਰਸ਼ਨ 17. ਕਈ ਪੁਰਾਣੇ ਮਤਾਂ ਨੇ ਨੇਕੀ ਤੇ ਬਦੀ ਨੂੰ ਜਨਮ ਦੇਣ ਵਾਲੇ ਵੱਖਰੇ ਵੱਖਰੇ 'ਦੋ ਰੱਬ' ਮੰਨੇ ਹਨ। ਕੀ ਇਹ ਠੀਕ ਹੈ?**

ਉੱਤਰ : ਇਹ ਗੱਲ ਠੀਕ ਨਹੀਂ, ਕਿਉਂਕਿ ਰੱਬ ਇਕ ਹੀ ਹੈ।

**ਪ੍ਰਸ਼ਨ 18. ਮਾਇਆ ਤੇ ਮੋਹ ਕਿਸ ਨੇ ਪੈਦਾ ਕੀਤਾ ਹੈ?**

ਉੱਤਰ : ਪਰਮਾਤਮਾ ਨੇ।

**ਪ੍ਰਸ਼ਨ 19. ਪੰਜ ਤੱਤ ਕਿਹੜੇ ਹਨ? ਇਹਨਾਂ ਨੂੰ ਪੈਦਾ ਕਰਨ ਵਾਲਾ ਕੌਣ ਹੈ?**

ਉੱਤਰ : ਧਰਤੀ, ਆਕਾਸ਼, ਅੱਗ, ਹਵਾ ਤੇ ਪਾਣੀ। ਇਹਨਾਂ ਨੂੰ ਪੈਦਾ ਕਰਨ ਵਾਲਾ 'ਪਰਮਾਤਮਾ' ਆਪ ਹੈ।

**ਪ੍ਰਸ਼ਨ 20. ਗੁਰਮਤਿ ਵਿਚ ਤਤ੍ਵ ਪੂਜਾ, ਦੇਵ ਪੂਜਾ, ਮੂਰਤੀ ਪੂਜਾ ਤੇ ਅਵਤਾਰ ਪੂਜਾ ਦਾ ਵਿਰੋਧ ਕੀਤਾ ਹੈ ਜਾਂ ਸਮਰਥਨ?**

ਉੱਤਰ : ਵਿਰੋਧ।

**ਪ੍ਰਸ਼ਨ 21. ਕੀ ਪਰਮਾਤਮਾ ਕੋਈ ਦਲੀਲੀ ਮਨੌਤ ਜਾਂ ਮਨ ਦਾ ਵਹਿਮ ਹੈ ਜਾਂ ਸੱਚਮੁੱਚ ਹੈ।**

ਉੱਤਰ : ਪਰਮਾਤਮਾ ਸੱਚਮੁੱਚ ਹੈ।

**ਪ੍ਰਸ਼ਨ 22. ਪਰਮਾਤਮਾ ਦਿਸਦਾ ਕਿਉਂ ਨਹੀਂ?**

ਉੱਤਰ : ਇਹਨਾਂ ਸਥੂਲ ਅੱਖਾਂ ਨਾਲ ਪਰਮਾਤਮਾ ਨਜ਼ਰ ਨਹੀਂ ਆਉਂਦਾ। ਪ੍ਰਭੂ ਦੇ ਦਰਸ਼ਨ ਲਈ ਹੋਰ ਅੱਖਾਂ ਹਨ ਜੋ ਗੁਰੂ ਦੇ ਸ਼ਬਦ ਦੀ ਅਗਵਾਈ ਵਿਚ ਤੁਰਦਿਆਂ ਖੁਲ੍ਹਦੀਆਂ ਹਨ—

ਨਾਨਕ ਸੇ ਅਖੜੀਆ ਬਿਅੰਨਿ, ਜਿਨੀ ਡਿਸੰਦੋ ਮਾ ਪਿਰੀ॥

*(ਪੰਨਾ ੧੧੦੦)*

**ਪ੍ਰਸ਼ਨ 23. ਕੀ ਅਕਾਲ ਪੁਰਖ ਦਾ ਕੋਈ ਖਾਸ ਨਾਉਂ ਹੈ?**

ਉੱਤਰ : ਨਹੀਂ।

**ਪ੍ਰਸ਼ਨ 24. ਗੁਰਮਤਿ ਅਨੁਸਾਰ ਸੂਰਮਾ ਕੌਣ ਹੈ?**

ਉੱਤਰ : ਜਿਸਨੇ ਪੰਜ ਵਿਸ਼ਿਆਂ 'ਤੇ ਕਾਬੂ ਪਾ ਲਿਆ ਹੈ।

**ਪ੍ਰਸ਼ਨ 25. ਕਾਮ ਕੀ ਹੈ?**

ਉੱਤਰ : ਕਾਮ ਸਭ ਤੋਂ ਤੇਜ਼ ਅਤੇ ਰਸਦਾਇਕ ਜਜ਼ਬਾ ਹੈ। ਕਾਮ ਦੇ ਅਰਥ ਹਨ—ਲਿੰਗ ਵਾਸਨਾ, ਭੋਗ ਵਿਲਾਸ ਦੀ ਵਧੀ ਹੋਈ ਇੱਛਾ।

**ਪ੍ਰਸ਼ਨ 26. ਸਰੀਰ ਵਿਚ ਉਹ ਕਿਹੜਾ ਚੋਰ ਹੈ ਜੋ ਗਿਆਨ ਰਤਨ ਨੂੰ ਚੁਰਾ ਲੈਂਦਾ ਹੈ?**

ਉੱਤਰ : ਕਾਮ।

**ਪ੍ਰਸ਼ਨ 27. ਗੁਰਬਾਣੀ ਪ੍ਰਮਾਣ ਦਿਉ ਜਿਸ ਤੋਂ ਪਤਾ ਲੱਗੇ ਕਿ ਕਾਮ ਤੇ ਕ੍ਰੋਧ ਸਰੀਰ ਨੂੰ ਇਉਂ ਗਾਲ ਦੇਂਦੇ ਹਨ, ਜਿਵੇਂ ਸੁਹਾਗਾ, ਸੋਨੇ ਨੂੰ ਗਾਲ ਦਿੰਦਾ ਹੈ?**

**ਉੱਤਰ** : ਕਾਮੁ ਕ੍ਰੋਧੁ ਕਾਇਆ ਕਉ ਗਾਲੈ॥
ਜਿਉ ਕੰਚਨ ਸੋਹਾਗਾ ਢਾਲੈ॥ *(ਪੰਨਾ ੯੩੨)*

**ਪ੍ਰਸ਼ਨ 28. ਕੀ 'ਕਾਮ' ਮਾਰਿਆ ਜਾ ਸਕਦਾ ਹੈ? ਜੇ ਨਹੀਂ ਤਾਂ ਇਸ ਨੂੰ ਕਿਸ ਵਿਚ ਬਦਲਨਾ ਹੈ?**

**ਉੱਤਰ** : 'ਕਾਮ' ਮਾਰਿਆ ਨਹੀਂ ਜਾ ਸਕਦਾ, ਪਰ ਕਾਮ ਨੂੰ ਸੰਜਮ ਤੇ ਸ਼ਕਤੀ ਵਿਚ ਬਦਲਿਆ ਜਾ ਸਕਦਾ ਹੈ।

**ਪ੍ਰਸ਼ਨ 29. "ਸਿੱਖ ਕਦੀ ਵਿਭਚਾਰ ਨਹੀਂ ਕਰਦੇ"—ਇਹ ਸ਼ਬਦ ਕਿਹੜੇ-ਕਿਹੜੇ ਕੱਟੜ ਸ਼ਰਈ ਮੁਸਲਮਾਨ ਨੇ ਆਖੇ ਸਨ?**

**ਉੱਤਰ** : ਕਾਜ਼ੀ ਨੂਰ ਮੁਹੰਮਦ ਨੇ।

**ਪ੍ਰਸ਼ਨ 30. ਕਾਮ ਵਾਸਨਾ ਨੂੰ ਘਟਾਉਣ ਦੇ ਕਿਹੜੇ-ਕਿਹੜੇ ਸਾਧਨ ਹਨ?**

**ਉੱਤਰ** : (ੳ) ਵਾਹਿਗੁਰੂ ਦੀ ਭਗਤੀ, ਨਾਮ ਸਿਮਰਨ। (ਅ) ਗੁਰਬਾਣੀ ਦਾ ਅਭਿਆਸ, ਕੀਰਤਨ, ਸਤਿਸੰਗਤ ਆਦਿ। (ੲ) ਕੁਸੰਗਤ ਦਾ ਤਿਆਗ। (ਸ) ਹਰ ਸਮੇਂ ਕਿਸੇ ਚੰਗੇ ਕੰਮ ਵਿਚ ਰੁੱਝੇ ਰਹਿਣਾ।

**ਪ੍ਰਸ਼ਨ 31. ਕ੍ਰੋਧ ਕੀ ਹੈ?**

**ਉੱਤਰ** : ਕ੍ਰੋਧ ਅੱਗ ਵਾਂਗੂੰ ਤੇਜ਼ ਤੇ ਕੌੜਾ ਜਜ਼ਬਾ ਹੈ ਜੋ ਆਦਮੀ ਦੀ ਸੁਧ-ਬੁਧ ਕਾਇਮ ਨਹੀਂ ਰਹਿਣ ਦੇਂਦਾ।

**ਪ੍ਰਸ਼ਨ 32. ਗੁਰਬਾਣੀ ਅਨੁਸਾਰ ਝਗੜੇ ਦਾ ਮੂਲ ਕਾਰਨ ਕੀ ਹੈ?**

**ਉੱਤਰ** : ਕ੍ਰੋਧ।

**ਪ੍ਰਸ਼ਨ 33. ਸਿੱਖੀ ਨੇ ਕ੍ਰੋਧ ਨੂੰ ਕਿਸ ਵਿਚ ਬਦਲਿਆ ਹੈ?**

**ਉੱਤਰ** : ਸੂਰਬੀਰਤਾ ਵਿਚ।

**ਪ੍ਰਸ਼ਨ 34. ਲੋਭ ਕੀ ਹੈ?**

**ਉੱਤਰ** : ਅਪ੍ਰਾਪਤ ਵਸਤੂ, ਜੋ ਦੂਸਰੇ ਕੋਲ ਹੋਵੇ ਦੀ ਪ੍ਰਾਪਤੀ ਵੱਸ ਇੱਛਾ ਕਰਨੀ।

**ਪ੍ਰਸ਼ਨ 35. ਇਨਸਾਨ ਲੱਖਾਂ ਕਰੋੜਾਂ ਰੁਪਏ ਤਿਜੌਰੀਆਂ ਭਰਨ ਲਈ ਕਮਾਉਂਦਾ ਹੈ ਜਾਂ ਲੋੜਾਂ ਪੂਰੀਆਂ ਕਰਨ ਲਈ?**

**ਉੱਤਰ** : ਤਿਜੌਰੀਆਂ ਭਰਨ ਲਈ।



**ਪ੍ਰਸ਼ਨ 36. ਸਿੱਖੀ ਵਿਚ ਲੋਭ ਤੋਂ ਰੋਕਿਆ ਹੈ ਪਰ ਗ੍ਰਿਹਸਤੀ ਜੀਵਨ ਨਿਭਾਉਣ ਲਈ ਕੀ ਕਰਨਾ ਹੈ?**

**ਉੱਤਰ** : ਧਰਮ ਦੀ ਕਿਰਤ ਕਰਨੀ, ਸੰਤੋਖ ਧਾਰਨ ਕਰਨਾ ਤੇ ਵੰਡ ਕੇ ਛਕਣਾ।

**ਪ੍ਰਸ਼ਨ 37. ਮੋਹ ਕੀ ਹੈ?**

**ਉੱਤਰ** : ਕਿਸੇ ਵਸਤੂ ਨਾਲ ਹੱਦੋਂ ਵੱਧ ਮਨ ਦੀ ਪਕੜ ਜਾਂ ਲਗਾਉ ਦਾ ਹੋਣਾ।

**ਪ੍ਰਸ਼ਨ 38. ਸਿੱਖੀ ਨੇ ਮੋਹ ਨੂੰ ਕਿਸ ਵਿਚ ਬਦਲਿਆ ਹੈ?**

**ਉੱਤਰ** : ਪ੍ਰੇਮ ਅਤੇ ਕੁਰਬਾਨੀ ਵਿਚ।

**ਪ੍ਰਸ਼ਨ 39. ਹੰਕਾਰ ਜਾਂ ਹਉਮੈ ਕੀ ਹੈ?**

**ਉੱਤਰ** : ਇਨਸਾਨ ਦਾ ਆਪਣੀ ਹਸਤੀ ਨੂੰ ਪ੍ਰਭੂ ਤੋਂ ਵੱਖਰਾ ਸਮਝਣਾ। ਮੈਂ ਹੋਰ ਹਾਂ ਤੇ ਪ੍ਰਭੂ ਕੁਝ ਹੋਰ ਹੈ।

**ਪ੍ਰਸ਼ਨ 40. ਹੰਕਾਰ ਦੀ ਉਤਪਤੀ ਕਿਸ ਦੇ ਹੁਕਮ ਨਾਲ ਹੁੰਦੀ ਹੈ?**

**ਉੱਤਰ** : ਪਰਮਾਤਮਾ ਦੇ ਹੁਕਮ ਨਾਲ।

**ਪ੍ਰਸ਼ਨ 41. ਹਉਮੈ ਦਾ ਇਲਾਜ ਕੀ ਹੈ?**

**ਉੱਤਰ** : ਗੁਰੂ ਦੀ ਸ਼ਰਨ ਪੈ ਕੇ ਗੁਰ-ਸ਼ਬਦ ਦੀ ਕਮਾਈ ਕਰਨੀ।

**ਪ੍ਰਸ਼ਨ 42. ਸਿੱਖ ਨੇ ਹੰਕਾਰ ਨੂੰ ਕਿਸ ਵਿਚ ਬਦਲਣਾ ਹੈ?**

**ਉੱਤਰ** : ਹੰਕਾਰ ਨੂੰ ਸਵੈਮਾਨ ਅਤੇ ਅਣਖ ਵਿਚ ਬਦਲਣਾ ਹੈ।

**ਪ੍ਰਸ਼ਨ 43. ਸਿੱਖ ਧਰਮ ਅਨੁਸਾਰ ਸ਼ੁੱਭ ਗੁਣ ਕਿਹੜੇ ਹਨ?**

**ਉੱਤਰ** : ਸਚਾਈ, ਪ੍ਰੇਮ, ਵੈਰਾਗ, ਦਇਆ, ਸੰਤੋਖ, ਨਿਮਰਤਾ ਆਦਿ।

**ਪ੍ਰਸ਼ਨ 44. 'ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥' ਤੋਂ ਕੀ ਭਾਵ ਹੈ?**

**ਉੱਤਰ** : ਹਰੇਕ ਕਰਮ, ਸਦਾ ਥਿਰ ਪ੍ਰਭੂ ਦੇ ਨਾਮ ਸਿਮਰਨ ਤੋਂ ਘਟੀਆ ਹੈ। ਸਿਮਰਨ ਰੂਪ ਕਰਮ ਸਭ ਕਰਮਾਂ-ਧਰਮਾਂ ਤੋਂ ਸ੍ਰੇਸ਼ਟ ਹੈ।

**ਪ੍ਰਸ਼ਨ 45. ਸੱਚ ਬੋਲਣ ਦੇ ਕੀ ਲਾਭ ਹਨ?**

**ਉੱਤਰ** : (ੳ) ਆਤਮਾ ਬਲਵਾਨ ਹੁੰਦੀ ਹੈ। (ਅ) ਮਨ ਦੀ ਪਵਿੱਤਰਤਾ ਵਧਦੀ ਹੈ (ੲ) ਆਚਰਨ ਸ਼ੁੱਧ ਹੁੰਦਾ ਹੈ (ਸ) ਸੱਚ ਬੋਲਣ ਵਾਲਾ ਨਿਡਰ ਹੋ ਜਾਂਦਾ ਹੈ।

**ਪ੍ਰਸ਼ਨ 46. ਝੂਠ ਬੋਲਣ ਦੇ ਕੀ ਨੁਕਸਾਨ ਹਨ?**

**ਉੱਤਰ** : (ੳ) ਝੂਠ ਮਨ ਨੂੰ ਕਮਜ਼ੋਰ ਕਰਦਾ ਹੈ (ਅ) ਇਕ ਝੂਠ ਨੂੰ ਛੁਪਾਉਣ ਲਈ ਸੌ ਝੂਠ ਹੋਰ ਬੋਲਣੇ ਪੈਂਦੇ ਹਨ।

**ਪ੍ਰਸ਼ਨ 47. ਪ੍ਰੇਮ ਕੀ ਹੈ?**

**ਉੱਤਰ** : 'ਪ੍ਰੇਮ', ਲਗਾਉ ਦਾ ਇਕ ਜਜ਼ਬਾ ਹੈ।

**ਪ੍ਰਸ਼ਨ 48. ਪ੍ਰੇਮ ਦੇ ਤਿੰਨ ਰੂਪ ਕਿਹੜੇ ਹਨ?**

**ਉੱਤਰ** : (ੳ) ਆਪਣੇ ਤੋਂ ਛੋਟਿਆਂ ਨਾਲ ਕੀਤੇ ਪ੍ਰੇਮ ਨੂੰ 'ਸਨੇਹ' ਕਹਿੰਦੇ ਹਨ।

(ਅ) ਵਾਹਿਗੁਰੂ ਤੇ ਗੁਰੂ ਨਾਲ ਪੈਦਾ ਹੋਏ ਲਗਾਉ ਨੂੰ 'ਪ੍ਰੇਮ' ਕਹਿੰਦੇ ਹਨ।

(ੲ) ਸਿਮਰਨ ਤੋਂ ਬਿਨਾਂ ਸੰਸਾਰਕ ਵਸਤਾਂ ਨਾਲ ਕੀਤੇ ਪ੍ਰੇਮ ਨੂੰ 'ਮੋਹ' ਕਹਿੰਦੇ ਹਨ।

**ਪ੍ਰਸ਼ਨ 49. ਵਾਹਿਗੁਰੂ ਪ੍ਰਾਪਤੀ ਦਾ ਇਕੋ-ਇਕ ਸਾਧਨ ਕਿਹੜਾ ਹੈ?**

**ਉੱਤਰ** : ਵਾਹਿਗੁਰੂ ਨਾਲ ਪ੍ਰੇਮ ਕਰਨਾ।

**ਪ੍ਰਸ਼ਨ 50. ਗੁਰਬਾਣੀ ਅਨੁਸਾਰ ਪ੍ਰੇਮ ਦੀਆਂ ਤਿੰਨ ਹਾਲਤਾਂ ਕਿਹੜੀਆਂ ਹਨ?**

**ਉੱਤਰ** : 1. ਬਿਰਹਾ ਜਾਂ ਵਿਛੋੜਾ।

2. ਮਿਲਾਪ ਜਾਂ ਦਰਸ਼ਨ।

3. ਲਿਵਲੀਨਤਾ।

**ਪ੍ਰਸ਼ਨ 51. ਖਾਲੀ ਥਾਂ ਭਰੋ—**

**ਮਨੁੱਖ ਜਿੰਨਾ ਮੋਹ ਮਾਇਆ ਤੋਂ ਉੱਚਾ ਉੱਠੇਗਾ.......?**

**ਉੱਤਰ** : ਉਤਨਾ ਹੀ ਵਾਹਿਗੁਰੂ ਵਿਚ ਲੀਨ ਹੋਵੇਗਾ।

**ਪ੍ਰਸ਼ਨ 52. ਪ੍ਰਭੂ ਪ੍ਰੇਮ ਦੀ ਪਹਿਲੀ ਅਵਸਥਾ ਕਿਹੜੀ ਹੈ?**

**ਉੱਤਰ** : ਯਾਦ ਜਾਂ ਧਿਆਨ।

**ਪ੍ਰਸ਼ਨ 53. ਜਦ ਧਿਆਨ ਜਾਂ ਯਾਦ ਪੱਕ ਜਾਂਦੀ ਹੈ ਤਾਂ ਕਿਸ ਰੂਪ 'ਚ ਬਦਲ ਜਾਂਦੀ ਹੈ?**

**ਉੱਤਰ** : ਸਿਮਰਨ ਅਤੇ ਲਿਵ ਵਿਚ।

**ਪ੍ਰਸ਼ਨ 54. ਪ੍ਰਭੂ ਪ੍ਰੇਮ ਦੀ ਦੂਜੀ ਅਵਸਥਾ ਕੀ ਹੈ?**

**ਉੱਤਰ** : ਭਾਣਾ ਮਿੱਠਾ ਲੱਗਣਾ। ਜੋ ਪ੍ਰਭੂ ਕਰਦਾ ਹੈ ਉਹ ਚੰਗਾ ਲਗਦਾ ਹੈ।

**ਪ੍ਰਸ਼ਨ 55. ਅਨ-ਮਤਾਂ ਵਿਚ 'ਵੈਰਾਗ' ਤੋਂ ਕੀ ਭਾਵ ਹੈ?**

**ਉੱਤਰ** : ਸੰਸਾਰ ਤੋਂ ਉਪਰਾਮਤਾ।

**ਪ੍ਰਸ਼ਨ 56. ਸਿੱਖ ਧਰਮ ਵਿਚ ਵੈਰਾਗ ਦੇ ਕੀ ਅਰਥ ਹਨ?**

**ਉੱਤਰ** : ਆਪਣੀਆਂ ਮਨੋਬਿਰਤੀਆਂ ਨੂੰ ਨੀਵੀਆਂ ਕਾਮਨਾਵਾਂ ਵੱਲੋਂ ਰੋਕ ਕੇ ਕਿਸੇ ਉੱਚੇ ਆਦਰਸ਼ ਵੱਲ ਲਾਉਣਾ।



**ਪ੍ਰਸ਼ਨ 57. ਦਇਆ ਕੀ ਹੈ?**

**ਉੱਤਰ** : ਕਿਸੇ ਪ੍ਰਾਣੀ ਨੂੰ ਦੁਖੀ ਦੇਖ ਕੇ ਮਨ ਦਾ ਪਿੰਘਰ ਜਾਣਾ।

**ਪ੍ਰਸ਼ਨ 58. ਇਕ ਜ਼ਾਲਮ ਜਾਂ ਦਰਿੰਦੇ ਨੂੰ ਮਾਰ ਦੇਣਾ ਕੀ ਹੈ?**

**ਉੱਤਰ** : ਹਜ਼ਾਰਾਂ ਜੀਵਾਂ 'ਤੇ ਦਇਆ ਕਰਨਾ।

**ਪ੍ਰਸ਼ਨ 59. ਖਾਲੀ ਥਾਂ ਭਰੋ :**

**ਸਿੱਖ ਧਰਮ ਨੇ ਵਹਿਮ ਅਤੇ ਭਰਮ ਵਾਲੀ...ਨਹੀਂ ਦਿੱਤੀ।**

**ਉੱਤਰ** : ਦਇਆ।

**ਪ੍ਰਸ਼ਨ 60. ਸੰਤੋਖ ਕੀ ਹੈ?**

**ਉੱਤਰ** : ਪ੍ਰਾਪਤ ਹੋਏ ਪਦਾਰਥਾਂ ਨੂੰ ਵਰਤ ਕੇ, ਸੰਜਮ ਨਾਲ ਜੀਵਨ-ਨਿਰਬਾਹ ਕਰਨਾ ਅਤੇ ਪ੍ਰਸੰਨਤਾ ਮਹਿਸੂਸ ਕਰਨੀ।

**ਪ੍ਰਸ਼ਨ 61. ਸ਼ੇਖ ਸਾਅਦੀ ਅਨੁਸਾਰ ਦੁਨੀਆਦਾਰ ਦੀਆਂ ਤੰਗ ਅੱਖਾਂ ਕਿਹੜੀਆਂ ਦੋ ਚੀਜ਼ਾਂ ਨਾਲ ਭਰ ਸਕਦੀਆਂ ਹਨ?**

**ਉੱਤਰ** : ਸੰਤੋਖ ਨਾਲ ਜਾਂ ਕਬਰ ਦੀ ਮਿੱਟੀ ਨਾਲ।

**ਪ੍ਰਸ਼ਨ 62. ਕੀ ਸੰਤੋਖੀ ਹੋਣ ਦਾ ਇਹ ਭਾਵ ਹੈ ਕਿ ਉਦਮ ਤੇ ਪੁਰਸ਼ਾਰਥ ਛੱਡ ਦਿੱਤਾ ਜਾਵੇ?**

**ਉੱਤਰ** : ਨਹੀਂ, ਉੱਦਮ ਤੇ ਪੁਰਸ਼ਾਰਥ ਨਹੀਂ ਛੱਡਣਾ ਸਗੋਂ ਬੇਲੋੜੀਆਂ 'ਲੋੜਾਂ' ਨੂੰ ਘਟਾਉਣਾ ਹੈ।

**ਪ੍ਰਸ਼ਨ 63. ਖਿਮਾਂ ਕੀ ਹੈ?**

**ਉੱਤਰ** : ਅਪਰਾਧੀ ਨੂੰ ਮਾਫ਼ ਕਰ ਦੇਣਾ ਖ਼ਿਮਾਂ ਹੈ।

**ਪ੍ਰਸ਼ਨ 64. ਨਿਮਰਤਾ ਤੋਂ ਕੀ ਭਾਵ ਹੈ?**

**ਉੱਤਰ** : ਸਵੈਮਾਨ, ਤਾਕਤ ਤੇ ਉੱਤਮ ਗੁਣਾਂ ਦੇ ਹੁੰਦਿਆਂ ਮਨ ਕਰਕੇ ਨੀਵਾਂ ਹੋਣਾ ਨਿਮਰਤਾ ਹੈ।

**ਪ੍ਰਸ਼ਨ 65. ਨਿਤਨੇਮ (ਗੁਰਬਾਣੀ ਦਾ ਪਾਠ) ਹਰ ਰੋਜ਼ ਕਰਨਾ ਕਿਉਂ ਜ਼ਰੂਰੀ ਹੈ?**

**ਉੱਤਰ** : (ੳ) ਸਾਡਾ ਮਨ ਇਤਨਾ ਤਾਕਤਵਰ ਨਹੀਂ ਕਿ ਇਕੋ ਵਾਰੀ ਬਾਣੀ ਪੜ੍ਹ ਕੇ ਬਾਣੀ ਦੀ ਰੰਗਤ ਵਿਚ ਰੰਗਿਆ ਜਾ ਸਕੇ।

(ਅ) ਵਿਕਾਰਾਂ ਦੀ ਮੈਲ ਜੋ ਹਰ ਸਮੇਂ ਸਾਡੇ ਹਿਰਦੇ 'ਤੇ ਪੈ ਰਹੀ ਹੈ ਉਹ ਪ੍ਰਭੂ ਦੀ ਉਸਤਤਿ ਰੂਪ ਬਾਣੀ ਸੁਣਨ ਪੜ੍ਹਨ ਨਾਲ ਹੀ ਉਤਰ ਸਕਦੀ ਹੈ।

**ਪ੍ਰਸ਼ਨ 66. ਸਤਿ-ਸੰਗਤਿ ਕਿਸ ਨੂੰ ਕਹਿੰਦੇ ਹਨ?**

**ਉੱਤਰ** : ਸਤਿ-ਸੰਗਤਿ ਉਸ ਇਕੱਠ ਦਾ ਨਾਮ ਹੈ ਜਿਥੇ ਕੇਵਲ ਪ੍ਰਭੂ ਦੇ ਨਾਮ ਦੀ ਹੀ ਚਰਚਾ ਹੋਵੇ।

**ਪ੍ਰਸ਼ਨ 67. ਮਨੁੱਖਾ ਜੀਵਨ ਦੇ ਸੰਸਕਾਰ ਕਿਵੇਂ ਬਣਦੇ ਹਨ?**

**ਉੱਤਰ** : (ੳ) ਮਾਤਾ ਪਿਤਾ ਤੋਂ—ਜਦੋਂ ਬੱਚਾ ਗਰਭ ਵਿਚ ਹੁੰਦਾ ਹੈ।
(ਅ) ਸੰਗਤ ਤੋਂ—ਸਮਾਜ ਵਿਚ ਜਿਹਨਾਂ ਨਾਲ ਮੇਲ-ਮਿਲਾਪ ਹੁੰਦਾ ਹੈ।
(ੲ) ਨਿੱਜੀ ਅਨੁਭਵ ਜਾਂ ਤਜਰਬੇ ਤੋਂ।

**ਪ੍ਰਸ਼ਨ 68. ਗੁਰਬਾਣੀ ਵਿਚ 'ਸੰਤ' ਪਦ ਦਾ ਕੀ ਅਰਥ ਹੈ?**

**ਉੱਤਰ** : ਇਕ ਵਿਸ਼ੇਸ਼ ਅੰਤਰਮੁਖੀ ਜਾਂ ਆਤਮਿਕ ਰਹਿਤ ਦੇ ਧਾਰਨੀ ਮਨੁੱਖ ਲਈ ਗੁਰਬਾਣੀ ਵਿਚ 'ਸੰਤ' ਪਦ ਵਰਤਿਆ ਗਿਆ ਹੈ।

**ਪ੍ਰਸ਼ਨ 69. ਕੀ ਗੁਰੂ ਕਾਲ ਦੇ 239 ਸਾਲਾਂ ਦੇ ਸਮੇਂ ਵਿਚ ਕਿਸੇ ਵਿਅਕਤੀ ਨੇ ਆਪਣੇ ਨਾਮ ਨਾਲ ਸੰਤ ਪਦ ਦੀ ਵਰਤੋਂ ਕੀਤੀ ਹੈ?**

**ਉੱਤਰ** : ਨਹੀਂ।

**ਪ੍ਰਸ਼ਨ 70. ਗੁਰਬਾਣੀ ਵਿਚ ਸੰਤ, ਸਾਧ, ਬ੍ਰਹਮਗਿਆਨੀ ਆਦਿ ਸਾਰੇ ਸ਼ਬਦ ਆਮ ਕਰਕੇ ਕਿਸ ਵੱਲ ਸੰਕੇਤ ਕਰਦੇ ਹਨ?**

**ਉੱਤਰ** : ਸਤਿਗੁਰੂ ਵੱਲ।

**ਪ੍ਰਸ਼ਨ 71. 'ਸੇਵਾ' ਨਾਲ ਪ੍ਰਭੂ ਦੀ ਦਰਗਾਹ ਵਿਚ ਮਾਣ ਵਾਲਾ ਸਥਾਨ ਪ੍ਰਾਪਤ ਹੁੰਦਾ ਹੈ। ਗੁਰਬਾਣੀ ਪ੍ਰਮਾਣ ਲਿਖੋ।**

**ਉੱਤਰ** : ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ।
ਕਹੁ ਨਾਨਕ ਬਾਹ ਲੁਡਾਈਐ॥ ੪॥ ੩੩॥ *(ਪੰਨਾ ੨੬)*

**ਪ੍ਰਸ਼ਨ 72. ਪਰਮਾਤਮਾ ਦੀ ਸੇਵਾ ਕਰਨ ਤੋਂ ਕੀ ਭਾਵ ਹੈ?**

**ਉੱਤਰ** : (ੳ) ਪਰਮਾਤਮਾ ਦਾ ਨਾਮ ਜਪਣਾ।
ਹਰਿ ਕੀ ਟਹਲ ਕਮਾਵਣੀ, ਜਪੀਐ ਪ੍ਰਭ ਕਾ ਨਾਮੁ॥
(ਅ) ਪਰਮਾਤਮਾ ਦੀ ਪੈਦਾ ਕੀਤੀ ਖ਼ਲਕਤ ਦੀ ਸੇਵਾ।

**ਪ੍ਰਸ਼ਨ 73. 'ਦੇਗ ਤੇਗ ਫ਼ਤਹ' ਦਾ ਕੀ ਭਾਵ ਹੈ?**

**ਉੱਤਰ** : ਲੰਗਰ ਚਲਦਾ ਰਹੇ ਅਤੇ ਤਲਵਾਰ ਦੁਆਰਾ ਫ਼ਤਹਿ ਪ੍ਰਾਪਤ ਹੋਵੇ ਅਤੇ ਅਨਾਥਾਂ ਦਾ ਪਾਲਣ ਅਰ ਦੁਸ਼ਟਾਂ ਦਾ ਨਾਸ਼ ਹੋਵੇ।

**ਪ੍ਰਸ਼ਨ 74. ਕੀ ਕੀਰਤਨ ਦੇ ਵਿਚ ਵਿਆਖਿਆ ਕਰਨੀ ਠੀਕ ਹੈ?**

**ਉੱਤਰ** : ਕੀਰਤਨ ਦੇ ਵਿਚ ਵਿਆਖਿਆ ਕਰਨੀ ਠੀਕ ਨਹੀਂ। ਕੀਰਤਨ ਦੀ ਸਮਾਪਤੀ ਉਪਰੰਤ ਸ਼ਬਦ ਦੀ ਵੀਚਾਰ ਕੀਤੀ ਜਾ ਸਕਦੀ ਹੈ।



**ਪ੍ਰਸ਼ਨ 75. 'ਅਰਦਾਸ' ਕਿਸ ਨੂੰ ਕਹਿੰਦੇ ਹਨ?**

**ਉੱਤਰ** : (ੳ) ਮਨੁੱਖੀ ਆਤਮਾ ਦਾ ਆਪਣੇ ਸੋਮੇ ਪਰਮਾਤਮਾ ਵੱਲ ਰੁਖ ਕਰਨਾ।
(ਅ) ਪਰਮਾਤਮਾ ਨਾਲ ਮਿਲਣ ਦੀ ਜਾਂ ਅੰਦਰਲੀ ਉਮੰਗ ਦਾ ਨਾਮ ਅਰਦਾਸ ਹੈ।

**ਪ੍ਰਸ਼ਨ 76. ਜਥੇਬੰਦੀ ਤੋਂ ਕੀ ਭਾਵ ਹੈ?**

**ਉੱਤਰ** : ਐਸਾ ਸੰਗਠਨ ਜਿਸ ਵਿਚ ਮੈਂਬਰਾਂ ਦੇ ਨਿੱਜੀ ਵਿਚਾਰ ਕੁਝ ਵੀ ਹੋਣ, ਸਾਰੇ ਮੈਂਬਰਾਂ ਨੂੰ ਨਾਲ ਮਿਲਾ ਕੇ ਸਭ ਦੇ ਭਲੇ ਲਈ ਕੰਮ ਕਰਨ ਦਾ ਨਾਮ, ਜਥੇਬੰਦੀ ਹੈ।

**ਪ੍ਰਸ਼ਨ 77. ਜਥੇਬੰਦੀ ਨੂੰ ਕਾਇਮ ਰੱਖਣ ਲਈ ਤਿੰਨ ਮੁੱਖ ਲੋੜਾਂ ਕਿਹੜੀਆਂ ਹਨ?**

**ਉੱਤਰ** : (ੳ) ਚੰਗੇ ਆਦਰਸ਼ (ਅ) ਚੰਗੇ ਲੀਡਰ (ੲ) ਕੁਰਬਾਨੀ ਦੀ ਭਾਵਨਾ।

**ਪ੍ਰਸ਼ਨ 78. 'ਕੁਰਬਾਨੀ' ਤੋਂ ਕੀ ਭਾਵ ਹੈ?**

**ਉੱਤਰ** : ਕਿਸੇ ਵਿਅਕਤੀ ਦਾ ਕਿਸੇ ਉੱਚੇ ਆਦਰਸ਼ ਲਈ ਆਪਣੇ ਆਪ ਨੂੰ ਨਿਛਾਵਰ ਕਰ ਦੇਣਾ।

**ਪ੍ਰਸ਼ਨ 79. ਸ਼ੈਕਸਪੀਅਰ ਨੇ ਕਾਇਰਾਂ ਤੇ ਸੂਰਬੀਰਾਂ ਬਾਰੇ ਕੀ ਵਿਚਾਰ ਦਿੱਤੇ ਹਨ?**

**ਉੱਤਰ** : ਕਾਇਰ ਆਦਮੀ ਮਰਨ ਤੋਂ ਪਹਿਲਾਂ ਕਈ ਵਾਰ ਮਰਦੇ ਹਨ ਪਰ ਸੂਰਬੀਰ ਕੇਵਲ ਇਕੋ ਵਾਰ ਮਰਦੇ ਹਨ।

**ਪ੍ਰਸ਼ਨ 80. ਗੁਰਬਾਣੀ ਪ੍ਰਮਾਣ ਲਿਖੋ, ਜਿਸ ਤੋਂ ਪਤਾ ਲੱਗੇ ਕਿ ਮਨੁੱਖ ਨੂੰ ਬਾਕੀ ਜੂਨਾਂ ਨਾਲੋਂ ਉੱਚੀ ਪੱਧਰ ਦਾ ਮੰਨਿਆ ਗਿਆ ਹੈ?**

**ਉੱਤਰ** : ਅਵਰ ਜੋਨਿ ਤੇਰੀ ਪਨਿਹਾਰੀ॥
ਇਸੁ ਧਰਤੀ ਮਹਿ ਤੇਰੀ ਸਿਕਦਾਰੀ॥ (ਪੰਨਾ ੩੭੪)

**ਪ੍ਰਸ਼ਨ 81. 'ਨਿਸ਼ਾਨ' ਕਿਹੜੀ ਭਾਸ਼ਾ ਦਾ ਸ਼ਬਦ ਹੈ ਤੇ ਇਸ ਦੇ ਕੀ ਅਰਥ ਹਨ?**

**ਉੱਤਰ** : 'ਨਿਸ਼ਾਨ' ਫਾਰਸੀ ਭਾਸ਼ਾ ਦਾ ਸ਼ਬਦ ਹੈ ਜਿਸਦਾ ਅਰਥ ਹੈ ਝੰਡਾ, ਚਿੰਨ੍ਹ ਜਾਂ ਧ੍ਵਜ।

**ਪ੍ਰਸ਼ਨ 82. ਖ਼ਾਲਸੇ ਦੀ ਚੜ੍ਹਦੀ ਕਲਾ ਦੇ ਪ੍ਰਤੀਕ ਨਿਸ਼ਾਨ ਸਾਹਿਬ ਦੀ ਸ਼ਾਨ ਨੂੰ ਕਿਹੜੀਆਂ ਚਾਰ ਚੀਜ਼ਾਂ, ਚਾਰ ਚੰਨ ਲਾਉਂਦੀਆਂ ਹਨ?**

**ਉੱਤਰ** : (ੳ) ਦੋ-ਧਾਰਾ ਖੰਡਾ (ਅ) ਚੱਕਰ (ੲ) ਦੋ ਕਿਰਪਾਨਾਂ (ਸ) ਕੇਸਰੀ (ਬਸੰਤੀ) ਰੰਗ ਦਾ ਫਰੇਰਾ।

**ਪ੍ਰਸ਼ਨ 83. "ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ" ਤੋਂ ਕੀ ਭਾਵ ਹੈ?**

**ਉੱਤਰ** : ਖ਼ਾਲਸਾ 'ਵਾਹਿਗੁਰੂ' ਦਾ ਹੈ ਤੇ ਖ਼ਾਲਸੇ ਦੀ ਫ਼ਤਹਿ ਵੀ 'ਵਾਹਿਗੁਰੂ' ਦੀ ਹੀ ਹੈ।

**ਪ੍ਰਸ਼ਨ 84. ਖ਼ਾਲਸਾ ਕੌਣ ਹੈ?**

ਉੱਤਰ : ਉਹ ਗੁਰਸਿੱਖ, ਜਿਸਦਾ ਸਿੱਧਾ ਸੰਬੰਧ ਅਕਾਲ ਪੁਰਖ ਨਾਲ ਜੁੜਿਆ ਹੋਇਆ ਹੈ।

**ਪ੍ਰਸ਼ਨ 85. ਜੈਕਾਰੇ ਵਿਚ ਆਏ 'ਸਤਿ ਸ੍ਰੀ ਅਕਾਲ' ਦੇ ਕੀ ਅਰਥ ਹਨ?**

ਉੱਤਰ : ਵਾਹਿਗੁਰੂ ਸਤਿ, ਸਦੀਵੀ ਤੇ ਕਾਲ ਰਹਿਤ ਹੈ।

**ਪ੍ਰਸ਼ਨ 86. ਸਿੱਖ ਧਰਮ ਵਿਚ ਸਤਿਗੁਰਾਂ ਨੇ ਜੋ ਸੂਰਬੀਰਤਾ ਦਿੱਤੀ ਹੈ, ਉਸ ਦੇ ਦੋ ਪਹਿਲੂ ਕਿਹੜੇ-ਕਿਹੜੇ ਹਨ?**

ਉੱਤਰ : (ੳ) ਅੰਦਰਲੇ ਸ਼ਤਰੂਆਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਉਤੇ ਜਿੱਤ ਪ੍ਰਾਪਤ ਕਰਨੀ।

(ਅ) ਬਾਹਰਮੁਖੀ ਸ਼ਤਰੂਆਂ (ਜ਼ਾਲਮਾਂ) ਉੱਪਰ ਫ਼ਤਹਿ ਪ੍ਰਾਪਤ ਕਰਨੀ।

**ਪ੍ਰਸ਼ਨ 87. ਮਨ ਨੂੰ ਕਾਬੂ ਕਰਨ ਦਾ ਕੀ ਵਸੀਲਾ ਹੈ?**

ਉੱਤਰ : ਪ੍ਰਭੂ ਭਗਤੀ (ਨਾਮ ਸਿਮਰਨ), ਸਤਿਸੰਗ, ਸੇਵਾ ਅਤੇ ਅਰਦਾਸ ਰਾਹੀਂ ਮਨ ਨੂੰ ਕਾਬੂ ਕੀਤਾ ਜਾ ਸਕਦਾ ਹੈ।

**ਪ੍ਰਸ਼ਨ 88. ਸਿੱਖ ਅੰਦਰ ਉਹ ਕਿਹੜੇ ਦੋ ਗੁਣ ਹਨ ਜਿਨ੍ਹਾਂ ਕਰਕੇ ਸਿੱਖ ਮੁਕੰਮਲ ਇਨਸਾਨ ਬਣ ਸਕਦਾ ਹੈ?**

ਉੱਤਰ : (ੳ) ਭਗਤੀ (ਅ) ਸ਼ਕਤੀ।

**ਪ੍ਰਸ਼ਨ 89. ਮਨੁੱਖ ਦੀ ਬਣਤਰ ਦੇ ਵਿਸ਼ੇਸ਼ ਭਾਗ ਕਿਹੜੇ ਹਨ?**

ਉੱਤਰ : (ੳ) ਸਰੀਰ (ਅ) ਮਨ (ੲ) ਆਤਮਾ।

**ਪ੍ਰਸ਼ਨ 90. ਚੜ੍ਹਦੀ ਕਲਾ ਤੋਂ ਕੀ ਭਾਵ ਹੈ?**

ਉੱਤਰ : ਚੜ੍ਹਦੀ ਕਲਾ ਦਾ ਅਰਥ ਹੈ ਵਾਹਿਗੁਰੂ ਨਾਲ ਜੁੜ ਕੇ ਉਹ ਸ਼ਕਤੀ ਹਾਸਲ ਕਰਨੀ, ਜਿਸ ਸਦਕਾ ਮਨੁੱਖ ਦੁੱਖ-ਸੁਖ ਤੇ ਹਰ ਹਾਲਤ ਵਿਚ ਉਤਸ਼ਾਹੀ, ਆਸ਼ਾਵਾਦੀ ਤੇ ਦ੍ਰਿੜ੍ਹ ਵਿਸ਼ਵਾਸੀ ਹੋ ਕੇ ਆਪਣੇ ਆਦਰਸ਼ ਦੀ ਪੂਰਤੀ ਵੱਲ ਵਧਦਾ ਤੁਰਿਆ ਜਾਵੇ।

**ਪ੍ਰਸ਼ਨ 91. ਗੁਰਬਾਣੀ ਦੀ ਉਹ ਤੁਕ ਲਿਖੋ ਜਿਸ ਵਿਚ ਦੱਸਿਆ ਗਿਆ ਹੈ ਕਿ 'ਗੁਰਮੁਖ' ਵੱਡੀ ਉਮਰ ਹੋ ਜਾਣ 'ਤੇ ਵੀ ਚੜ੍ਹਦੀ ਕਲਾ ਵਿਚ ਹੀ ਰਹਿੰਦੇ ਹਨ, ਭਾਵ ਉਹ ਉਮਰ ਕਰਕੇ ਬੁੱਢੇ ਨਹੀਂ ਹੁੰਦੇ।**

ਉੱਤਰ : ਗੁਰਮੁਖਿ ਬੁਢੇ ਕਦੇ ਨਾਹੀ
ਜਿਨ੍ਹਾ ਅੰਤਰਿ ਸੁਰਤਿ ਗਿਆਨੁ॥
ਸਦਾ ਸਦਾ ਹਰਿ ਗੁਣ ਰਵਹਿ
ਅੰਤਰਿ ਸਹਜ ਧਿਆਨੁ॥ *(ਪੰਨਾ ੧੪੧੮)*



**ਪ੍ਰਸ਼ਨ 92. ਗੁਰਬਾਣੀ ਦੀ ਉਹ ਤੁਕ ਲਿਖੋ, ਜਿਸ ਵਿਚ ਦੱਸਿਆ ਗਿਆ ਹੈ ਕਿ ਮਨਮੁਖ ਜਵਾਨੀ ਵਿਚ ਵੀ ਬੁੱਢੇ ਹੁੰਦੇ ਹਨ।**

ਉੱਤਰ : ਮਨਮੁਖੁ ਬਾਲਕੁ ਬਿਰਧਿ ਸਮਾਨਿ ਹੈ
ਜਿਨ੍ਹਾ ਅੰਤਰਿ ਹਰਿ ਸੁਰਤਿ ਨਾਹੀ॥ (ਪੰਨਾ ੧੪੧੮)

**ਪ੍ਰਸ਼ਨ 93. 'ਦ੍ਰਿੜ੍ਹਤਾ' ਤੋਂ ਕੀ ਭਾਵ ਹੈ?**

ਉੱਤਰ : ਕਿਸੇ ਕੰਮ ਨੂੰ ਪੂਰਾ ਕਰਨ ਦਾ ਸੰਕਲਪ ਕਰਨਾ ਅਤੇ ਫੇਰ ਸੌ ਔਕੜਾਂ ਦੇ ਆਉਣ 'ਤੇ ਵੀ ਉਸ ਨੂੰ ਪੂਰਾ ਕਰਕੇ ਛੱਡਣਾ।

**ਪ੍ਰਸ਼ਨ 94. ਤਿਉਹਾਰ ਕੌਮਾਂ ਦੀ ਜਿੰਦ-ਜਾਨ ਹੁੰਦੇ ਹਨ, ਕਿਵੇਂ?**

ਉੱਤਰ : ਤਿਉਹਾਰ ਕੌਮਾਂ ਨੂੰ ਉਨ੍ਹਾਂ ਦੇ ਵਿਰਸੇ ਨਾਲ ਜੋੜ ਕੇ ਨਵੀਂ ਰੂਹ ਫੂਕਦੇ ਹੋਏ, ਜ਼ਿੰਦਾ ਰੱਖਣ ਦਾ ਕਾਰਨ ਬਣਦੇ ਹਨ।

**ਪ੍ਰਸ਼ਨ 95. ਥਿਤਾਂ ਵਾਰਾਂ ਨੂੰ ਚੰਗਾ ਮੰਦਾ ਮੰਨਣ ਵਾਲਿਆਂ ਬਾਰੇ ਗੁਰਬਾਣੀ ਦਾ ਕੀ ਫੁਰਮਾਨ ਹੈ?**

ਉੱਤਰ : ਥਿਤੀ ਵਾਰ ਸੇਵਹਿ, ਮੁਗਧ ਗਵਾਰ॥

*(ਬਿਲਾਵਲੁ, ਮਹਲਾ ੩, ਪੰਨਾ ੮੪੨)*

**ਪ੍ਰਸ਼ਨ 96. ਲੋਹੜੀ ਦਾ ਸੰਬੰਧ ਕਿਸ ਦੇਵਤੇ ਨਾਲ ਹੈ?**

ਉੱਤਰ : ਲੋਹੜੀ ਦਾ ਤਿਉਹਾਰ ਅਗਨੀ ਦੇਵਤੇ ਦੀ ਪੂਜਾ ਨਾਲ ਸੰਬੰਧਿਤ ਹੈ।

**ਪ੍ਰਸ਼ਨ 97. 'ਸਰਾਧ' ਦਾ ਕੀ ਅਰਥ ਹੈ?**

ਉੱਤਰ : (ੳ) ਪੂਰਵਜਾਂ ਨਮਿਤ ਬ੍ਰਾਹਮਣਾਂ ਨੂੰ ਦਾਨ-ਪੁੰਨ ਕਰਕੇ, ਪਿੰਡ ਭਰਵਾਣ ਅਤੇ (ਅ) ਬ੍ਰਾਹਮਣਾਂ ਦੇ ਦੱਸੇ ਕੁਝ ਵਿਸ਼ੇਸ਼ ਕਰਮਾਂ ਨੂੰ, ਪਿੱਤਰਾਂ ਨਮਿਤ ਕਰਨ ਦਾ ਨਾਮ 'ਸਰਾਧ' ਹੈ।

**ਪ੍ਰਸ਼ਨ 98. ਸਿੱਖ ਧਰਮ ਵਿਚ 'ਸਰਾਧ' ਵਰਗੇ ਫੋਕਟ ਕਰਮ ਨੂੰ ਪ੍ਰਵਾਨ ਨਹੀਂ ਕੀਤਾ ਗਿਆ, ਗੁਰਬਾਣੀ ਪ੍ਰਮਾਣ ਦਿਉ।**

ਉੱਤਰ : ਜੀਵਤ ਪਿਤਰ ਨ ਮਾਨੈ ਕੋਊ, ਮੂਏਂ ਸਿਰਾਧ ਕਰਾਹੀ॥
ਪਿਤਰ ਭੀ ਬਪੁਰੇ, ਕਹੁ, ਕਿਉ ਪਾਵਹਿ, ਕਊਆ ਕੂਕਰ ਖਾਹੀ॥

*(ਪੰਨਾ ੩੩੨)*

**ਪ੍ਰਸ਼ਨ 99. ਗੁਰਬਾਣੀ ਨੇ ਕਿਸੇ ਵੀ ਕਿਸਮ ਦਾ ਵਰਤ ਰੱਖਣ ਦਾ ਖੰਡਨ ਕੀਤਾ ਹੈ। ਗੁਰਬਾਣੀ ਦਾ ਪ੍ਰਮਾਣ ਦਿਉ।**

ਉੱਤਰ : ਛੋਡਹਿ ਅੰਨੁ, ਕਰਹਿ ਪਾਖੰਡ॥
ਨਾ ਸੋਹਾਗਨਿ, ਨਾ ਓਹਿ ਰੰਡ॥

*(ਗੌਂਡ, ਕਬੀਰ ਜੀ, ਪੰਨਾ ੮੭੩)*

**ਪ੍ਰਸ਼ਨ100. ਸੂਰਜ ਅਤੇ ਚੰਦ੍ਰਮਾ ਦੀ ਪੂਜਾ ਨਾਲ ਸੰਬੰਧਿਤ ਕਿਹੜੇ ਦਸ ਦਿਹਾੜੇ ਅਨਮਤੀਆਂ ਵਲੋਂ ਮਿੱਥੇ ਗਏ ਹਨ? ਕੀ ਗੁਰਸਿੱਖ ਦਾ ਇਹਨਾਂ ਨਾਲ ਕੋਈ ਸੰਬੰਧ ਹੈ?**

**ਉੱਤਰ** : (1) ਸੰਗਰਾਂਦ (2) ਮੱਸਿਆ (3) ਪੂਰਨਮਾਸ਼ੀ (4) ਚਾਨਣਾ ਐਤਵਾਰ (5) ਸੂਰਜ ਗ੍ਰਹਿਣ (6) ਚੰਦ ਗ੍ਰਹਿਣ (7-8) ਦੋ ਇਕਾਦਸ਼ੀਆਂ (9-10) ਦੋ ਅਸ਼ਟਮੀਆਂ।

ਗੁਰਸਿੱਖ ਦਾ ਇਹਨਾਂ ਨਾਲ ਕੋਈ ਸੰਬੰਧ ਨਹੀਂ ਹੈ।

**ਪ੍ਰਸ਼ਨ101. ਗੁਰਬਾਣੀ ਪ੍ਰਮਾਣ ਦੱਸੋ ਜਿਸ ਤੋਂ ਪਤਾ ਲੱਗੇ ਕਿ ਰਿਧੀਆਂ ਸਿੱਧੀਆਂ ਨਾਮ ਦੇ ਰਸਤੇ ਵਿਚ ਰੁਕਾਵਟ ਹਨ?**

**ਉੱਤਰ** : ਰਿਧਿ ਸਿਧਿ ਸਭੁ ਮੋਹੁ ਹੈ, ਨਾਮੁ ਨ ਵਸੈ ਮਨਿ ਆਇ॥ *(ਪੰਨਾ ੫੯੩)*

**ਪ੍ਰਸ਼ਨ102. ਕੀ ਸਿੱਖ ਗੁਰੂਆਂ ਨੇ ਕਰਾਮਾਤੀ ਹੋਣ ਦਾ ਦਾਅਵਾ ਕੀਤਾ ਹੈ ਜਾਂ ਆਪਣੇ ਤੋਂ ਕੋਈ ਬਿਪਤਾ ਟਾਲਣ ਲਈ ਕਰਾਮਾਤ ਵਿਖਾਈ ਹੈ?**

**ਉੱਤਰ** : ਨਹੀਂ ਜੀ।

**ਪ੍ਰਸ਼ਨ103. ਕੀ ਸਿੱਖ ਧਰਮ ਵਿਚ ਧਰਮ ਅਤੇ ਰਾਜਨੀਤੀ ਨੂੰ ਜੋੜਿਆ ਗਿਆ ਹੈ ਜਾਂ ਨਿਖੇੜਿਆ ਗਿਆ ਹੈ?**

**ਉੱਤਰ** : ਜੋੜਿਆ ਗਿਆ ਹੈ।

**ਪ੍ਰਸ਼ਨ104. ਕਿਰਤ ਕਰਕੇ ਵੰਡ ਛਕਣ ਦੇ ਉਪਦੇਸ਼ ਬਾਰੇ ਗੁਰਬਾਣੀ ਪ੍ਰਮਾਣ ਦੱਸੋ।**

**ਉੱਤਰ** : ਘਾਲਿ ਖਾਇ, ਕਿਛੁ ਹਥਹੁ ਦੇਇ॥

ਨਾਨਕ, ਰਾਹੁ ਪਛਾਣਹਿ ਸੇਇ॥ *(ਸਾਰੰਗ, ਮਹਲਾ ੧, ਪੰਨਾ ੧੨੪੫)*

**ਪ੍ਰਸ਼ਨ105. 'ਕਿਰਤ ਕਰਨ' ਤੇ 'ਨਾਮ ਜਪਣ' ਵਿਚ ਆਪਸੀ ਸਾਂਝ ਕਿਹੜੀ ਹੈ?**

**ਉੱਤਰ** : 'ਕਿਰਤ' ਵਸੀਲਾ ਹੈ ਜੀਵਨ ਨਿਰਬਾਹ ਦਾ।

ਤੇ ਮਨੁੱਖਾ ਜੀਵਨ ਦਾ ਨਿਸ਼ਾਨਾ 'ਨਾਮ ਜਪਣਾ' ਹੈ।

**ਪ੍ਰਸ਼ਨ106. ਗੁਰਮਤਿ ਵਿਚ ਦਾਨ ਦੀ ਪ੍ਰਣਾਲੀ ਨੂੰ ਪ੍ਰਵਾਨ ਕਿਉਂ ਨਹੀਂ ਕੀਤਾ ਗਿਆ?**

**ਉੱਤਰ** : ਦਾਨ ਦੀ ਪ੍ਰਣਾਲੀ, ਦਾਨ ਦੇਣ ਤੇ ਲੈਣ ਵਾਲਿਆਂ ਦੋਹਾਂ ਲਈ, ਹਾਨੀਕਾਰਕ ਹੈ। 'ਦਾਨੀ' ਅੰਦਰ ਹਉਮੈ ਪੈਦਾ ਹੁੰਦੀ ਹੈ ਤੇ ਲੈਣ ਵਾਲੇ ਅੰਦਰ ਆਤਮਹੀਣਤਾ ਦੀ ਭਾਵਨਾ।

**ਪ੍ਰਸ਼ਨ107. ਗੁਰਮਤਿ ਵਿਚ 'ਦਾਨ' ਦੀ ਥਾਂ ਕਿਸ 'ਰੀਤੀ' ਨੂੰ ਪ੍ਰਵਾਨਗੀ ਦਿੱਤੀ ਗਈ ਹੈ?**

**ਉੱਤਰ** : ਦਸਵੰਧ ਦੀ ਰੀਤੀ ਨੂੰ।



**ਪ੍ਰਸ਼ਨ108. ਗੁਰੂ ਸਾਹਿਬ ਵਲੋਂ ਦੱਸੇ ਗਏ ਸਮਾਜਵਾਦ ਦੀ ਨੀਂਹ ਕਿਸ ਅਸੂਲ 'ਤੇ ਨਿਰਭਰ ਹੈ?**

**ਉੱਤਰ** : ਗੁਰੂ ਸਾਹਿਬ ਵਲੋਂ ਦੱਸੇ ਗਏ ਸਮਾਜਵਾਦ ਦੀ ਨੀਂਹ, ਬਿਨਾਂ ਕਿਸੇ ਲੁੱਟ ਖਸੁੱਟ ਤੇ ਖ਼ੂਨ ਖਰਾਬੇ ਦੇ, ਕਿਸੇ ਕੋਲੋਂ ਬਗੈਰ ਕੁਝ ਖੋਹੇ, ਆਪਣੇ ਕੋਲੋਂ ਕੁਝ ਦੇ ਕੇ, 'ਹਥਹੁ ਦੇ ਕੇ ਭਲਾ ਮਨਾਵੈ' ਦੇ ਅਸੂਲ 'ਤੇ ਨਿਰਭਰ ਹੈ।

**ਪ੍ਰਸ਼ਨ109. ਸਾਇੰਸ ਤੇ ਧਰਮ ਵਿਚ ਕੀ ਅੰਤਰ ਹੈ?**

**ਉੱਤਰ** : 'ਸਾਇੰਸ' ਕੁਦਰਤ ਦਾ ਗਿਆਨ ਦਿੰਦੀ ਹੈ ਤੇ 'ਧਰਮ' ਕੁਦਰਤ ਨੂੰ ਬਣਾਉਣ ਵਾਲੇ ਕਾਦਰ ਦਾ।

**ਪ੍ਰਸ਼ਨ110. ਕੀ 'ਸਾਇੰਸ' ਅਦ੍ਰਿਸ਼ਟ ਤੇ ਅਗੰਮ ਦਾ ਭੇਦ ਪਾ ਸਕੀ ਹੈ?**

**ਉੱਤਰ** : ਨਹੀਂ ਜੀ।

**ਪ੍ਰਸ਼ਨ111. ਸਿਨਮੇ ਦੀ ਕਾਢ ਮਾੜੀ ਹੈ ਜਾਂ ਇਸਦੀ ਗ਼ਲਤ ਵਰਤੋਂ?**

**ਉੱਤਰ** : 'ਕਾਢ' ਮਾੜੀ ਨਹੀਂ, ਇਸ ਦੀ ਗ਼ਲਤ ਵਰਤੋਂ ਮਾੜੀ ਹੈ।

**ਪ੍ਰਸ਼ਨ112. ਸਿੱਖਾਂ ਨੂੰ ਸਿਨੇਮਾ ਵੇਖਣ ਤੋਂ ਕਿਉਂ ਵਰਜਿਆ ਜਾਂਦਾ ਹੈ?**

**ਉੱਤਰ** : ਕਿਉਂਕਿ ਜ਼ਿਆਦਾਤਰ ਫ਼ਿਲਮਾਂ ਕਾਮ ਉਕਸਾਊ ਤੇ ਨੀਵਾਣ ਵਾਲੇ ਪਾਸੇ ਲਿਜਾਣ ਵਾਲੀਆਂ ਹੀ ਬਣਾਈਆਂ ਤੇ ਵਿਖਾਈਆਂ ਜਾਂਦੀਆਂ ਹਨ।

**ਪ੍ਰਸ਼ਨ113. ਕੀ ਸਿਨੇਮੇ ਦੀ ਵਰਤੋਂ ਸਿੱਖੀ ਪ੍ਰਚਾਰ ਲਈ ਕੀਤੀ ਜਾ ਸਕਦੀ ਹੈ?**

**ਉੱਤਰ** : ਆਧੁਨਿਕ ਢੰਗ ਦੁਆਰਾ ਸਿੱਖੀ ਦੇ ਪ੍ਰਚਾਰ ਲਈ ਸਿਨੇਮੇ ਦੀ ਵਰਤੋਂ ਕੇਂਦਰੀ ਜਥੇਬੰਦੀ ਦੀ ਦੇਖ-ਰੇਖ ਹੇਠ ਕੀਤੀ ਜਾ ਸਕਦੀ ਹੈ ਜੇ ਸੁਚੱਜੇ ਢੰਗ ਨਾਲ ਉੱਚੇ ਵਿਚਾਰਾਂ ਵਾਲੀਆਂ ਫਿਲਮਾਂ ਬਣਾਈਆਂ ਜਾਣ।

**ਪ੍ਰਸ਼ਨ114. ਸ੍ਰਿਸ਼ਟੀ ਦੀ ਰਚਨਾ ਬਾਰੇ ਕੌਣ ਜਾਣਦਾ ਹੈ?**

**ਉੱਤਰ** : ਕੇਵਲ ਪਰਮਾਤਮਾ, ਜਿਸ ਨੇ ਇਹ ਸ੍ਰਿਸ਼ਟੀ ਰਚੀ ਹੈ।

**ਪ੍ਰਸ਼ਨ115. 'ਮੌਤ' ਕਿਸ ਨੂੰ ਆਖਦੇ ਹਨ?**

**ਉੱਤਰ** : ਸਰੀਰ ਤੇ ਆਤਮਾ ਦੇ ਵਿਛੋੜੇ ਦਾ ਨਾਮ 'ਮੌਤ' ਹੈ।

**ਪ੍ਰਸ਼ਨ116. ਖਾਲੀ ਥਾਂ ਭਰੋ :**

**ਇਹ ਮਨੁ..........ਤਤੁ ਤੇ ਜਨਮਾ॥**

**ਉੱਤਰ** : ਪੰਚ।

**ਪ੍ਰਸ਼ਨ117. ਗੁਰਮਤਿ ਵਿਚ 'ਸਵਰਗ' ਦੇ ਕੀ ਅਰਥ ਹਨ?**

**ਉੱਤਰ** : ਜੀਵ-ਆਤਮਾ ਦਾ ਆਪਣੇ ਅਸਲ ਟਿਕਾਣੇ ਪਰਮਾਤਮਾ ਵਿਚ ਸਮਾ ਜਾਣਾ।

**ਪ੍ਰਸ਼ਨ118. ਗੁਰਮਤਿ ਵਿਚ 'ਨਰਕ' ਦੇ ਕੀ ਅਰਥ ਹਨ?**

**ਉੱਤਰ** : ਜੀਵ-ਆਤਮਾ ਦਾ ਅਕਾਲ ਪੁਰਖ ਤੋਂ ਵਿਛੜ ਕੇ ਵੱਖੋ-ਵੱਖਰੀਆਂ ਜੂਨਾਂ ਵਿਚ ਬਾਰ-ਬਾਰ ਭਟਕਣਾ।

**ਪ੍ਰਸ਼ਨ119. ਗੁਰਮਤਿ ਅਨੁਸਾਰ 'ਮੁਕਤੀ' ਦਾ ਕੀ ਭਾਵ ਹੈ?**

**ਉੱਤਰ** : (ੳ) ਇਸ ਦੁਨੀਆਂ ਵਿਚ ਰਹਿੰਦੇ ਹੋਏ ਮਾਇਆ ਦੇ ਪ੍ਰਭਾਵ ਤੋਂ ਸੁਤੰਤਰ ਰਹਿ ਕੇ ਸਹਿਜ ਅਵਸਥਾ ਵਿਚ ਨਿਵਾਸ ਕਰਨਾ।

(ਅ) ਜੀਵ ਪੰਧ ਦੇ ਖ਼ਤਮ ਹੋਣ 'ਤੇ ਪਰਮਾਤਮਾ ਵਿਚ ਸਦੀਵ ਕਾਲ ਲਈ ਲੀਨ ਹੋ ਜਾਣਾ; ਭਾਵ, ਆਵਾਗਉਣ ਦੇ ਬੰਧਨਾਂ ਦਾ ਟੁੱਟ ਜਾਣਾ।

**ਪ੍ਰਸ਼ਨ120. ਕੀ ਮਨੁੱਖ ਨੂੰ ਆਪਣੇ ਕਰਮਾਂ ਦਾ ਫਲ ਭੋਗਣਾ ਪੈਂਦਾ ਹੈ?**

**ਉੱਤਰ** : ਹਾਂ ਜੀ।

**ਪ੍ਰਸ਼ਨ121. ਮਨੁੱਖ ਜੋ ਵੀ ਕਰਮ ਕਰਦਾ ਹੈ ਉਹ ਕਿਸ ਦੇ ਹੁਕਮ ਵਿਚ ਕਰਦਾ ਹੈ?**

**ਉੱਤਰ** : ਪਰਮਾਤਮਾ ਦੇ।

**ਪ੍ਰਸ਼ਨ122. ਮਨੁੱਖ ਨੂੰ ਮਾੜੇ ਕਰਮਾਂ ਦੀ ਸਜ਼ਾ ਕਿਸ ਦੇ ਹੁਕਮ ਵਿਚ ਮਿਲਦੀ ਹੈ?**

**ਉੱਤਰ** : ਪਰਮਾਤਮਾ ਦੇ।

**ਪ੍ਰਸ਼ਨ123. ਕੀ ਮਨੁੱਖ ਦੇ ਕੀਤੇ ਹੋਏ ਕਰਮਾਂ ਦਾ ਫਲ ਨਾਸ (ਦਗਧ) ਹੋ ਸਕਦਾ ਹੈ?**

**ਉੱਤਰ** : ਜੇ ਮਨੁੱਖ ਸੱਚੇ ਦਿਲੋਂ ਪਰਮਾਤਮਾ ਦੀ ਸ਼ਰਨ ਵਿਚ ਆ ਜਾਵੇ, ਕੀਤੇ ਹੋਏ ਕਰਮਾਂ ਸੰਬੰਧੀ ਪਛਤਾਵਾ ਕਰੇ ਤੇ ਪ੍ਰਭੂ ਦਾ ਨਾਮ ਜਪੇ ਤਾਂ ਮਨੁੱਖ ਦੇ ਕੀਤੇ ਕਰਮ ਤੇ ਉਹਨਾਂ ਦਾ ਫਲ ਪਰਮਾਤਮਾ ਦਗਧ (ਨਾਸ਼) ਕਰ ਸਕਦਾ ਹੈ।

**ਪ੍ਰਸ਼ਨ124. ਕੀ ਭਾਗ ਜਾਂ ਕਿਸਮਤ ਦਾ ਅਰਥ ਇਹ ਹੈ ਕਿ ਮਨੁੱਖ ਪੁਰਸ਼ਾਰਥ ਹੀਣ ਹੋ ਜਾਵੇ?**

**ਉੱਤਰ** : ਨਹੀਂ ਜੀ। ਮਨੁੱਖ ਦੇ ਇਰਾਦੇ, ਬੁੱਧੀ ਤੇ ਉਦਮ ਵਿਚ ਪਰਮਾਤਮਾ ਦੀ ਮਰਜ਼ੀ ਸ਼ਾਮਲ ਹੈ। ਇਸ ਲਈ ਉਦਮ ਕਰਨਾ ਮਨੁੱਖ ਦਾ ਫ਼ਰਜ਼ ਹੈ, ਉਦਮ ਨੂੰ ਭਾਗ ਲਾਉਣਾ ਪਰਮਾਤਮਾ 'ਤੇ ਨਿਰਭਰ ਕਰਦਾ ਹੈ।



**ਪ੍ਰਸ਼ਨ125. ਗੁਰਮਤਿ ਅਨੁਸਾਰ ਪਾਪ ਤੇ ਪੁੰਨ ਕੀ ਹੈ?**

**ਉੱਤਰ** : ਉਹ ਕਰਮ ਜੋ ਸਾਨੂੰ ਪ੍ਰਭੂ ਨਾਲ ਜੋੜਦਾ ਹੈ ਤੇ ਉਸ ਵਿਚ ਲੀਨ ਕਰਦਾ ਹੈ, ਉਹ ਪੁੰਨ ਹੈ।

ਉਹ ਕਰਮ, ਜੋ ਸਾਨੂੰ ਪ੍ਰਭੂ ਤੋਂ ਤੋੜਦਾ ਤੇ ਉਸ ਨਾਲੋਂ ਵਿਛੋੜਦਾ ਹੈ, ਉਹ ਪਾਪ ਹੈ।

**ਪ੍ਰਸ਼ਨ126. ਅਕਾਲ ਪੁਰਖ ਦੇ ਭਾਣੇ ਨੂੰ ਮੰਨਣ ਦਾ ਕੀ ਅਰਥ ਹੈ?**

**ਉੱਤਰ** : ਉਹ ਕੰਮ ਕਰਨੇ ਜੋ ਅਕਾਲ ਪੁਰਖ ਨੂੰ ਭਾਉਂਦੇ ਹੋਣ। ਅਕਾਲ ਪੁਰਖ ਦੇ ਸੁਭਾਅ ਅਨੁਸਾਰ ਆਪਣਾ ਸੁਭਾਅ ਬਣਾਉਣਾ।

**ਪ੍ਰਸ਼ਨ127. ਰੱਬੀ ਦਰਬਾਰ ਵਿਚ ਕਿਹਨਾਂ ਨੂੰ ਬਖਸ਼ਿਆ ਜਾਂਦਾ ਹੈ?**

**ਉੱਤਰ** : ਜੋ ਆਪਣੀ ਸਾਰੀ ਤਾਕਤ ਔਗੁਣਾਂ ਵਿਰੁੱਧ ਲੜਨ ਤੇ ਔਗੁਣਾਂ ਤੋਂ ਛੁਟਕਾਰਾ ਪਾਉਣ ਲਈ ਲਾ ਦਿੰਦੇ ਹਨ ਤੇ ਸੱਚੇ ਮਾਰਗ 'ਤੇ ਚੱਲਣ ਲੱਗ ਜਾਂਦੇ ਹਨ।

**ਪ੍ਰਸ਼ਨ128. 'ਖੁਸ਼ੀ' ਕੀ ਚੀਜ਼ ਹੈ?**

**ਉੱਤਰ** : ਮਨ ਦੀ ਇਕ ਅਵਸਥਾ ਹੈ ਜੋ ਇਨਸਾਨ ਦੇ ਬਾਹਰ ਦੇ ਹਾਲਾਤ ਉਤੇ ਨਿਰਭਰ ਨਹੀਂ ਕਰਦੀ, ਸਗੋਂ ਇਨਸਾਨ ਦੇ ਅੰਦਰੋਂ ਪੈਦਾ ਹੁੰਦੀ ਹੈ।

**ਪ੍ਰਸ਼ਨ129. ਕੀ 'ਖੁਸ਼ੀ' ਹਾਸਲ ਕਰਨ ਲਈ ਮਨੁੱਖ ਦਾ ਅਮੀਰ ਹੋਣਾ ਜ਼ਰੂਰੀ ਹੈ?**

**ਉੱਤਰ** : ਅਮੀਰੀ ਦਾ 'ਖੁਸ਼ੀ' ਨਾਲ ਕੋਈ ਸੰਬੰਧ ਨਹੀਂ।

**ਨੋਟ** : **ਵਿਸਥਾਰ ਵਿਚ ਜਾਣਕਾਰੀ ਲੈਣ ਲਈ ਸਿੱਖ ਮਿਸ਼ਨਰੀ ਕਾਲਜ (ਰਜਿ:) ਲੁਧਿਆਣਾ ਵਲੋਂ ਪ੍ਰਕਾਸ਼ਿਤ ਪੁਸਤਕ 'ਸਿਖ ਧਰਮ ਫਿਲਾਸਫ਼ੀ' ਪੜ੍ਹੋ ਜੀ।**

## 3. ਸ਼ਬਦ ਗੁਰੂ

**ਪ੍ਰਸ਼ਨ 1. 'ਗੁਰੂ' ਕਿਸ ਭਾਸ਼ਾ ਦਾ ਸ਼ਬਦ ਹੈ?**

**ਉੱਤਰ** : ਗੁਰੂ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ।

**ਪ੍ਰਸ਼ਨ 2. 'ਗੁਰੂ' ਸ਼ਬਦ ਦੇ ਕੀ ਅਰਥ ਹਨ?**

**ਉੱਤਰ** : ਉਹ ਹਸਤੀ ਜੋ ਮਨੁੱਖ ਨੂੰ ਅਗਿਆਨਤਾ ਦੇ ਹਨੇਰੇ ਵਿਚੋਂ ਕੱਢ ਕੇ ਉਸ ਵਿਚ ਪ੍ਰਭੂ ਗਿਆਨ ਦਾ ਪ੍ਰਕਾਸ਼ ਕਰਦੀ ਹੈ, ਉਹ ਗੁਰੂ ਹੈ।

**ਪ੍ਰਸ਼ਨ 3. ਗੁਰੂ ਦੇ ਸਰੀਰ ਅਤੇ ਗਿਆਨ (ਸ਼ਬਦ) ਵਿਚ ਕੀ ਸੰਬੰਧ ਹੈ?**

**ਉੱਤਰ** : ਗੁਰੂ ਦਾ ਗਿਆਨ ਅਸਲ ਵਸਤੂ ਹੈ। ਸਰੀਰ ਉਸ ਗਿਆਨ ਨੂੰ ਫੈਲਾਉਣ ਦਾ ਵਸੀਲਾ (ਸਾਧਨ) ਹੈ।

**ਪ੍ਰਸ਼ਨ 4. ਮੂਲ ਮੰਤਰ ਵਿਚ ਗੁਰੂ ਨਾਨਕ ਦੇਵ ਜੀ ਨੇ ਪ੍ਰਭੂ ਨੂੰ ਮਿਲਣ ਦਾ ਤਰੀਕਾ ਕੀ ਦੱਸਿਆ ਹੈ?**

**ਉੱਤਰ** : 'ਗੁਰ ਪ੍ਰਸਾਦਿ' (ਗੁਰੂ ਦੀ ਕਿਰਪਾ)।

**ਪ੍ਰਸ਼ਨ 5. ਸਤਿਗੁਰੂ ਦੇ ਮੁੱਖ ਲੱਛਣ ਕਿਹੜੇ ਹਨ?**

**ਉੱਤਰ** : (1) ਉਹ ਆਪ ਸੱਚੇ ਪ੍ਰਭੂ ਨਾਲ ਜੁੜਿਆ ਹੁੰਦਾ ਹੈ।

(2) ਉਹ ਸੱਚੇ ਆਚਾਰ ਵਾਲਾ ਹੁੰਦਾ ਹੈ।

(3) ਉਹ ਸ਼ਾਂਤੀ ਦਾ ਪੁੰਜ ਹੈ, ਤਪਦਿਆਂ ਹਿਰਦਿਆਂ ਨੂੰ ਸ਼ਾਂਤ ਕਰਦਾ ਹੈ।

(4) ਉਹ ਆਤਮਕ ਜੀਵਨ ਦੇਣ ਵਾਲੇ ਪ੍ਰਭੂ ਨਾਮ ਦਾ ਸੋਮਾ ਹੈ।

(5) ਸਤਿਗੁਰੂ ਨਿਰਵੈਰ ਹੈ; ਪ੍ਰਾਣੀ ਮਾਤਰ ਦਾ ਭਲਾ ਚਾਹੁੰਦਾ ਹੈ।

(6) ਉਹ ਸਿੱਖ ਨੂੰ ਜੀਵਨ ਦਾ ਸੱਚ ਦ੍ਰਿੜ੍ਹ ਕਰਵਾਉਂਦਾ ਹੈ।

(7) ਸਤਿਗੁਰੂ ਸਿੱਖ ਦੀ, ਵਿਸ਼ੇ-ਵਿਕਾਰਾਂ ਤੇ ਮਾਇਆ ਦੇ ਮਾਰੂ ਹੱਲਿਆਂ ਤੋਂ ਰੱਖਿਆ ਕਰਦਾ ਹੈ।

(8) ਸਤਿਗੁਰੂ ਸਿੱਖ ਦੇ ਜੀਵਨ ਵਿਚ ਹਰ ਪਲ ਅਗਵਾਈ ਕਰਦਾ ਹੈ।

(9) ਸਤਿਗੁਰੂ ਸਿੱਖ ਨੂੰ ਅਕਾਲ ਪੁਰਖ ਨਾਲ ਮਿਲਾਉਣ ਵਾਲਾ ਹੈ।

**ਪ੍ਰਸ਼ਨ 6. ਸਿੱਖ ਧਰਮ ਵਿਚ ਗੁਰੂ ਦੀ ਪਦਵੀ ਕਿਸ ਨੂੰ ਦਿੱਤੀ ਗਈ ਹੈ?**

**ਉੱਤਰ** : ਸਿੱਖੀ ਵਿਚ ਗੁਰੂ ਦੀ ਪਦਵੀ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਤੱਕ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਿੱਤੀ ਗਈ ਹੈ।

**ਪ੍ਰਸ਼ਨ 7. ਗੁਰੂ ਨਾਨਕ ਦੇਵ ਜੀ ਦਾ 'ਗੁਰੂ' ਪਰਮਾਤਮਾ ਆਪ ਸੀ। ਇਸ ਬਾਰੇ ਉਨ੍ਹਾਂ ਦੀ ਬਾਣੀ ਦਾ ਪ੍ਰਮਾਣ ਲਿਖੋ।**

**ਉੱਤਰ** : ਅਪਰੰਪਰ ਪਾਰਬ੍ਰਹਮੁ ਪਰਮੇਸਰੁ
ਨਾਨਕ ਗੁਰੁ ਮਿਲਿਆ ਸੋਈ ਜੀਉ॥

*(ਸੋਰਠਿ, ਮਹਲਾ ੧, ਪੰਨਾ ੫੯੯)*

**ਪ੍ਰਸ਼ਨ 8. ਕੇਵਲ ਸਰੀਰ ਗੁਰੂ ਕਿਉਂ ਨਹੀਂ ਹੋ ਸਕਦਾ?**

**ਉੱਤਰ** : ਕਿਉਂਕਿ ਸਰੀਰ ਨਾਸ਼ਵਾਨ ਹੋਣ ਕਰਕੇ ਸਦੀਵੀ ਅਗਵਾਈ ਦੇਣ ਵਾਲਾ 'ਗੁਰੂ' ਦਾ ਕਰਤੱਵ ਨਹੀਂ ਨਿਭਾ ਸਕਦਾ।

**ਪ੍ਰਸ਼ਨ 9. ਆਤਮਕ ਗਿਆਨ ਕਿੱਥੋਂ ਪ੍ਰਾਪਤ ਹੋ ਸਕਦਾ ਹੈ?**

**ਉੱਤਰ** : ਆਤਮਕ ਗਿਆਨ 'ਸ਼ਬਦ ਗੁਰੂ' ਦੇ ਭੰਡਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਪਾਸੋਂ ਪ੍ਰਾਪਤ ਹੋ ਸਕਦਾ ਹੈ।



**ਪ੍ਰਸ਼ਨ 10. 'ਗੁਰੂ ਮੂਰਤਿ' ਤੋਂ ਕੀ ਭਾਵ ਹੈ? ਭਾਈ ਗੁਰਦਾਸ ਜੀ ਦੀ ਬਾਣੀ ਵਿਚੋਂ ਪ੍ਰਮਾਣ ਦੇ ਕੇ ਸਪੱਸ਼ਟ ਕਰੋ।**

**ਉੱਤਰ** : 'ਗੁਰ-ਮੂਰਤਿ' ਤੋਂ ਭਾਵ ਹੈ : ਗੁਰੂ ਦਾ ਸ਼ਬਦ। ਭਾਈ ਗੁਰਦਾਸ ਜੀ ਆਖਦੇ ਹਨ :

ਗੁਰ ਮੂਰਤਿ ਗੁਰ ਸਬਦੁ ਹੈ,
ਸਾਧ ਸੰਗਤਿ ਵਿਚ ਪਰਗਟੀ ਆਇਆ॥

*(ਵਾਰ ੨੪ : ਪਉੜੀ ੨੫)*

**ਪ੍ਰਸ਼ਨ 11. 'ਮੁਕਤੀ', ਗੁਰੂ ਦੇ ਸਰੀਰ ਨੂੰ ਦੇਖਣ ਨਾਲ ਨਹੀਂ ਹੁੰਦੀ। ਮੁਕਤੀ ਤਾਂ ਕੇਵਲ ਗੁਰੂ ਦੇ ਉਪਦੇਸ਼ ਰੂਪੀ ਸ਼ਬਦ ਦੀ ਵਿਚਾਰ ਕਰਕੇ, ਕਮਾਈ ਕਰਨ ਨਾਲ ਹੀ ਹੁੰਦੀ ਹੈ। ਇਸ ਸੰਬੰਧੀ ਗੁਰੂ ਅਮਰਦਾਸ ਜੀ ਦਾ ਪ੍ਰਮਾਣ ਲਿਖੋ।**

**ਉੱਤਰ** : ਸਤਿਗੁਰ ਨੋ ਸਭੁ ਕੋ ਵੇਖਦਾ, ਜੇਤਾ ਜਗਤੁ ਸੰਸਾਰੁ॥
ਡਿਠੈ ਮੁਕਤਿ ਨ ਹੋਵਈ, ਜਿਚਰੁ ਸਬਦਿ ਨ ਕਰੇ ਵੀਚਾਰੁ॥

*(ਪੰਨਾ ੫੯੪)*

**ਪ੍ਰਸ਼ਨ 12. "ਦਸ ਗੁਰੂ ਇਕ ਜੋਤਿ" ਵਿਚ ਜੋਤਿ ਤੋਂ ਕੀ ਭਾਵ ਹੈ?**

**ਉੱਤਰ** : ਆਤਮਕ ਪ੍ਰਕਾਸ਼ ਜਾਂ ਰੂਹਾਨੀ ਪ੍ਰਕਾਸ਼।

**ਪ੍ਰਸ਼ਨ 13. ਰਬਾਬੀ ਸੱਤਾ ਤੇ ਬਲਵੰਡ ਨੇ ਰਾਮਕਲੀ ਕੀ ਵਾਰ ਵਿਚ ਗੁਰੂ ਸਾਹਿਬਾਨ ਦੇ ਸਰੀਰ ਬਦਲਣ ਪ੍ਰੰਤੂ ਜੋਤਿ ਇਕੋ ਹੀ ਰਹਿਣ ਦਾ ਜ਼ਿਕਰ ਕਿਵੇਂ ਕੀਤਾ ਹੈ?**

**ਉੱਤਰ** : ਜੋਤਿ ਓਹਾ, ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ॥

*(ਪੰਨਾ ੯੬੬)*

**ਪ੍ਰਸ਼ਨ 14. ਨਕਲੀ ਗੁਰੂਆਂ ਤੇ ਨਕਲੀ ਸਾਧ ਸੰਤਾਂ ਦਾ ਪਾਜ ਕਿਵੇਂ ਉਘੇੜਿਆ ਜਾ ਸਕਦਾ ਹੈ?**

**ਉੱਤਰ** : ਸੱਚੇ ਗੁਰੂ ਦੇ ਸੱਚੇ ਗਿਆਨ ਦਾ ਪ੍ਰਕਾਸ਼ ਕਰਨ ਨਾਲ ਇਹ ਪਾਜ ਆਪੇ ਉਘੜ ਪਵੇਗਾ।

**ਪ੍ਰਸ਼ਨ 15. ਸਿੱਖ ਧਰਮ ਨੂੰ ਢਾਅ ਲਾਉਣ ਵਾਲੀਆਂ ਪ੍ਰਮੁੱਖ ਦੇਹਧਾਰੀ ਗੁਰੂ ਡੰਮ੍ਹ ਦੀਆਂ ਗੱਦੀਆਂ ਕਿਹੜੀਆਂ ਹਨ?**

**ਉੱਤਰ** : 1. ਰਾਧਾ ਸੁਆਮੀ 2. ਨਕਲੀ ਨਿਰੰਕਾਰੀ 3. ਨਾਮਧਾਰੀ।

**ਪ੍ਰਸ਼ਨ 16. ਦੇਹਧਾਰੀ ਗੁਰੂ ਡੰਮ੍ਹ ਤੇ ਵੱਖ-ਵੱਖ ਫਿਰਕੇਬੰਦੀਆਂ ਨਾਲ ਸਿੱਖ ਪੰਥ ਨੂੰ ਕਿਹੜੇ ਨੁਕਸਾਨ ਹੋ ਰਹੇ ਹਨ?**

**ਉੱਤਰ** : ਦੇਹਧਾਰੀ ਗੁਰੂ ਡੰਮ੍ਹ ਤੇ ਸਾਧ-ਡੰਮ੍ਹ ਤੋਂ ਸਿੱਖ ਪੰਥ ਨੂੰ ਹੇਠ ਲਿਖੇ ਨੁਕਸਾਨ ਹੋ ਰਹੇ ਹਨ :

(1) ਜਥੇਬੰਦਕ ਏਕਤਾ ਦੀ ਘਾਟ ਹੋ ਰਹੀ ਹੈ।

(2) ਗੁਰਮਤਿ ਦੇ ਪ੍ਰਚਾਰ ਵਿਚ ਘਾਟ ਆ ਰਹੀ ਹੈ।

(3) ਗੁਰਮਤਿ ਦੇ ਨਾਮ 'ਤੇ, ਗੁਰਮਤਿ ਤੋਂ ਉਲਟ ਪ੍ਰਚਾਰ ਰਾਹੀਂ ਸਿੱਖਾਂ ਨੂੰ ਕੁਰਾਹੇ ਪਾਇਆ ਜਾ ਰਿਹਾ ਹੈ।

(4) ਗੁਰਬਾਣੀ ਨਾਲ ਕੱਚੀਆਂ ਰਚਨਾਵਾਂ ਰਲਗਡ ਕੀਤੀਆਂ ਜਾ ਰਹੀਆਂ ਹਨ।

(5) ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਨੂੰ ਸੱਟ ਵੱਜ ਰਹੀ ਹੈ।

(6) ਭੋਲੇ ਭਾਲੇ ਸਿੱਖਾਂ ਨੂੰ ਭੁਲੇਖਿਆਂ ਵਿਚ ਪਾ ਕੇ ਉਨ੍ਹਾਂ ਤੋਂ ਮਾਇਆ ਠੱਗ ਕੇ ਗੁਰੂਡੰਮ੍ਹ ਦੀਆਂ ਦੁਕਾਨਾਂ ਚਲਾਈਆਂ ਜਾ ਰਹੀਆਂ ਹਨ।

**ਪ੍ਰਸ਼ਨ 17. ਦੇਹਧਾਰੀ ਗੁਰੂਡੰਮ੍ਹ ਦੇ ਪ੍ਰਚਾਰ ਨੂੰ ਠੱਲ੍ਹ ਕਿਵੇਂ ਪਾਈ ਜਾ ਸਕਦੀ ਹੈ?**

**ਉੱਤਰ** : ਗੁਰੂਡੰਮ੍ਹ ਨੂੰ ਠੱਲ੍ਹ ਪਾਉਣ ਦਾ ਇਕੋ-ਇਕ ਤਰੀਕਾ ਇਹ ਹੈ ਕਿ ਹਰ ਪ੍ਰਾਣੀ ਮਾਤਰ ਤੱਕ ਸਿੱਖੀ ਦਾ ਪ੍ਰਚਾਰ ਕੀਤਾ ਜਾਏ ਤੇ ਗੁਰਬਾਣੀ ਦੀ ਅਸਲੀਅਤ ਪ੍ਰਗਟਾਈ ਜਾਏ।

**ਪ੍ਰਸ਼ਨ 18. ਜਿਹੜਾ ਸਿੱਖ ਹੋ ਕੇ ਗਿਆਰ੍ਹਵਾਂ ਬਾਹਰਵਾਂ ਗੁਰੂ ਮੰਨਦਾ ਹੈ, ਉਸ ਨੂੰ ਕੀ ਸਮਝਣਾ ਚਾਹੀਦਾ ਹੈ?**

**ਉੱਤਰ** : ਅਜਿਹੇ ਸ਼ਖ਼ਸ ਨੂੰ ਗੁਰਮਤਿ ਤੋਂ ਉਲਟ ਚੱਲਣ ਵਾਲਾ ਮਨਮੁਖ ਅਤੇ ਸਿੱਖੀ ਤੋਂ ਬਾਗ਼ੀ ਸਮਝਿਆ ਜਾਣਾ ਚਾਹੀਦਾ ਹੈ।

**ਪ੍ਰਸ਼ਨ 19. ਕੀ ਨਾਮਧਾਰੀਆਂ ਤੋਂ ਬਿਨਾਂ ਹੋਰ ਕਿਸੇ ਨੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਕਿਸੇ ਸ਼ਖ਼ਸ ਜਾਂ ਵਿਅਕਤੀ ਨੂੰ ਗੁਰਗੱਦੀ ਦੇਣ ਬਾਰੇ ਲਿਖਿਆ ਹੈ?**

**ਉੱਤਰ** : ਨਹੀਂ ਜੀ। ਨਾਮਧਾਰੀਆਂ ਤੋਂ ਬਿਨਾਂ ਹੋਰ ਕਿਸੇ ਵਿਅਕਤੀ ਜਾਂ ਇਤਿਹਾਸਕਾਰ ਨੇ ਐਸਾ ਨਹੀਂ ਲਿਖਿਆ।

ਨੋਟ : **ਵਿਸਥਾਰ ਸਹਿਤ ਜਾਣਕਾਰੀ ਲੈਣ ਲਈ ਕਾਲਜ ਦੁਆਰਾ ਪ੍ਰਕਾਸ਼ਿਤ ਪੁਸਤਕ 'ਸ਼ਬਦ ਗੁਰੂ' ਪੜ੍ਹੋ ਜੀ।**



# 4. ਸਿਮਰਨ ਕਿਵੇਂ ਕਰੀਏ?

**ਪ੍ਰਸ਼ਨ 1. ਮਨੁੱਖ ਦੀ ਪਰਮਾਤਮਾ ਨਾਲੋਂ ਲਿਵ ਟੁੱਟ ਕੇ ਮਾਇਆ ਦਾ ਹੁਕਮ ਵਰਤ ਰਿਹਾ ਹੈ। ਇਸ ਸੰਬੰਧੀ ਅਨੰਦੁ ਸਾਹਿਬ ਦੀ ਬਾਣੀ ਵਿਚੋਂ ਗੁਰਬਾਣੀ ਪ੍ਰਮਾਣ ਲਿਖੋ।**

**ਉੱਤਰ** : ਲਿਵ ਛੁੜਕੀ, ਲਗੀ ਤ੍ਰਿਸਨਾ, ਮਾਇਆ ਅਮਰੁ ਵਰਤਾਇਆ॥
ਏਹ ਮਾਇਆ, ਜਿਤੁ ਹਰਿ ਵਿਸਰੈ, ਮੋਹੁ ਉਪਜੈ, ਭਾਉ ਦੂਜਾ ਲਾਇਆ॥
*(ਪੰਨਾ ੯੨੧)*

**ਪ੍ਰਸ਼ਨ 2. ਮਨੁੱਖੀ ਆਤਮਾ ਆਪਣੇ ਅਸਲੇ ਪਰਮਾਤਮਾ ਤੋਂ ਅਲੱਗ ਹੋ ਕੇ, ਮਾਇਆ ਦੇ ਪ੍ਰਭਾਵ ਵਿਚ ਘਿਰ ਜਾਣ ਕਰਕੇ, ਆਪਣੇ ਅਸਲੇ ਨੂੰ ਭੁੱਲ ਜਾਂਦੀ ਹੈ। ਸਤਿਗੁਰੂ ਐਸੀ ਆਤਮਾ ਨੂੰ ਕਿਵੇਂ ਟੁੰਬਦੇ ਹਨ?**

**ਉੱਤਰ** : ਮਨ ਤੂੰ ਜੋਤਿ ਸਰੂਪੁ ਹੈ, ਆਪਣਾ ਮੂਲੁ ਪਛਾਣੁ॥
*(ਆਸਾ, ਮਹਲਾ ੩, ਪੰਨਾ ੪੪੧)*

**ਪ੍ਰਸ਼ਨ 3. ਸਿਮਰਨ ਦੀ ਲੋੜ ਕਿਉਂ ਹੈ?**

**ਉੱਤਰ** : ਸਿਮਰਨ ਦੀ ਲੋੜ ਇਸ ਲਈ ਹੈ ਕਿ :

(1) ਸਾਡੀ ਰੁਚੀ ਮਾਇਆ ਵਲੋਂ ਹਟ ਸਕੇ।

(2) ਸਾਡੀ ਟੁੱਟੀ ਹੋਈ ਲਿਵ ਮੁੜ ਵਾਹਿਗੁਰੂ ਨਾਲ ਜੁੜ ਸਕੇ।

(3) ਸਾਡਾ ਵਾਹਿਗੁਰੂ ਨਾਲ ਮਿਲਾਪ ਹੋ ਸਕੇ।

(4) ਸਾਡਾ ਅੰਦਰ ਸ਼ਕਤੀਸ਼ਾਲੀ ਹੋ ਸਕੇ।

(5) ਸਾਡੀ ਜਰਨ ਸ਼ਕਤੀ ਬਲਵਾਨ ਹੋ ਸਕੇ।

(6) ਵਾਹਿਗੁਰੂ ਦੇ ਸਦਾ ਸਹਾਈ ਹੋਣ ਦਾ ਸਾਡਾ ਨਿਸਚਾ ਪੱਕਾ ਹੋ ਸਕੇ।

(7) ਸੰਸਾਰਕ ਦੁੱਖ ਸੁਖ ਤੋਂ ਉਪਰ ਉਠ ਕੇ ਸਦਾ ਚੜ੍ਹਦੀ ਕਲਾ ਵਿਚ ਰਹਿ ਸਕੀਏ।

**ਪ੍ਰਸ਼ਨ 4. ਸਿਮਰਨ ਦੀਆਂ ਜ਼ਰੂਰੀ ਲੋੜਾਂ ਕੀ ਹਨ?**

**ਉੱਤਰ** : ਸਿਮਰਨ ਕਰਨ ਲਈ ਹੇਠ ਲਿਖੀਆਂ ਪ੍ਰਮੁੱਖ ਲੋੜਾਂ ਹਨ :

(1) ਉਦਮੀ ਤੇ ਸਾਵਧਾਨ ਹੋਣਾ।

(2) ਅੰਮ੍ਰਿਤ ਵੇਲੇ ਜਾਗਣਾ ਤੇ ਨਿਤਾਪ੍ਰਤੀ ਇਸ਼ਨਾਨ ਕਰਨਾ।

(3) ਸੰਤੋਖ ਵਾਲੀ ਬਿਰਤੀ ਬਣਾਉਣੀ।

(4) ਸਤਿਗੁਰੂ ਦੇ ਸ਼ਬਦ ਦੀ ਟੇਕ ਰੱਖਣੀ ਤੇ ਅਗਵਾਈ ਪ੍ਰਾਪਤ ਕਰਨੀ।

(5) ਵਾਹਿਗੁਰੂ ਉਪਰ ਪੂਰਨ ਵਿਸ਼ਵਾਸ ਰੱਖਣਾ।

(6) ਵਾਹਿਗੁਰੂ ਨੂੰ ਸਦਾ ਅੰਗ-ਸੰਗ ਜਾਣਨਾ।

(7) ਵਾਹਿਗੁਰੂ ਦੇ ਨਿਰਮਲ ਭਉ ਵਿਚ ਰਹਿਣਾ।

(8) ਮਨੁੱਖਤਾ ਲਈ ਪਿਆਰ ਰੱਖਣਾ।

**ਪ੍ਰਸ਼ਨ 5. ਸਤਿਗੁਰੂ ਦਾ 'ਸ਼ਬਦ' ਜਗਦਾ ਦੀਵਾ ਹੈ ਜੋ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਕੇ ਗਿਆਨ ਦਾ ਪ੍ਰਕਾਸ਼ ਕਰਦਾ ਹੈ। ਇਸ ਸੰਬੰਧੀ ਗੁਰਬਾਣੀ ਪ੍ਰਮਾਣ ਲਿਖੋ :**

**ਉੱਤਰ** : ਸਤਿਗੁਰ ਸਬਦਿ ਉਜਾਰੋ ਦੀਪਾ॥
ਬਿਨਸਿਓ ਅੰਧਕਾਰ ਤਿਹ ਮੰਦਰਿ
ਰਤਨ ਕੋਠੜੀ ਖੁਲ੍ਹੀ ਅਨੂਪਾ॥ ੧॥ *(ਬਿਲਾਵਲੁ, ਮਹਲਾ ੫, ਪੰਨਾ ੮੨੧)*

**ਪ੍ਰਸ਼ਨ 6. ਮੂੜੇ ਰਾਮੁ ਜਪਹੁ ਗੁਣ ਸਾਰਿ॥ (ਪੰਨਾ ੧੯) ਤੋਂ ਕੀ ਭਾਵ ਹੈ?**

**ਉੱਤਰ** : ਇਸ ਪੰਕਤੀ ਤੋਂ ਭਾਵ ਹੈ ਕਿ ਵਾਹਿਗੁਰੂ ਦੇ ਗੁਣਾਂ ਨੂੰ ਆਪਣੇ ਅੰਦਰ ਸੰਭਾਲਦੇ ਹੋਏ ਵਾਹਿਗੁਰੂ ਦਾ ਨਾਮ ਜਪਣਾ।

**ਪ੍ਰਸ਼ਨ 7. ਧੁਨਿ ਮਹਿ ਧਿਆਨੁ, ਧਿਆਨ ਮਹਿ ਜਾਨਿਆ, ਗੁਰਮੁਖਿ ਅਕਥ ਕਹਾਨੀ॥ *(ਪੰਨਾ ੮੭੯)* ਤੋਂ ਕੀ ਭਾਵ ਹੈ?**

**ਉੱਤਰ** : ਇਸ ਤੋਂ ਭਾਵ ਹੈ ਕਿ ਪ੍ਰਭੂ ਦੀ ਸਿਫ਼ਤ-ਸਾਲਾਹ ਦੇ ਸ਼ਬਦ ਵਿਚ ਧਿਆਨ (ਸੁਰਤਿ) ਜੋੜਨ ਨਾਲ ਉਸ ਪ੍ਰਭੂ ਪਰਮਾਤਮਾ ਬਾਰੇ ਵਿਚਾਰ ਫੁਰਦਾ ਹੈ ਤੇ ਉਸਦੀ ਜਾਣ-ਪਛਾਣ ਹੁੰਦੀ ਹੈ; ਭਾਵ, ਗੁਰੂ ਦੇ ਸ਼ਬਦ ਅੰਦਰ ਧਿਆਨ ਜੋੜਨ ਨਾਲ ਪਰਮਾਤਮਾ ਨਾਲ ਸਾਂਝ ਪੈ ਜਾਂਦੀ ਹੈ। ਗੁਰੂ ਦੀ ਰਾਹੀਂ ਬੇਅੰਤ (ਅਕੱਥ) ਪ੍ਰਭੂ ਦੀ ਸਿਫ਼ਤਿ-ਸਲਾਹ ਕੀਤੀ ਜਾਂਦੀ ਹੈ।

**ਪ੍ਰਸ਼ਨ 8. ਸਿਮਰਨ ਦੀ ਪਹਿਲੀ ਪਉੜੀ ਕਿਹੜੀ ਹੈ?**

**ਉੱਤਰ** : ਗੁਰਬਾਣੀ ਨੂੰ ਵਿਚਾਰ ਸਹਿਤ ਪੜ੍ਹਨਾ, ਸੁਣਨਾ ਜਾਂ ਗਾਉਣਾ ਸਿਮਰਨ ਦੀ ਪਹਿਲੀ ਪਉੜੀ ਹੈ।

**ਪ੍ਰਸ਼ਨ 9. ਸਿਮਰਨ ਦੇ ਮੁੱਖ ਸਾਧਨ ਕਿਹੜੇ ਹਨ?**

**ਉੱਤਰ** : ਸਿਮਰਨ ਦੇ ਮੁੱਖ ਸਾਧਨ ਧਿਆਨ ਤੇ ਵਿਚਾਰ ਹਨ।

**ਪ੍ਰਸ਼ਨ 10. ਸਿਮਰਨ ਦੀ ਪਹਿਲੀ ਅਵਸਥਾ ਰਸਨਾ ਦੁਆਰਾ ਉਚਾਰਨਾ ਤੇ ਕੰਨਾਂ ਰਾਹੀਂ ਨਾਮ ਦਾ ਸੁਣਨਾ ਹੈ। ਕਿਉਂ?**

**ਉੱਤਰ** : ਕਿਸੇ ਵੀ ਸ਼ਬਦ ਦੇ ਉਚਾਰਣ ਜਾਂ ਸੁਣਨ ਤੋਂ ਮਨ ਨੂੰ ਖਿਆਲ ਮਿਲਦਾ ਹੈ ਅਤੇ ਖਿਆਲ ਤੋਂ ਵਿਚਾਰ ਉਤਪੰਨ ਹੁੰਦੀ ਹੈ, ਜਿਸ ਤੋਂ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਇਸੇ ਤਰ੍ਹਾਂ ਹੀ ਗੁਰਬਾਣੀ ਨੂੰ ਉਚਾਰਣ ਜਾਂ ਸੁਣਨ ਨਾਲ ਵੀ ਨਾਮ ਬਾਰੇ ਵਿਚਾਰ ਪੈਦਾ ਹੁੰਦੀ ਹੈ ਜਿਸ ਤੋਂ ਗਿਆਨ ਪੈਦਾ ਹੁੰਦਾ ਹੈ ਜਿਸ ਨਾਲ ਮਨੁੱਖੀ ਮਨ ਨੂੰ ਹੁਲਾਰਾ ਮਿਲਦਾ ਹੈ ਅਤੇ ਮਨ ਉਸ ਪ੍ਰੀਤਮ ਦੇ ਪ੍ਰੇਮ ਵਿਚ ਰੰਗਿਆ ਜਾਂਦਾ ਹੈ।



**ਪ੍ਰਸ਼ਨ 11. 'ਮਨਿ ਵੀਚਾਰਿ ਹਰਿ ਜਪੁ ਕਰੇ, ਹਰਿ ਦਰਗਹ ਸੀਝੈ॥'** *(ਪੰਨਾ ੧੦੯੦)* **ਤੋਂ ਕੀ ਭਾਵ ਹੈ?**

**ਉੱਤਰ** : ਇਸ ਤੋਂ ਭਾਵ ਹੈ ਕਿ ਮਨ ਵਿਚ ਪ੍ਰਭੂ ਦੇ ਗੁਣਾਂ ਦੀ ਵਿਚਾਰ ਕਰਕੇ ਬੰਦਗੀ (ਜਪ) ਕਰਨ ਨਾਲ, ਪ੍ਰਭੂ ਦੀ ਹਜ਼ੂਰੀ ਵਿਚ ਪ੍ਰਵਾਨ ਹੋਈਦਾ ਹੈ।

**ਪ੍ਰਸ਼ਨ 12. ਨਾਮ ਸਿਮਰਨ ਦੀ ਪਉੜੀ ਦੇ ਕਿਹੜੇ-ਕਿਹੜੇ ਡੰਡੇ ਹਨ?**

**ਉੱਤਰ** : ਨਾਮ ਸਿਮਰਨ ਦੀ ਪਉੜੀ ਦੇ ਪਹਿਲੇ ਸੱਤ ਡੰਡੇ ਹੇਠ ਲਿਖੇ ਹਨ :

(1) ਉਚਾਰਨਾ ਜਾਂ ਸੁਣਨਾ—ਪਰਮਾਤਮਾ ਦੇ ਗੁਣਾਂ ਨੂੰ ਉਚਾਰਨਾ ਜਾਂ ਸੁਣਨਾ।

(2) ਧਿਆਨ—ਪ੍ਰਭੂ ਦੇ ਨਾਮ (ਗੁਣਾਂ) ਵਿਚ ਸੁਰਤਿ ਜੋੜਨਾ।

(3) ਵਿਚਾਰ—ਧਿਆਨ ਤੋਂ ਵਿਚਾਰਾਂ ਦੀ ਗਹਿਰਾਈ ਵਧੇਗੀ।

(4) ਗਿਆਨ—ਇਸ ਗਹਿਰਾਈ ਤੋਂ ਤੱਤ ਗਿਆਨ ਪੈਦਾ ਹੋਵੇਗਾ।

(5) ਵਿਸਮਾਦ—ਐਸਾ ਨਿਰਮਲ ਗਿਆਨ ਸਾਡੇ ਉੱਪਰ ਅਸਚਰਜਤਾ ਦੀ ਦਸ਼ਾ ਤਾਰੀ ਕਰੇਗਾ।

(6) ਪਿਆਰ—ਵਿਸਮਾਦੀ ਦਸ਼ਾ ਪ੍ਰਭੂ ਪਿਆਰ ਨੂੰ ਜਨਮ ਦੇਵੇਗੀ।

(7) ਲਿਵ—ਵਾਰ ਵਾਰ ਕੀਤੇ ਪਿਆਰ ਤੋਂ ਕਦੀ ਨਾ ਟੁੱਟਣ ਵਾਲੀ ਲਿਵ ਦਾ ਲੱਗਣਾ ਅਤੇ ਇਸ ਲਿਵ ਵਾਲੀ ਸੁਰਤਿ ਅੰਦਰ ਪ੍ਰਭੂ ਦਾ ਮਿਲਾਪ ਮਨੁੱਖੀ ਘਾਲਣਾ ਦਾ ਸਿਖਰ ਹੈ।

**ਪ੍ਰਸ਼ਨ 13. ਨਾਮ ਸਿਮਰਨ ਦੀ ਪਉੜੀ ਦਾ ਅੱਠਵਾਂ ਤੇ ਆਖ਼ਰੀ ਡੰਡਾ ਕਿਹੜਾ ਹੈ?**

**ਉੱਤਰ** : ਨਾਮ ਸਿਮਰਨ ਦੀ ਪਉੜੀ ਦਾ ਆਖ਼ਰੀ ਡੰਡਾ ਵਾਹਿਗੁਰੂ ਦੀ 'ਨਦਰਿ' ਜਾਂ 'ਬਖ਼ਸ਼ਿਸ਼' ਹੈ।

**ਪ੍ਰਸ਼ਨ 14. ਵਾਹਿਗੁਰੂ ਦੇ ਸੇਵਕ ਦੀ ਸਦੀਵੀ ਘਾਲ ਕੀ ਹੈ?**

**ਉੱਤਰ** : ਵਾਹਿਗੁਰੂ ਦੇ ਸੇਵਕ ਦੀ ਸਦੀਵੀ ਘਾਲ ਹੈ ਕਿ ਉਹ ਉਠਦਾ, ਬੈਠਦਾ, ਸੌਂਦਾ, ਜਾਗਦਾ ਅਤੇ ਤੁਰਦਾ ਨਾਮ ਸਿਮਰਨ ਹਮੇਸ਼ਾ ਜਾਰੀ ਰੱਖੇ।

**ਪ੍ਰਸ਼ਨ 15. ਦੁਨਿਆਵੀ ਕਾਰ-ਵਿਹਾਰ ਕਰਦੇ ਹੋਏ ਵੀ ਨਾਮ ਸਿਮਰਨ ਕੀਤਾ ਜਾ ਸਕਦਾ ਹੈ। ਇਸ ਸੰਬੰਧੀ ਗੁਰੂ ਅਰਜਨ ਦੇਵ ਜੀ ਦਾ ਰਾਗ ਆਸਾ ਵਿਚੋਂ ਗੁਰਬਾਣੀ ਪ੍ਰਮਾਣ ਲਿਖੋ।**

**ਉੱਤਰ** : ਸਾਚਿ ਨਾਮਿ ਮੇਰਾ ਮਨੁ ਲਾਗਾ॥
ਲੋਗਨ ਸਿਉ ਮੇਰਾ ਠਾਠਾ ਬਾਗਾ॥ *(ਆਸਾ, ਮਹਲਾ ੫, ਪੰਨਾ ੩੮੪)*

**ਪ੍ਰਸ਼ਨ 16. ਨਾਮ ਸਿਮਰਨ ਅਭਿਆਸੀ ਵਿਚ ਕਿਹੜੇ-ਕਿਹੜੇ ਗੁਣ ਹੋਣੇ ਚਾਹੀਦੇ ਹਨ?**

**ਉੱਤਰ** : (1) ਵਾਹਿਗੁਰੂ ਦੀ ਕ੍ਰਿਪਾ ਦਾ ਅਹਿਸਾਸ ਆਪਣੇ ਅੰਦਰ ਪੈਦਾ ਕਰਦੇ ਹੋਏ ਸਦਾ ਪ੍ਰਭੂ ਦਾ ਸ਼ੁਕਰਾਨਾ ਕਰਦੇ ਰਹਿਣਾ।

(2) ਪ੍ਰਭੂ ਦੀ ਰਜ਼ਾ ਵਿਚ ਸਦਾ ਰਾਜ਼ੀ ਰਹਿਣਾ।

(3) ਸੰਤੋਖ ਵਾਲੀ ਬਿਰਤੀ ਦਾ ਧਾਰਨੀ ਹੋਣਾ।

(4) ਪਰਉਪਕਾਰੀ ਹੋਣਾ।

(5) ਮਨੁੱਖ ਦੀ ਸਮੁੱਚੀ ਕਰਣੀ ਵਿਚੋਂ ਨਾਮ ਵਾਲਾ ਆਚਾਰ, ਭਾਵ ਨਾਮ ਵਾਲੇ ਗੁਣਾਂ ਦੀ ਝਲਕ ਪਵੇ।

(6) ਮਨ ਵਿਚੋਂ, ਬਚਨਾਂ ਵਿਚੋਂ, ਕਰਮਾਂ ਵਿਚੋਂ, ਪ੍ਰਭੂ-ਗੁਣਾਂ ਦੀ ਝਲਕ ਪਵੇ।

**ਪ੍ਰਸ਼ਨ 17. ਡੋਲਦੇ ਮਨ ਨੂੰ ਕਿਵੇਂ ਸਹਾਰਾ ਦਿੱਤਾ ਜਾ ਸਕਦਾ ਹੈ?**

**ਉੱਤਰ** : ਜਦ ਕਦੀ ਵੀ ਮਨ ਡੋਲਦਾ ਦਿੱਸੇ ਤਾਂ ਵਾਹਿਗੁਰੂ ਅੱਗੇ ਅਰਦਾਸ ਦੁਆਰਾ ਇਸ ਨੂੰ ਸਹਾਰਾ ਦਿੱਤਾ ਜਾ ਸਕਦਾ ਹੈ।

**ਪ੍ਰਸ਼ਨ 18. ਮਨੁੱਖਾ ਜੀਵਨ ਵਿਚ ਕਿਹੜੇ ਮਨੁੱਖ ਪੂਰੇ ਉਤਰੇ ਹਨ?**

**ਉੱਤਰ** : ਜਿਨ੍ਹਾਂ ਨੇ ਅੰਮ੍ਰਿਤ ਵੇਲੇ ਇਕ ਚਿੱਤ ਧਿਆਨ ਜੋੜ ਕੇ ਪ੍ਰਭੂ ਦੀ ਸਿਫਤ-ਸਲਾਹ ਰਾਹੀਂ ਮਨ ਨੂੰ ਵੱਸ ਵਿਚ ਲਿਆਉਣ ਦੀ ਘਾਲ ਘਾਲੀ ਹੈ।

**ਪ੍ਰਸ਼ਨ 19. ਮਨ ਖਿੜਾਉ ਵਿਚ ਕਦੋਂ ਆਉਂਦਾ ਹੈ?**

**ਉੱਤਰ** : ਜਦੋਂ ਗੁਰੂ ਦਾ ਸ਼ਬਦ ਮਨ ਅੰਦਰ ਵੱਸ ਜਾਵੇ ਤੇ ਜੀਵਨ ਅੰਦਰ ਸੱਚ ਦਾ ਪ੍ਰਵੇਸ਼ ਹੋ ਜਾਵੇ ਤਾਂ ਮਨ ਖਿੜਾਉ ਵਿਚ ਆ ਜਾਂਦਾ ਹੈ।

**ਪ੍ਰਸ਼ਨ 20. ਨਿਤਾਪ੍ਰਤੀ ਸਿਮਰਨ ਕਰਨਾ ਕਿਉਂ ਜ਼ਰੂਰੀ ਹੈ?**

ਉੱਤਰ : ਵਾਹਿਗੁਰੂ ਦੀ ਨਦਰ ਪ੍ਰਾਪਤ ਕਰਨ ਲਈ ਨਿਤਾਪ੍ਰਤੀ ਸਿਮਰਨ ਕਰਨਾ ਜ਼ਰੂਰੀ ਹੈ ਕਿਉਂਕਿ ਨਿਤਾਪ੍ਰਤੀ ਸਿਮਰਨ ਕਰਨ ਨਾਲ ਵਾਹਿਗੁਰੂ ਦੇ ਗੁਣਾਂ ਦਾ ਗਿਆਨ ਹੋ ਜਾਂਦਾ ਹੈ ਤੇ ਸਾਡਾ ਸੁਭਾਅ ਉਨ੍ਹਾਂ ਗੁਣਾਂ ਨੂੰ ਧਾਰਨ ਕਰਕੇ ਵਾਹਿਗੁਰੂ ਦੇ ਸੁਭਾਅ ਵਰਗਾ ਹੋ ਜਾਂਦਾ ਹੈ, ਜਿਸ ਨਾਲ ਅਸੀਂ ਪ੍ਰਭੂ ਵਿਚ ਅਭੇਦ ਹੋ ਸਕਦੇ ਹਾਂ।

**ਪ੍ਰਸ਼ਨ 21. 'ਜੋਤੀ ਜੋਤਿ ਰਲੀ ਸੰਪੂਰਨ ਥੀਆ ਰਾਮ॥' ਤੋਂ ਕੀ ਭਾਵ ਹੈ?**

**ਉੱਤਰ** : ਜਦੋਂ ਮਨੁੱਖੀ ਸੁਰਤ ਸਰੀਰਕ ਹੋਂਦ ਤੋਂ ਉੱਪਰ ਉਠ ਕੇ ਵਿਸ਼ਵ-ਸੁਰਤ ਦੇ ਸਾਗਰ ਦੀਆਂ ਲਹਿਰਾਂ ਅੰਦਰ ਤਾਰੀਆਂ ਲਾਉਂਦੀ ਹੈ। ਇਸ ਅਵਸਥਾ ਵਿਚ ਸੁਰਤ ਅਟੱਲ ਤੇ ਸਦੀਵੀ ਪ੍ਰਕਾਸ਼ ਵਾਹਿਗੁਰੂ ਨਾਲ ਅਭੇਦ ਹੋ ਕੇ ਬਾਹਰਮੁਖੀ ਪਸਾਰੇ ਤੋਂ ਬੇ-ਲਾਗ ਹੋ ਵਿਚਰਦੀ ਹੈ।



# 5. ਸਿੱਖ ਧਰਮ ਦੀ ਪ੍ਰਚਾਰ ਸਮੱਸਿਆ

**ਪ੍ਰਸ਼ਨ 1. ਸਿੱਖ ਧਰਮ ਇਕ ਵਧੀਆ ਧਰਮ ਹੈ ਪਰ ਵਧੀਆ ਧਰਮ ਹੋਣ ਦੇ ਬਾਵਜੂਦ ਸਿੱਖ ਧਰਮ ਪੰਜਾਬ ਜਾਂ ਹਿੰਦੁਸਤਾਨ ਵਿਚ ਵੀ ਪੂਰੀ ਤਰ੍ਹਾਂ ਕਿਉਂ ਨਹੀਂ ਫੈਲ ਸਕਿਆ?**

**ਉੱਤਰ** : ਕਿਉਂਕਿ ਪਿਛਲੇ 60-65 ਸਾਲਾਂ ਵਿਚ ਇਸ ਨੂੰ ਪ੍ਰਚਾਰਨ ਦੇ ਕੌਮੀ ਪੱਧਰ 'ਤੇ ਵਿਉਂਤਬੱਧ ਤੇ ਜਥੇਬੰਦਕ ਯਤਨ ਨਹੀਂ ਹੋ ਸਕੇ।

**ਪ੍ਰਸ਼ਨ 2. ਪ੍ਰਚਾਰ ਲਈ ਕੀਤੇ ਯਤਨ ਸਫ਼ਲ ਕਿਉਂ ਨਹੀਂ ਹੋ ਸਕੇ?**

**ਉੱਤਰ** : (1) ਬਹੁਤੇ ਪ੍ਰਚਾਰਕ ਸਿੱਖੀ ਦੇ ਅਸੂਲਾਂ ਬਾਰੇ ਸਪੱਸ਼ਟ ਨਹੀਂ ਸਨ।

(2) ਕਈ ਗੱਲਾਂ ਵਿਚ ਪ੍ਰਚਾਰਕ ਗੁਰਮਤਿ ਵਿਹੂਣਾ ਸਟੈਂਡ ਲੈਂਦੇ ਰਹੇ ਹਨ।

(3) ਕਈ ਸੁਧਾਰਕ ਨੀਅਤ ਤੋਂ ਖਰਾਬ ਸਨ, ਜੋ ਮਗਰੋਂ ਜਾ ਕੇ ਸਾਧ-ਡੰਮ੍ਹ ਤੇ ਦੇਹਧਾਰੀ ਗੁਰੂ-ਡੰਮ੍ਹ ਦੇ ਫੈਲਣ ਦਾ ਮੂਲ ਕਾਰਣ ਬਣੇ।

(4) ਕਈ ਪ੍ਰਚਾਰਕ ਠੀਕ ਹੋਣ ਦੇ ਬਾਵਜੂਦ ਸਾਧਨਾਂ ਦੀ ਕਮੀ ਹੋਣ ਕਰਕੇ ਕੋਈ ਕੰਮ ਨਹੀਂ ਕਰ ਸਕੇ।

**ਪ੍ਰਸ਼ਨ 3. ਧਰਮ-ਪ੍ਰਚਾਰ ਦਾ ਕੰਮ ਠੀਕ ਢੰਗ ਨਾਲ ਕਿਵੇਂ ਚੱਲ ਸਕਦਾ ਹੈ?**

**ਉੱਤਰ** : ਜੇ 'ਕੌਮੀ ਪੱਧਰ' ਦੀ ਜਥੇਬੰਦੀ, ਜਿਸ ਕੋਲ ਧਨ ਅਤੇ ਹੋਰ ਲੋੜੀਂਦੇ ਸਾਧਨ ਹੋਣ, ਧਰਮ ਪ੍ਰਚਾਰ ਦੇ ਕੰਮ ਨੂੰ ਸੰਗਠਿਤ ਕਰੇ ਤਾਂ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਚਾਰ ਕੀਤਾ ਜਾ ਸਕਦਾ ਹੈ।

**ਪ੍ਰਸ਼ਨ 4. 'ਰਾਜਨੀਤਿਕ ਸ਼ਕਤੀ' ਧਰਮ ਪ੍ਰਚਾਰ ਵਿਚ ਕਦੋਂ ਸਹਾਈ ਹੋ ਸਕਦੀ ਹੈ?**

**ਉੱਤਰ** : ਜਦੋਂ ਰਾਜਨੀਤਿਕ ਆਗੂ ਧਰਮੀ ਜੀਵਨ ਵਾਲੇ ਅਤੇ ਨਿਜੀ ਹਿਤਾਂ ਦੀ ਥਾਂ 'ਤੇ ਕੌਮੀ ਹਿਤਾਂ ਲਈ ਜੂਝਣ ਵਾਲੇ ਹੋਣ।

**ਪ੍ਰਸ਼ਨ 5. ਕਿਹੋ ਜਿਹੇ 'ਗੁਰਦੁਆਰੇ' ਧਰਮ ਪ੍ਰਚਾਰ ਲਈ ਸਹਾਈ ਹੋ ਸਕਦੇ ਹਨ?**

**ਉੱਤਰ** : ਉਹ ਗੁਰਦੁਆਰੇ ਜਿਨ੍ਹਾਂ ਵਿਚ (i) ਗ੍ਰੰਥੀ, ਕਥਾਵਾਚਕ ਤੇ ਕੀਰਤਨੀਏ ਸਿੰਘ, ਰਹਿਣੀ ਰਹਿਤ ਵਿਚ ਪਰਪੱਕ ਹੋਣ, (ii) ਮਿਸ਼ਨਰੀ ਸਪਿਰਟ ਵਾਲੇ ਹੋਣ ਅਤੇ (iii) ਜੋ ਆਪਣੇ ਅੰਮ੍ਰਿਤ ਬਚਨਾਂ ਤੇ ਸੁਚੱਜੇ ਜੀਵਨ ਰਾਹੀਂ ਲੋਕਾਂ ਨੂੰ ਗੁਰਮਤਿ ਦੀ ਲਾਗ ਲਗਾ ਸਕਣ।

**ਪ੍ਰਸ਼ਨ 6. ਕੌਮ ਵਿਚ ਹਜ਼ਾਰਾਂ ਛੋਟੇ-ਛੋਟੇ ਜਥੇ ਹਨ, ਪਰ ਉਹ ਧਰਮ ਪ੍ਰਚਾਰ ਵਿਚ ਸਹਾਈ ਕਿਉਂ ਨਹੀਂ ਹੋ ਰਹੇ?**

**ਉੱਤਰ** : (i) ਕਿਉਂਕਿ ਉਨ੍ਹਾਂ ਕੋਲ ਧਰਮ-ਪ੍ਰਚਾਰ ਦਾ ਕੋਈ ਨਿੱਗਰ ਪ੍ਰੋਗਰਾਮ ਨਹੀਂ

ਹੁੰਦਾ (ii) ਉਹ ਆਪਣੀ ਸਾਰੀ ਤਾਕਤ ਮਨ ਭਾਉਂਦੇ ਕੰਮਾਂ 'ਤੇ ਲਗਾ ਦਿੰਦੇ ਹਨ।

**ਪ੍ਰਸ਼ਨ 7. ਖ਼ਾਲਸਾ ਸਕੂਲ/ਕਾਲਜ ਧਰਮ ਪ੍ਰਚਾਰ ਵਿਚ ਸਹਾਈ ਕਿਉਂ ਨਹੀਂ ਹੋ ਰਹੇ?**

**ਉੱਤਰ** : (i) ਇਨ੍ਹਾਂ ਦੇ ਬਹੁਤੇ ਪ੍ਰਬੰਧਕਾਂ ਨੂੰ ਧਰਮ-ਪ੍ਰਚਾਰ ਦੀ ਅਹਿਮੀਅਤ ਦਾ ਹੀ ਪਤਾ ਨਹੀਂ। (ii) ਇਨ੍ਹਾਂ ਵਿਚ ਸਿੱਖੀ ਸਭਿਆਚਾਰ ਲਈ ਹੁੱਬ ਰੱਖਣ ਵਾਲੇ ਅਧਿਆਪਕਾਂ ਦੀ ਥਾਂ 'ਤੇ ਜ਼ਿਆਦਾਤਰ ਰਹਿਤ-ਵਿਹੂਣੇ ਅਧਿਆਪਕ ਹੀ ਭਰਤੀ ਕੀਤੇ ਹੁੰਦੇ ਹਨ। (iii) ਧਾਰਮਿਕ ਵਿਸ਼ਾ ਪੜ੍ਹਾਉਣ ਲਈ ਵਿਸ਼ੇਸ਼ ਧਾਰਮਿਕ ਪੀਰੀਅਡ ਨਹੀਂ ਲਗਾਏ ਜਾਂਦੇ ਸਗੋਂ ਉਨ੍ਹਾਂ ਦੀ ਥਾਂ 'ਤੇ ਜ਼ੀਰੋ ਪੀਰੀਅਡ ਵਿਚ ਹੀ ਥੋੜ੍ਹੀ-ਬਹੁਤੀ ਧਾਰਮਿਕ ਪੜ੍ਹਾਈ ਹੁੰਦੀ ਹੈ ਅਤੇ ਧਾਰਮਿਕ ਵਿੱਦਿਆ ਵਿਚ ਨਿਪੁੰਨ ਅਧਿਆਪਕਾਂ ਦੀ ਥਾਂ 'ਤੇ ਹੋਰ ਵਿਸ਼ੇ ਪੜ੍ਹਾਉਣ ਵਾਲੇ ਅਧਿਆਪਕਾਂ ਨਾਲ ਹੀ ਬੁੱਤਾ ਸਾਰਿਆ ਜਾਂਦਾ ਹੈ।

**ਪ੍ਰਸ਼ਨ 8. ਡਿਸਪੈਂਸਰੀਆਂ ਜਾਂ ਹਸਪਤਾਲ ਸਿੱਖੀ ਦੇ ਪ੍ਰਚਾਰ ਵਿਚ ਕਦੋਂ ਸਹਾਈ ਹੋ ਸਕਦੇ ਹਨ?**

**ਉੱਤਰ** : ਜਦੋਂ ਡਾਕਟਰ, ਨਰਸਾਂ ਅਤੇ ਹੋਰ ਸਟਾਫ ਸਿੱਖੀ ਰਹਿਤ ਦੇ ਧਾਰਨੀ ਹੋਣ ਤੇ ਉਨ੍ਹਾਂ ਦਾ ਮੁੱਖ ਨਿਸ਼ਾਨਾ ਸਿਹਤ ਸੇਵਾਵਾਂ ਦੇ ਨਾਲ-ਨਾਲ ਧਰਮ ਪ੍ਰਚਾਰ ਕਰਨਾ ਵੀ ਹੋਵੇ।

**ਪ੍ਰਸ਼ਨ 9. 'ਫ਼ਿਲਮਾਂ' ਧਰਮ-ਪ੍ਰਚਾਰ ਵਿਚ ਕਦੋਂ ਸਹਾਈ ਹੋ ਸਕਦੀਆਂ ਹਨ?**

**ਉੱਤਰ** :
(i) ਜੇਕਰ ਫ਼ਿਲਮਾਂ ਤਿਆਰ ਕਰਨ ਵਾਲਾ ਅਮਲਾ ਸਿੱਖ ਵਿਚਾਰਧਾਰਾ, ਗੁਰਬਾਣੀ ਤੇ ਸਿੱਖ ਸਭਿਆਚਾਰ ਤੋਂ ਪੂਰੀ ਤਰ੍ਹਾਂ ਵਾਕਫ਼ ਹੋਵੇ।
(ii) ਜੇਕਰ ਫ਼ਿਲਮਾਂ ਪੰਥ ਦੀ ਕੇਂਦਰੀ ਜਥੇਬੰਦੀ ਅਤੇ ਪੰਥਕ-ਵਿਦਵਾਨਾਂ ਦੀ ਦੇਖ-ਰੇਖ ਹੇਠ ਹੀ ਤਿਆਰ ਅਤੇ ਪ੍ਰਦਰਸ਼ਿਤ ਕੀਤੀਆਂ ਜਾਣ।

**ਪ੍ਰਸ਼ਨ 10. ਪ੍ਰਮਾਣਿਕ ਲਿਟਰੇਚਰ ਤੋਂ ਕੀ ਭਾਵ ਹੈ?**

**ਉੱਤਰ** : ਉਹ ਲਿਟਰੇਚਰ ਜੋ ਗੁਰਬਾਣੀ, ਸਿੱਖ ਵਿਚਾਰਧਾਰਾ, ਇਤਿਹਾਸ ਤੇ ਸਭਿਆਚਾਰ ਬਾਰੇ ਪ੍ਰਮਾਣਿਕ ਤੇ ਭਰੋਸੇਯੋਗ ਜਾਣਕਾਰੀ ਦੇਵੇ।

**ਪ੍ਰਸ਼ਨ 11. ਸਾਧਾਂ-ਸੰਤਾਂ ਦਾ ਕੀ ਉਦੇਸ਼ ਹੋਣਾ ਚਾਹੀਦਾ ਹੈ?**

**ਉੱਤਰ** : ਆਪ ਪ੍ਰਭੂ ਮਾਰਗ (ਧਰਮ ਦੇ ਮਾਰਗ) 'ਤੇ ਚੱਲਣਾ ਤੇ ਹੋਰਨਾਂ ਨੂੰ ਇਸ ਰਾਹ 'ਤੇ ਤੋਰਨਾ।

**ਪ੍ਰਸ਼ਨ 12. ਕੀ ਅਜੋਕੇ ਸਾਧ-ਸੰਤ ਧਰਮ ਪ੍ਰਚਾਰ ਵਿਚ ਸਹਾਈ ਹੋ ਰਹੇ ਹਨ?**

**ਉੱਤਰ** : ਟਾਵੇਂ-ਟਾਵੇਂ ਸੰਤਾਂ ਨੂੰ ਛੱਡ ਕੇ ਬਹੁਤੇ ਸਾਧ-ਸੰਤ ਧਰਮ ਪ੍ਰਚਾਰ ਵਿਚ ਸਹਾਈ ਨਹੀਂ ਹੋ ਰਹੇ।



**ਪ੍ਰਸ਼ਨ 13. ਸਿੱਖ ਧਰਮ ਦੀ ਪ੍ਰਚਾਰ ਸਮੱਸਿਆ ਦੇ ਹੱਲ ਲਈ ਕਿਨ੍ਹਾਂ ਚੀਜ਼ਾਂ ਦੀ ਲੋੜ ਹੈ?**

**ਉੱਤਰ** :
(ੳ) ਇਕ ਕੇਂਦਰੀ ਜਥੇਬੰਦੀ ਦੀ ਲੋੜ ਹੈ, ਜੋ ਧਰਮ ਪ੍ਰਚਾਰ ਦੇ ਪ੍ਰਬੰਧ ਨੂੰ ਕੌਮੀ ਤੌਰ 'ਤੇ ਜਥੇਬੰਦ (Organise) ਕਰੇ।
(ਅ) ਕੇਂਦਰੀ ਜਥੇਬੰਦੀ ਦੀ ਦੇਖ-ਰੇਖ ਵਿਚ ਪ੍ਰਮਾਣਿਕ ਗੁਰਮਤਿ ਲਿਟਰੇਚਰ ਤਿਆਰ ਕੀਤਾ ਤੇ ਸੰਗਤਾਂ ਤੀਕ ਪਹੁੰਚਾਇਆ ਜਾਵੇ।
(ੲ) ਕੇਂਦਰੀ ਮਿਸ਼ਨਰੀ ਕਾਲਜ ਸਥਾਪਿਤ ਕੀਤਾ ਜਾਵੇ ਜਿਸ ਵਿਚੋਂ ਸੱਚੇ-ਸੁੱਚੇ ਧਾਰਮਿਕ ਜੀਵਨ ਤੇ ਪ੍ਰਚਾਰ ਲਈ ਲਗਨ ਵਾਲੇ ਵਿਦਵਾਨ, ਪ੍ਰਚਾਰਕ, ਗ੍ਰੰਥੀ, ਕੀਰਤਨੀਏ ਆਦਿ ਤਿਆਰ ਕੀਤੇ ਜਾਣ, ਜਿਨ੍ਹਾਂ ਦਾ ਮੁੱਖ ਉਦੇਸ਼, ਸਿੱਖੀ ਦਾ ਨਿਆਰਾਪਨ (ਵਿਲੱਖਣਤਾ) ਅਤੇ ਸਿੱਖੀ ਗੌਰਵਤਾ ਨੂੰ ਸੰਸਾਰ ਦੇ ਸਾਹਮਣੇ ਰੱਖਣਾ ਹੋਵੇ।
(ਸ) ਫੌਰੀ ਤੌਰ 'ਤੇ ਭਾਰੀ (ਹਜ਼ਾਰਾਂ ਦੀ) ਗਿਣਤੀ ਵਿਚ ਪ੍ਰਚਾਰਕ ਤੇ ਵਰਕਰ ਤਿਆਰ ਕੀਤੇ ਜਾਣ ਜੋ ਨਿਡਰ ਹੋ ਕੇ ਗੁਰਮਤਿ ਸਿਧਾਂਤਾਂ ਨੂੰ ਪ੍ਰਚਾਰ ਸਕਣ।
(ਹ) ਥਾਂ-ਥਾਂ 'ਤੇ ਗੁਰਮਤਿ-ਟ੍ਰੇਨਿੰਗ ਸੈਂਟਰ ਖੋਲ੍ਹੇ ਜਾਣ ਜਿਨ੍ਹਾਂ ਵਿਚ ਉਮਰ/ਵਿਦਿਅਕ ਪੱਧਰ ਦੇ ਅਨੁਸਾਰ ਗੁਰਮਤਿ ਕਲਾਸਾਂ ਲਾਈਆਂ ਜਾਣ, ਜਿਥੇ ਗੁਰਬਾਣੀ ਦੇ ਅਰਥਾਂ, ਸਿੱਖ ਵਿਚਾਰਧਾਰਾ, ਇਤਿਹਾਸ ਤੇ ਸਿੱਖ ਸਭਿਆਚਾਰ ਦੀ ਜਾਣਕਾਰੀ ਦਿੱਤੀ ਜਾਵੇ ਅਤੇ ਪ੍ਰਚਾਰਕ ਤੇ ਵਰਕਰ ਤਿਆਰ ਕੀਤੇ ਜਾਣ।
(ਕ) ਸਿੱਖ ਵਿਦਵਾਨਾਂ ਤੇ ਖੋਜਕਾਰਾਂ ਦੀ ਸਹੂਲਤ ਲਈ ਵੱਡੀ ਪੱਧਰ 'ਤੇ ਲਾਇਬ੍ਰੇਰੀਆਂ ਕਾਇਮ ਕਰਨੀਆਂ ਚਾਹੀਦੀਆਂ ਹਨ।
(ਖ) ਪ੍ਰਚਾਰਕਾਂ ਦੀ ਤਿਆਰੀ ਲਈ ਗੁਰਮਤਿ ਟ੍ਰੇਨਿੰਗ ਕੈਂਪ ਲਾਏ ਜਾਣ।
(ਘ) ਆਦਰਸ਼ਕ ਗੁਰਮਤਿ ਸਮਾਗਮ ਕੀਤੇ ਜਾਣ, ਜਿਨ੍ਹਾਂ ਵਿਚ ਨਵੇਂ ਤਿਆਰ ਹੋਏ ਪ੍ਰਚਾਰਕਾਂ ਨੂੰ ਉਤਸ਼ਾਹਿਤ ਕੀਤਾ ਜਾਵੇ।
(ਙ) ਵਿਦਵਾਨਾਂ, ਲੇਖਕਾਂ, ਪ੍ਰਚਾਰਕਾਂ, ਫ਼ੀਲਡ ਵਰਕਰਾਂ ਤੇ ਹੋਰ ਸੇਵਾਵਾਂ ਨਿਭਾਉਣ ਵਾਲਿਆਂ ਨੂੰ ਉਤਸ਼ਾਹਿਤ ਕਰਨ ਲਈ ਸਨਮਾਨਿਤ ਕੀਤਾ ਜਾਵੇ ਅਤੇ ਇਨਾਮ ਦਿੱਤੇ ਜਾਣ।
(ਚ) ਨਿਸ਼ਕਾਮ ਪ੍ਰਚਾਰਕਾਂ, ਵਰਕਰਾਂ ਤੇ ਹੋਰ ਸੇਵਾਵਾਂ ਨਿਭਾਉਣ ਵਾਲਿਆਂ ਦੀਆਂ ਪਰਿਵਾਰਕ ਲੋੜਾਂ ਦੀ ਪੂਰਤੀ 'ਕੇਂਦਰੀ ਜਥੇਬੰਦੀ' ਵਲੋਂ ਕੀਤੀ ਜਾਵੇ।
(ਛ) ਤਿਆਰ ਹੋ ਚੁੱਕੇ ਪ੍ਰਚਾਰਕਾਂ ਨੂੰ ਪ੍ਰਚਾਰ ਦੀਆਂ ਸੇਵਾਵਾਂ ਵਿਚ ਲਾਉਣ ਦਾ ਪ੍ਰਬੰਧ ਸਮੇਂ ਸਿਰ ਕੀਤਾ ਜਾਵੇ ਤਾਂ ਕਿ ਉਨ੍ਹਾਂ ਨੂੰ ਜੀਵਨ-ਨਿਰਬਾਹ ਲਈ ਹੋਰ ਨੌਕਰੀਆਂ ਨਾ ਕਰਨੀਆਂ ਪੈਣ।

**ਪ੍ਰਸ਼ਨ 14. ਧਰਮ ਪ੍ਰਚਾਰ ਦੇ ਸਾਰੇ ਕਾਰਜਾਂ ਨੂੰ ਚਲਾਉਣ ਵਾਲੀ ਕੇਂਦਰੀ ਜਥੇਬੰਦੀ ਦਾ ਪ੍ਰਬੰਧ ਕਿਹੋ ਜਿਹਾ ਹੋਣਾ ਚਾਹੀਦਾ ਹੈ?**

**ਉੱਤਰ** : (i) ਇਹ ਜਥੇਬੰਦੀ ਉੱਚੇ-ਸੁੱਚੇ ਜੀਵਨ ਵਾਲੇ, ਪ੍ਰਚਾਰਕ ਲਗਨ ਵਾਲੇ ਤੇ ਕੁਰਬਾਨੀ ਵਾਲੇ ਸਿੰਘਾਂ ਦੀ ਕਮੇਟੀ ਦੇ ਪ੍ਰਬੰਧ ਹੇਠ ਚਲਣੀ ਚਾਹੀਦੀ ਹੈ।

(ii) 'ਕੇਂਦਰੀ ਕਮੇਟੀ' ਪੰਜ ਮੈਂਬਰਾਂ ਦੀ ਹੋਵੇ ਜੋ ਅੱਗੋਂ ਵੱਖੋ-ਵੱਖ ਪ੍ਰੋਜੈਕਟਾਂ ਲਈ ਵੱਖਰੀਆਂ ਕਮੇਟੀਆਂ ਕਾਇਮ ਕਰੇ।

(iii) ਫ਼ੈਸਲੇ ਕਰਨ ਦਾ ਆਖ਼ਰੀ ਅਧਿਕਾਰ ਇਸ ਕੇਂਦਰੀ ਕਮੇਟੀ ਕੋਲ ਹੀ ਹੋਣਾ ਚਾਹੀਦਾ ਹੈ।

ਨੋਟ : **ਵਿਸਥਾਰ ਸਹਿਤ ਜਾਣਕਾਰੀ ਲੈਣ ਲਈ 'ਕਾਲਜ' ਵਲੋਂ ਪ੍ਰਕਾਸ਼ਿਤ ਪੁਸਤਕਾਂ 'ਪੰਥ ਦਰਦੀਉ! ਕੁਝ ਕਰੋ!! ਭਾਗ-1 ਤੇ ਭਾਗ-2' ਪੜ੍ਹੋ ਜੀ।**

## (ਅ) ਰਹਿਤ ਮਰਯਾਦਾ

**ਪ੍ਰਸ਼ਨ 1. "ਸਿੱਖ ਰਹਿਤ ਮਰਯਾਦਾ" ਕਿਸ ਨੂੰ ਕਹਿੰਦੇ ਹਨ?**

**ਉੱਤਰ** : ਸਿੱਖ ਧਰਮ ਦੇ ਵੱਖੋ-ਵੱਖਰੇ ਗੁਰਮਤਿ ਸਿਧਾਂਤਾਂ ਅਤੇ ਰਹੁ-ਰੀਤਾਂ ਬਾਰੇ ਪੰਥਕ ਫੈਸਲਿਆਂ ਦਾ ਨਾਮ ਸਿੱਖ ਰਹਿਤ ਮਰਯਾਦਾ ਹੈ।

**ਪ੍ਰਸ਼ਨ 2. "ਸਿੱਖ ਰਹਿਤ ਮਰਯਾਦਾ" ਦਾ ਉਦੇਸ਼ ਕੀ ਹੈ?**

**ਉੱਤਰ** : ਦੁਨੀਆਂ ਵਿਚ ਵੱਸਦੇ ਹਰ ਗੁਰਸਿੱਖ ਦੇ ਨਿੱਜੀ-ਜੀਵਨ ਅਤੇ ਪੰਥਕ ਜੀਵਨ ਵਿਚ ਇਕਸਾਰਤਾ ਲਿਆਉਣਾ। ਗੁਰਦੁਆਰਿਆਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ-ਸੰਭਾਲ, ਮਰਯਾਦਾ ਅਤੇ ਪੰਥਕ ਰਹੁ-ਰੀਤਾਂ ਵਿਚ ਇਕਸਾਰਤਾ ਕਾਇਮ ਕਰਨਾ।

**ਪ੍ਰਸ਼ਨ 3. "ਸਿੱਖ ਰਹਿਤ ਮਰਯਾਦਾ" ਕਿਸ ਨੇ ਤਿਆਰ ਕੀਤੀ?**

**ਉੱਤਰ** : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵਲੋਂ 1931 ਈ: ਵਿਚ ਇਕ "ਰਹੁ-ਰੀਤੀ ਸਬ ਕਮੇਟੀ" ਦੀ ਸਥਾਪਨਾ ਕੀਤੀ ਗਈ ਜਿਸ ਵਿਚ ਤਖ਼ਤਾਂ ਦੇ ਜਥੇਦਾਰ, ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਅਤੇ ਹੋਰ ਸਿੱਖ ਵਿਦਵਾਨ ਜਿਨ੍ਹਾਂ ਦੀ ਗਿਣਤੀ 25 ਸੀ, ਦੀ ਸਿੱਖ ਰਹੁ-ਰੀਤਾਂ ਦਾ ਖਰੜਾ ਤਿਆਰ ਕਰਨ ਦੀ ਡਿਊਟੀ ਲੱਗੀ, ਜਿਸ ਦੇ ਕਨਵੀਨਰ 'ਪ੍ਰਿੰਸੀਪਲ ਤੇਜਾ ਸਿੰਘ' ਜੀ ਸਨ।

**ਪ੍ਰਸ਼ਨ 4. 'ਸਿੱਖ ਰਹੁ-ਰੀਤ ਦੇ ਖਰੜੇ' ਸੰਬੰਧੀ ਪ੍ਰਾਪਤੀ ਹੋਈ ਰਾਇ ਨੂੰ ਹੋਰ ਵਿਚਾਰਨ ਉਪਰੰਤ ਇਸ ਖਰੜੇ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਹਿਲੀ ਪ੍ਰਵਾਨਗੀ ਕਦੋਂ ਦਿੱਤੀ?**

**ਉੱਤਰ** : ਸੰਨ 1936 ਵਿਚ।



**ਪ੍ਰਸ਼ਨ 5. "ਸਰਬ-ਹਿੰਦ-ਸਿੱਖ ਮਿਸ਼ਨ" ਬੋਰਡ ਨੇ ਸਿੱਖ ਰਹੁ-ਰੀਤਾਂ ਦੇ ਖਰੜੇ ਨੂੰ ਪ੍ਰਵਾਨਗੀ ਕਦੋਂ ਦਿੱਤੀ?**

**ਉੱਤਰ** : ਸੰਨ 1936 ਵਿਚ।

**ਪ੍ਰਸ਼ਨ 6. "ਸਿੱਖ ਰਹੁ-ਰੀਤਾਂ ਦੇ ਖਰੜੇ" ਸੰਬੰਧੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੀ ਧਾਰਮਿਕ ਸਲਾਹਕਾਰ ਕਮੇਟੀ ਵਿਚ ਹੋਰ ਵੀਚਾਰਾਂ ਕਰਨ ਉਪਰੰਤ ਖਰੜੇ ਵਿਚ ਵਾਧਾ ਘਾਟਾ ਕਰਨ ਦੀ ਪ੍ਰਵਾਨਗੀ ਕਦੋਂ ਦਿੱਤੀ?**

**ਉੱਤਰ** : ਸੰਨ 1945 ਵਿਚ (ਸ਼੍ਰੋ. ਕਮੇਟੀ ਦੇ ਮਤਾ ਨੰਬਰ 97 ਮਿਤੀ 3-2-45)।

**ਪ੍ਰਸ਼ਨ 7. ਰਹੁ-ਰੀਤ ਦੇ ਖਰੜੇ ਵਿਚ ਵਾਧੇ-ਘਾਟੇ ਦੀ ਸਿਫ਼ਾਰਸ਼ ਕਰਨ ਵਾਲੀ ਧਾਰਮਿਕ ਸਲਾਹਕਾਰ ਕਮੇਟੀ ਵਿਚ ਕਿਹੜੇ-ਕਿਹੜੇ ਵਿਦਵਾਨ ਸ਼ਾਮਲ ਹੋਏ?**

**ਉੱਤਰ** : (1) ਸਿੰਘ ਸਾਹਿਬ ਜਥੇਦਾਰ ਮੋਹਨ ਸਿੰਘ ਜੀ—ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ।

(2) ਭਾਈ ਸਾਹਿਬ ਭਾਈ ਅੱਛਰ ਸਿੰਘ ਜੀ—ਹੈੱਡ ਗ੍ਰੰਥੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ।

(3) ਪ੍ਰੋਫੈਸਰ ਤੇਜਾ ਸਿੰਘ ਜੀ (ਐਮ. ਏ.)—ਖ਼ਾਲਸਾ ਕਾਲਜ, ਅੰਮ੍ਰਿਤਸਰ।

(4) ਪ੍ਰੋਫੈਸਰ ਗੰਗਾ ਸਿੰਘ ਜੀ—ਪ੍ਰਿੰਸੀਪਲ, ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ।

(5) ਗਿਆਨੀ ਲਾਲ ਸਿੰਘ ਜੀ (ਐਮ. ਏ.)—ਪ੍ਰੋਫੈਸਰ, ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ।

(6) ਪ੍ਰੋਫੈਸਰ ਸ਼ੇਰ ਸਿੰਘ ਜੀ (ਐਮ. ਐਸ. ਸੀ.)—ਗੌਰਮਿੰਟ ਕਾਲਜ, ਲੁਧਿਆਣਾ।

(7) ਬਾਵਾ ਪ੍ਰੇਮ ਸਿੰਘ ਜੀ ਹੋਤੀ—ਪ੍ਰਸਿੱਧ ਹਿਸਟੋਰੀਅਨ।

(8) ਗਿਆਨੀ ਬਾਦਲ ਸਿੰਘ ਜੀ—ਇੰਚਾਰਜ ਸਿੱਖ ਮਿਸ਼ਨ, ਹਾਪੜ।

**ਪ੍ਰਸ਼ਨ 8. ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇ-ਅਦਬੀ ਹੋਣ ਤੋਂ ਬਚਾਅ ਲਈ ਕੀ ਕਰਨਾ ਚਾਹੀਦਾ ਹੈ?**

**ਉੱਤਰ** : (ੳ) ਜਦੋਂ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਰਹੇ, ਉਸ ਸਮੇਂ ਤੱਕ ਕੋਈ ਨਾ ਕੋਈ ਸੇਵਾਦਾਰ ਹਾਜ਼ਰ ਹੋਣਾ ਚਾਹੀਦਾ ਹੈ।

(ਅ) ਦੀਵਾਨ ਸਮੇਂ ਇਕ ਸੇਵਾਦਾਰ ਗੁਰੂ ਦਰਬਾਰ ਦੇ ਬਾਹਰ ਸੇਵਾ ਲਈ ਤਤਪਰ ਰਹੇ।

(ੲ) ਸਮਾਪਤੀ ਤੋਂ ਬਾਅਦ ਦਰਵਾਜ਼ੇ ਬੰਦ ਕਰ ਦਿੱਤੇ ਜਾਣ।

**ਪ੍ਰਸ਼ਨ 9. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਲਈ ਸਥਾਨ ਕਿਹੋ ਜਿਹਾ ਹੋਵੇ?**

**ਉੱਤਰ** : (ੳ) ਸਥਾਨ ਸਾਫ਼ ਸੁਥਰਾ ਹੋਵੇ, ਆਮ ਲੋਕਾਂ ਦਾ ਲਾਂਘਾ ਨਾ ਹੋਵੇ।

(ਅ) ਤੰਗ ਗਲੀਆਂ, ਗੰਦੀਆਂ ਬਸਤੀਆਂ/ਬਾਜ਼ਾਰਾਂ ਜਾਂ ਹੋਟਲਾਂ ਵਿਚ ਬਦਬੂਦਾਰ ਨਾਲੀਆਂ ਦੇ ਨੇੜੇ ਪ੍ਰਕਾਸ਼ ਨਹੀਂ ਕਰਨਾ ਚਾਹੀਦਾ।

(ੲ) ਜੇਕਰ ਘਰ ਵਿਚ ਪ੍ਰਕਾਸ਼ ਕਰਨਾ ਹੋਵੇ ਤਾਂ ਪ੍ਰਕਾਸ਼-ਯੋਗ ਨਿਵੇਕਲਾ ਕਮਰਾ ਹੋਵੇ ਜਿਥੇ ਘਰ ਦੀ ਕੋਈ ਵਾਧੂ ਵਸਤੂ ਨਾ ਪਈ ਹੋਵੇ।

**ਪ੍ਰਸ਼ਨ 10. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਲਈ ਕੀ-ਕੀ ਸਮਾਨ ਦੀ ਲੋੜ ਹੈ?**

**ਉੱਤਰ** : ਚੰਦੋਆ (ਚਾਂਦਨੀ), ਮੰਜੀ ਸਾਹਿਬ, ਸਾਫ਼-ਸੁਥਰੇ ਬਸਤਰ (ਦੋ ਰੁਮਾਲੇ ਪਲਕਾਂ ਸਹਿਤ), ਗਦੇਲਾ, ਤਿੰਨ ਗੱਦੀਆਂ, ਸੁਖ-ਆਸਣ ਕਰਨ ਲਈ ਦੋ ਚਿੱਟੇ ਰੁਮਾਲੇ ਅਤੇ ਚੌਰ ਚਾਹੀਦਾ ਹੈ।

**ਪ੍ਰਸ਼ਨ 11. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਿਵੇਂ ਕੀਤਾ ਜਾਵੇ?**

**ਉੱਤਰ** : (ੳ) ਪ੍ਰਕਾਸ਼ ਕਰਨ ਲਈ ਪਹਿਲਾਂ ਅਰਦਾਸ ਕੀਤੀ ਜਾਵੇ।

(ਅ) ਪ੍ਰਕਾਸ਼ ਕਰਦੇ ਸਮੇਂ ਬੇਨਤੀ ਦੇ ਸ਼ਬਦ ਮਿੱਠੀ ਲੈਅ ਵਿਚ ਪੜ੍ਹਦੇ ਹੋਏ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਸੀਸ ਉੱਪਰ ਰੱਖ ਕੇ ਇਕ ਹੱਥ ਨਾਲ ਸੰਭਾਲ ਕੀਤੀ ਜਾਵੇ ਅਤੇ ਦੂਸਰੇ ਹੱਥ ਨਾਲ ਰੁਮਾਲਾ, ਗੱਦੀਆਂ ਆਦਿ ਦੀ ਵਿਛਾਈ ਮੰਜੀ ਸਾਹਿਬ ਉਤੇ ਕੀਤੀ ਜਾਵੇ ਅਤੇ ਪੂਰਨ ਸਤਿਕਾਰ ਨਾਲ ਪ੍ਰਕਾਸ਼ ਕਰਕੇ ਉੱਪਰ ਰੁਮਾਲਾ ਪਾਇਆ ਜਾਵੇ।

(ੲ) ਫਿਰ ਇਕ ਸ਼ਬਦ ਦਾ ਵਾਕ (ਹੁਕਮਨਾਮਾ) ਲਿਆ ਜਾਵੇ।

**ਪ੍ਰਸ਼ਨ 12. ਦੀਵਾਨ ਸਜਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਕਿੱਥੋਂ ਲਿਆਂਦੀ ਜਾਵੇ?**

**ਉੱਤਰ** : ਨੇੜੇ ਦੇ ਗੁਰਦੁਆਰਾ ਸਾਹਿਬ ਤੋਂ ਜਾਂ ਕਿਸੇ ਦੇ ਘਰ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਵੇ, ਉਥੋਂ ਲਿਆਂਦੀ ਜਾਵੇ। ਸਾਰਾ ਰਸਤਾ ਪਹਿਲਾਂ ਹੀ ਚੰਗੀ ਤਰ੍ਹਾਂ ਸਾਫ਼ ਕੀਤਾ ਜਾਵੇ।

**ਪ੍ਰਸ਼ਨ 13. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਇਕ ਥਾਂ ਤੋਂ ਦੂਜੀ ਥਾਂ ਲਿਜਾਣ ਦਾ ਕੀ ਨਿਯਮ ਹੈ?**

**ਉੱਤਰ** : (ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕਮਰਕੱਸਾ ਕਰਕੇ ਅਰਦਾਸ ਕੀਤੀ ਜਾਵੇ।

(ਅ) ਘੱਟੋ-ਘੱਟ ਪੰਜ ਸਿੰਘ ਹੋਣ ਜੋ ਕਿ ਮਿੱਠੀ ਲੈਅ ਵਿਚ ਸ਼ਬਦ ਪੜ੍ਹਦੇ ਜਾਂ ਸਤਿਨਾਮ-ਵਾਹਿਗੁਰੂ ਦਾ ਜਾਪ ਕਰਦੇ ਨਾਲ ਚੱਲਣ।



(ੲ) ਜਿਸ ਨੇ ਗੁਰੂ ਸਾਹਿਬ ਦਾ ਸਰੂਪ ਸੀਸ ਉੱਤੇ ਚੁੱਕਿਆ ਹੋਵੇ, ਪੈਰੋਂ ਨੰਗਾ ਚੱਲੇ ਪਰ ਕਿਸੇ ਖ਼ਾਸ ਮੌਕੇ ਜੋੜਾ ਪਾਉਣ ਦੀ ਲੋੜ ਪੈ ਜਾਵੇ ਤਾਂ ਭਰਮ ਨਹੀਂ ਕਰਨਾ।

**ਪ੍ਰਸ਼ਨ 14. ਕਈ ਸੱਜਣ ਕਹਿੰਦੇ ਹਨ ਕਿ ਹੁਕਮਨਾਮਾ ਜੇ ਸਵੇਰੇ ਲੈਣਾ ਹੋਵੇ ਤਾਂ ਉਪਰੋਂ, ਜੇ ਦੁਪਹਿਰੇ ਲੈਣਾ ਹੋਵੇ ਤਾਂ ਵਿਚਕਾਰੋਂ, ਜੇ ਸ਼ਾਮ ਜਾਂ ਰਾਤ ਨੂੰ ਲੈਣਾ ਹੋਵੇ ਤਾਂ ਹੇਠੋਂ ਲੈਣਾ ਚਾਹੀਦਾ ਹੈ। ਕੀ ਇਹ ਗੱਲ ਠੀਕ ਹੈ?**

**ਉੱਤਰ** : ਹੁਕਮਨਾਮਾ ਭਾਵੇਂ ਸਵੇਰੇ, ਦੁਪਹਿਰੇ ਜਾਂ ਸ਼ਾਮ (ਰਾਤ) ਵੇਲੇ ਲੈਣਾ ਹੋਵੇ ਤਾਂ ਇਕੋ ਹੀ ਮਰਯਾਦਾ ਹੈ ਕਿ ਖੱਬੇ ਪੰਨੇ ਉਪਰੋਂ ਪਹਿਲਾ ਸ਼ਬਦ ਅਰੰਭ ਤੋਂ ਪੜ੍ਹਨਾ ਹੈ।

**ਪ੍ਰਸ਼ਨ 15. ਹੁਕਮਨਾਮਾ (ਵਾਕ) ਲੈਣ ਸਮੇਂ ਕੁਝ ਪੰਨੇ ਖੱਬੇ ਪਾਸਿਉਂ ਅਤੇ ਕੁਝ ਪੰਨੇ ਸੱਜਿਉਂ ਪਾਸੇ ਲੈ ਕੇ, ਮਿਲਾ ਕੇ ਫਿਰ ਕਿਸੇ ਪੰਨੇ ਤੋਂ ਹੁਕਮ ਲੈਣਾ, ਕੀ ਇਹ ਯੋਗ ਹੈ?**

**ਉੱਤਰ** : ਅਜਿਹਾ ਕਰਨਾ ਯੋਗ ਨਹੀਂ। ਹੁਕਮ ਲੈਣ ਵੇਲੇ ਮਰਯਾਦਾ ਅਨੁਸਾਰ ਇਕ ਬੇਨਤੀ ਦਾ ਸ਼ਬਦ (ਮੰਗਲਾ ਚਰਨ) ਪੜ੍ਹਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਰੁਮਾਲਾ ਚੁੱਕਣ ਸਾਰ ਖੱਬੇ ਪੰਨੇ 'ਤੇ ਆਇਆ ਪਹਿਲਾ ਸ਼ਬਦ ਅਰੰਭ ਤੋਂ ਪੜ੍ਹਨਾ ਹੀ ਯੋਗ ਹੈ।

**ਪ੍ਰਸ਼ਨ 16. ਹੁਕਮਨਾਮਾ ਅਰਦਾਸ ਕਰਨ ਤੋਂ ਪਹਿਲਾਂ ਜਾਂ ਬਾਅਦ ਵਿਚ ਲਿਆ ਜਾਣਾ ਚਾਹੀਦਾ ਹੈ?**

**ਉੱਤਰ** : ਦੀਵਾਨ ਦੀ ਸਮਾਪਤੀ 'ਤੇ ਅਰਦਾਸ ਹੋਣ ਉਪਰੰਤ, ਜੈਕਾਰੇ ਤੋਂ ਬਾਅਦ ਹੁਕਮਨਾਮਾ (ਵਾਕ) ਲੈਣ ਦੀ ਮਰਯਾਦਾ ਹੈ।

**ਪ੍ਰਸ਼ਨ 17. ਜੇਕਰ ਕਿਸੇ ਖੁਸ਼ੀ ਦੇ ਮੌਕੇ ਹੁਕਮਨਾਮਾ ਗੁਰੂ ਤੇਗ ਬਹਾਦਰ ਸਾਹਿਬ ਦੀ ਵੈਰਾਗਮਈ ਬਾਣੀ ਵਿਚੋਂ ਆ ਜਾਵੇ ਤਾਂ ਕੀ ਦੁਬਾਰਾ ਫਿਰ ਹੋਰ ਵਾਕ ਲੈਣਾ ਠੀਕ ਹੈ?**

**ਉੱਤਰ** : ਇਸ ਤਰ੍ਹਾਂ ਕਰਨਾ ਯੋਗ ਨਹੀਂ। ਅਰਦਾਸ ਕਰ ਕੇ ਇਕੋ ਵਾਰ ਹੀ ਹੁਕਮਨਾਮਾ (ਵਾਕ) ਲੈਣਾ ਹੈ। ਆਪਣੀ ਮਰਜ਼ੀ ਅਨੁਸਾਰ ਹੁਕਮਨਾਮਾ ਪ੍ਰਾਪਤ ਕਰਨਾ ਗੁਰਮਤਿ ਵਿਚ ਪ੍ਰਵਾਨ ਨਹੀਂ।

**ਪ੍ਰਸ਼ਨ 18. ਹੁਕਮਨਾਮੇ ਦੇ ਸਮੇਂ ਕੀ ਸੰਗਤ ਨੂੰ ਨਾਲ-ਨਾਲ ਉਸ ਸ਼ਬਦ ਦਾ ਉਚਾਰਨ ਕਰਨ ਦੀ ਆਗਿਆ ਹੈ?**

**ਉੱਤਰ** : ਹੁਕਮਨਾਮੇ ਦੇ ਨਾਲ-ਨਾਲ ਉਸ ਸ਼ਬਦ ਦਾ ਸੰਗਤ ਵਲੋਂ ਉਚਾਰਨ ਕੀਤਾ ਜਾਣਾ ਯੋਗ ਨਹੀਂ, ਸਗੋਂ ਮਨ-ਬਿਰਤੀ ਇਕਾਗਰ ਕਰਕੇ, ਹੁਕਮਨਾਮੇ

ਵਿਚਲੀ ਆਈ ਵਿਚਾਰ ਨੂੰ ਸਤਿਗੁਰੂ ਜੀ ਦਾ ਸ਼ਾਹੀ ਫੁਰਮਾਨ ਸਮਝਦੇ ਹੋਏ, ਪਿਆਰ ਨਾਲ ਸਰਵਣ ਕਰਨ ਦੀ ਮਰਯਾਦਾ ਹੈ।

**ਪ੍ਰਸ਼ਨ 19. ਕਈ ਗ੍ਰੰਥੀ ਸਿੰਘ ਵੱਖ-ਵੱਖ ਮੌਕਿਆਂ 'ਤੇ ਕੁਝ ਚੋਣਵੇਂ ਹੁਕਮਨਾਮੇ ਕੱਢ ਕੇ ਸੁਣਾਉਂਦੇ ਹਨ। ਕੀ ਐਸਾ ਕਰਨਾ ਠੀਕ ਹੈ?**

**ਉੱਤਰ** : ਨਹੀਂ, ਇਸ ਤਰ੍ਹਾਂ ਕਰਨਾ ਯੋਗ ਨਹੀਂ। ਆਪਣੀ ਮਨ-ਮਰਜ਼ੀ ਅਨੁਸਾਰ ਹੁਕਮਨਾਮਾ ਚੁਣ ਕੇ ਸੰਗਤ ਨੂੰ ਸੁਣਾਉਣਾ ਨਿਰੋਲ ਮਨਮਤਿ ਹੈ।

**ਪ੍ਰਸ਼ਨ 20. ਕੀ ਹਰ ਇਕ ਸਿੱਖ ਲਈ ਰੋਜ਼ਾਨਾ ਹੁਕਮ ਲੈਣਾ ਜ਼ਰੂਰੀ ਹੈ? ਜੇਕਰ ਸਫ਼ਰ ਜਾਂ ਕਿਸੇ ਔਕੜ ਵਿਚ ਹੋਵੇ ਤਾਂ ਕੀ ਕਰੇ?**

**ਉੱਤਰ** : ਹਰ ਸਿੱਖ ਅੰਮ੍ਰਿਤ ਵੇਲੇ ਪ੍ਰਸ਼ਾਦ ਛਕਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਜ਼ਰੂਰ ਲਵੇ। ਜੇ ਸਵੇਰੇ ਉਕਾਈ ਹੋ ਜਾਵੇ ਤਾਂ ਦਿਨ ਵਿਚ ਕਿਸੇ ਸਮੇਂ ਲਵੇ। ਜੇਕਰ ਸਫਰ ਜਾਂ ਕਿਸੇ ਔਕੜ ਵੇਲੇ ਹੁਕਮ ਲੈਣ ਤੋਂ ਅਸਮਰਥ ਹੋਵੇ ਤਾਂ ਸ਼ੰਕਾ ਨਹੀਂ ਕਰਨੀ।

**ਪ੍ਰਸ਼ਨ 21. ਕਈ ਰਾਗੀ, ਕੀਰਤਨ ਸਮੇਂ ਕੁਝ ਸ਼ਬਦ ਫ਼ਿਲਮੀ ਧੁਨਾਂ ਉਤੇ ਪੜ੍ਹਦੇ ਹਨ, ਕੀ ਇਹ ਠੀਕ ਹੈ?**

**ਉੱਤਰ** : (ੳ) ਅਜਿਹਾ ਕਰਨਾ ਗੁਰਮਤਿ ਦੇ ਵਿਰੁੱਧ ਹੈ, ਕਿਉਂਕਿ ਸੰਗਤ ਦੀ ਇਕਾਗਰ ਹੋਈ ਬਿਰਤੀ ਟੁੱਟ ਜਾਂਦੀ ਹੈ, ਸ਼ਬਦ ਵਿਚੋਂ ਨਾਮ ਦਾ ਰਸ ਅਲੋਪ ਹੋ ਜਾਂਦਾ ਹੈ, ਇਸ ਤਰ੍ਹਾਂ ਗੁਰੂ ਦੀ ਖੁਸ਼ੀ ਹਾਸਲ ਨਹੀਂ ਹੋ ਸਕਦੀ।

(ਅ) ਅਜਿਹੇ ਰਾਗੀ ਸਿੰਘਾਂ ਨੂੰ ਪਿਆਰ ਨਾਲ ਸਮਝਾਉਣ ਦੀ ਲੋੜ ਹੈ। ਜੇ ਨਾ ਸਮਝਣ ਤਾਂ ਅਜਿਹੇ ਰਾਗੀਆਂ ਪਾਸੋਂ ਕੀਰਤਨ ਦੀ ਸੇਵਾ ਲੈਣ ਤੋਂ ਸੰਕੋਚ ਕਰਨਾ ਹੀ ਯੋਗ ਹੋਵੇਗਾ।

**ਪ੍ਰਸ਼ਨ 22. (ੳ) ਨਿਰਧਾਰਤ-ਰਾਗਾਂ ਵਿਚ ਕੀਰਤਨ ਕਰਨ ਤੋਂ ਕੀ ਭਾਵ ਹੈ?**
**(ਅ) ਨਿਰਧਾਰਤ-ਰਾਗਾਂ ਵਿਚ ਕੀਰਤਨ ਕਰਨ ਦੀ ਕੀ ਮਹੱਤਤਾ ਹੈ?**

**ਉੱਤਰ** : (ੳ) ਜਿਸ ਰਾਗ ਵਿਚ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ, ਉਸੇ ਰਾਗ ਵਿਚ ਹੀ ਸ਼ਬਦ ਨੂੰ ਗਾਉਣਾ, ਨਿਰਧਾਰਤ ਰਾਗ ਵਿਚ ਕੀਰਤਨ ਕਰਨਾ ਹੈ।

(ਅ) ਨਿਰਧਾਰਤ-ਰਾਗਾਂ ਵਿਚ ਪੜ੍ਹੇ ਜਾਂਦੇ ਸ਼ਬਦਾਂ ਨਾਲ ਮਨ ਵਧੇਰੇ ਇਕਾਗਰ ਹੁੰਦਾ ਹੈ। ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਗੁਰੂ ਸਾਹਿਬਾਨ ਦੇ ਸਮੇਂ ਤੋਂ ਹੁਣ ਤੱਕ ਇਹ ਮਰਯਾਦਾ ਜਾਰੀ ਹੈ ਕਿ ਕੀਰਤਨੀਆ ਪਹਿਲਾ ਸ਼ਬਦ ਨਿਰਧਾਰਤ ਰਾਗ ਵਿਚ ਪੜ੍ਹਦਾ ਹੈ।



**ਪ੍ਰਸ਼ਨ 23. ਕੀ ਸ਼ਬਦ ਕੀਰਤਨ ਕਰਦੇ ਹੋਏ, ਵਿਚ-ਵਿਚ, ਕਥਾ ਜਾਂ ਵਿਆਖਿਆ ਕਰਨੀ ਯੋਗ ਹੈ?**

**ਉੱਤਰ** : ਅਜਿਹਾ ਕਰਨਾ ਯੋਗ ਨਹੀਂ। ਕੀਰਤਨ ਤੋਂ ਭਾਵ ਨਿਰੋਲ ਕੀਰਤਨ ਹੈ, ਕਥਾ ਨਹੀਂ। ਅਜਿਹਾ ਕਰਨ ਨਾਲ ਸੰਗਤ ਦੀ ਇਕਾਗਰ ਹੋਈ ਬਿਰਤੀ ਟੁੱਟਦੀ ਹੈ ਅਤੇ ਸ਼ਬਦ ਕੀਰਤਨ ਦਾ ਰਸ ਅਲੋਪ ਹੋ ਜਾਂਦਾ ਹੈ। ਕੀਰਤਨ ਦੇ ਉਪਰੰਤ ਸ਼ਬਦ ਵੀਚਾਰ (ਕਥਾ) ਕਰਨ ਦਾ ਵਿਧਾਨ ਹੈ।

**ਪ੍ਰਸ਼ਨ 24. 'ਕੀਰਤਨੀਏ ਸਿੰਘ' ਸੰਗਤ ਨੂੰ ਸ਼ਬਦ ਕੀਰਤਨ ਦੇ ਰਸ ਨਾਲ ਕਿਵੇਂ ਜੋੜ ਸਕਦੇ ਹਨ?**

**ਉੱਤਰ** : ਜਿਸ ਕੀਰਤਨੀਏ ਦੀ ਆਪਣੀ ਬਿਰਤੀ ਗਾਏ ਜਾ ਰਹੇ ਸ਼ਬਦ ਦੁਆਰਾ ਪ੍ਰਭੂ ਵਿਚ ਜੁੜੀ ਹੋਵੇਗੀ, ਉਹ ਕੀਰਤਨੀਆ ਸੰਗਤ ਨੂੰ ਪ੍ਰਭੂ ਨਾਲ ਜੋੜ ਸਕਦਾ ਹੈ। ਉਸ ਨੂੰ ਖੁਦ ਕੀਰਤਨ ਦਾ ਅਨੰਦ ਆਵੇ ਤਾਂ ਹੀ ਸੰਗਤ ਨੂੰ ਸ਼ਬਦ ਕੀਰਤਨ ਦਾ ਰਸ ਪ੍ਰਾਪਤ ਹੁੰਦਾ ਹੈ।

**ਪ੍ਰਸ਼ਨ 25. ਕੀਰਤਨ ਦੌਰਾਨ ਸੰਗਤ ਵਲੋਂ ਆਉਂਦੀ ਮਾਇਆ ਦੇ ਨਾਲੋ-ਨਾਲ ਅਰਦਾਸੇ ਕਰਨਾ, ਕੀ ਇਹ ਯੋਗ ਹੈ?**

**ਉੱਤਰ** : ਅਜਿਹਾ ਕਰਨਾ ਯੋਗ ਨਹੀਂ। ਕੀਰਤਨ ਕਰਦੇ ਸਮੇਂ ਕੀਰਤਨੀਏ ਸਿੰਘ ਨੂੰ ਅੰਤਰਮੁਖੀ ਹੋ ਕੇ ਭਾਵ ਇਕਾਗਰ ਚਿੱਤ ਹੋ ਕੇ ਸ਼ਬਦ ਵਿਚ ਜੁੜ ਕੇ ਕੀਰਤਨ ਕਰਨਾ ਸ਼ੋਭਦਾ ਹੈ। ਕੀਰਤਨ ਦੇ ਸਤਿਕਾਰ ਵਿਚ ਆਈ ਮਾਇਆ ਪ੍ਰਤੀ ਕੇਵਲ ਸਮਾਪਤੀ 'ਤੇ ਹੀ ਸਮੁੱਚੀ ਅਰਦਾਸ ਕਰਨੀ ਠੀਕ ਹੈ।

**ਪ੍ਰਸ਼ਨ 26. ਕਈ ਰਾਗੀ ਸਿੰਘ ਕੀਰਤਨ ਕਰਦੇ ਸਮੇਂ ਸਾਜ਼ ਬਹੁਤ ਉੱਚੀ ਆਵਾਜ਼ ਵਿਚ ਵਜਾਉਂਦੇ ਹਨ ਪ੍ਰੰਤੂ ਉਨ੍ਹਾਂ ਵਲੋਂ ਪੜ੍ਹੇ ਜਾ ਰਹੇ ਸ਼ਬਦ ਦੀ ਪੂਰੀ ਸਮਝ ਨਹੀਂ ਆਉਂਦੀ। ਕੀ ਐਸਾ ਕਰਨਾ ਯੋਗ ਹੈ?**

**ਉੱਤਰ** : ਅਜਿਹਾ ਕਰਨਾ ਯੋਗ ਨਹੀਂ। ਕੀਰਤਨ ਕਰਦੇ ਸਮੇਂ ਸ਼ਬਦ ਦਾ ਉਚਾਰਨ ਸ਼ੁੱਧ ਤੇ ਸਪੱਸ਼ਟ, ਉੱਚੀ ਆਵਾਜ਼ ਵਿਚ ਹੋਣਾ ਚਾਹੀਦਾ ਹੈ। ਸਾਜ਼ ਤਾਂ ਕੇਵਲ ਰਾਗ ਦੀ ਲੈਅ-ਤਾਲ ਪੂਰਾ ਕਰਨ ਲਈ ਸਹਿਯੋਗੀ ਹਨ, ਜਿਨ੍ਹਾਂ ਦੀ ਆਵਾਜ਼ ਜਿਤਨੀ ਧੀਮੀ ਹੋਵੇ, ਉਤਨਾ ਵਧੇਰੇ ਅਨੰਦ ਆਉਂਦਾ ਹੈ।

**ਪ੍ਰਸ਼ਨ 27. ਕੀਰਤਨੀਏ ਸਿੰਘਾਂ ਦੀ ਪੁਸ਼ਾਕ ਕਿਹੋ ਜਿਹੀ ਹੋਵੇ?**

**ਉੱਤਰ** : ਸੰਗਤ ਵਿਚ ਕੀਰਤਨੀਏ ਸਿੰਘਾਂ ਦੀ ਪੁਸ਼ਾਕ ਗੁਰਮੁਖੀ, ਸਾਦੀ ਤੇ ਇਕਸਾਰ ਹੋਵੇ ਤਾਂ ਸੰਗਤੀ ਪ੍ਰਭਾਵ ਚੰਗਾ ਪੈਂਦਾ ਹੈ।

**ਪ੍ਰਸ਼ਨ 28. ਸੰਗਤ ਵਿਚ ਕਥਾ ਕਿਹੜੀ ਬਾਣੀ/ਗ੍ਰੰਥ/ਪੋਥੀ/ਇਤਿਹਾਸ ਦੀ ਹੋ ਸਕਦੀ ਹੈ?**

ਉੱਤਰ : ਸੰਗਤ ਵਿਚ ਕਥਾ ਦਸ ਗੁਰੂ ਸਾਹਿਬਾਨ ਦੀ ਬਾਣੀ, ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਸਿੰਘ ਜੀ ਦੀ ਰਚਨਾ, ਪੰਥ ਪ੍ਰਮਾਣਤ ਪੁਸਤਕ ਜਾਂ ਇਤਿਹਾਸ ਦੀ ਪੁਸਤਕ (ਜੋ ਗੁਰਮਤਿ ਅਨੁਕੂਲ ਹੋਵੇ) ਦੀ ਹੋ ਸਕਦੀ ਹੈ।

**ਪ੍ਰਸ਼ਨ 29. ਕੀ ਸੰਗਤ ਵਿਚ ਕਿਸੇ ਅਨਮਤ ਦੇ ਗ੍ਰੰਥ ਜਾਂ ਪੁਸਤਕ ਦੀ ਕਥਾ ਹੋ ਸਕਦੀ ਹੈ?**

ਉੱਤਰ : ਕਿਸੇ ਅਨਮਤ ਦੀ ਕਿਸੇ ਵੀ ਪੁਸਤਕ ਦੀ ਕਥਾ ਸੰਗਤ ਵਿਚ ਨਹੀਂ ਹੋ ਸਕਦੀ। ਪ੍ਰੰਤੂ ਕਿਸੇ ਮਹਾਤਮਾ ਜਾਂ ਕਿਸੇ ਪੁਸਤਕ ਦੀ ਉੱਤਮ ਸਿੱਖਿਆ ਦਾ ਪ੍ਰਮਾਣ ਲਿਆ ਜਾ ਸਕਦਾ ਹੈ।

**ਪ੍ਰਸ਼ਨ 30. ਕਈ ਪਾਠੀ, ਅਖੰਡ ਪਾਠ ਅਰੰਭ ਕਰਨ ਵੇਲੇ ਅਰਦਾਸ ਉਪਰੰਤ ਹੁਕਮਨਾਮਾ ਲੈ ਕੇ ਪਾਠ ਸ਼ੁਰੂ ਕਰਨ ਤੋਂ ਪਹਿਲਾਂ ਫਿਰ ਸੰਗਤ ਪਾਸੋਂ ਆਗਿਆ ਮੰਗਦੇ ਹਨ, ਕੀ ਅਜਿਹਾ ਕਰਨਾ ਠੀਕ ਹੈ?**

ਉੱਤਰ : ਪਾਠ ਦੀ ਅਰੰਭਤਾ ਲਈ ਗੁਰੂ ਸਾਹਿਬਾਨ ਪਾਸੋਂ ਅਰਦਾਸ ਕਰਕੇ ਆਗਿਆ ਲੈਣ ਉਪਰੰਤ ਦੁਬਾਰਾ ਸੰਗਤ ਪਾਸੋਂ ਫਿਰ ਆਗਿਆ ਮੰਗਣ ਦੀ ਕੋਈ ਮਰਯਾਦਾ ਨਹੀਂ। ਹੁਕਮਨਾਮੇ ਉਪਰੰਤ ਪਾਠ ਅਰੰਭ ਕਰ ਦੇਣਾ ਹੀ ਯੋਗ ਹੈ।

**ਪ੍ਰਸ਼ਨ 31. ਕੀ ਸਹਿਜ ਪਾਠ ਜਾਂ ਅਖੰਡ ਪਾਠ ਕਰਾਉਣ ਦੀ ਕੋਈ ਭੇਟਾ ਨਿਯਤ ਹੈ ਜਾਂ ਨਿਯਤ ਕਰਨਾ ਯੋਗ ਹੈ?**

ਉੱਤਰ : ਸਹਿਜ ਪਾਠ ਜਾਂ ਅਖੰਡ ਪਾਠ ਦੀ ਕੋਈ ਭੇਟਾ ਨਿਯਤ ਨਹੀਂ ਤੇ ਨਾ ਹੀ ਕੀਤੀ ਜਾਣੀ ਯੋਗ ਹੈ। ਰਹਿਤ ਮਰਯਾਦਾ ਅਨੁਸਾਰ ਹੁਕਮ ਹੈ ਕਿ ਪਾਠੀ ਦੀ ਯਥਾ ਸ਼ਕਤਿ ਭੋਜਨ, ਬਸਤਰ ਆਦਿ ਨਾਲ ਯੋਗ ਸੇਵਾ ਕੀਤੀ ਜਾਵੇ।

**ਪ੍ਰਸ਼ਨ 32. ਕਈ ਪਾਠੀ, ਅਖੰਡ ਪਾਠ ਕਰਾਉਣ ਵਾਲੇ ਪਾਸੋਂ ਲੰਬੀ ਲਿਸਟ ਬਣਾ ਕੇ ਅਖੰਡ ਪਾਠ ਦੀ ਸਮੱਗਰੀ ਦੀ ਮੰਗ ਕਰਦੇ ਹਨ, ਕੀ ਇਸ ਦੀ ਲੋੜ ਹੈ?**

ਉੱਤਰ : ਸਿੱਖ ਰਹਿਤ ਮਰਯਾਦਾ ਵਿਚ ਐਸੀ ਕੋਈ ਵਿਸ਼ੇਸ਼ ਸਮੱਗਰੀ ਦਾ ਬਿਲਕੁਲ ਜ਼ਿਕਰ ਨਹੀਂ। ਕਿਸੇ ਵੀ ਸਮੱਗਰੀ ਦਾ ਅਖੰਡ ਪਾਠ ਨਾਲ ਕੋਈ ਸੰਬੰਧ ਨਹੀਂ।



**ਪ੍ਰਸ਼ਨ 33. ਕੀ ਅਖੰਡ ਪਾਠ ਸਮੇਂ ਕੁੰਭ ਨਲੀਏਰ ਰੱਖਣਾ ਜਾਂ ਨਾਲ-ਨਾਲ ਕਿਸੇ ਹੋਰ ਬਾਣੀ ਦਾ ਪਾਠ ਕਰਨਾ ਠੀਕ ਹੈ?**

ਉੱਤਰ : ਅਖੰਡ ਪਾਠ ਜਾਂ ਹੋਰ ਕਿਸੇ ਤਰ੍ਹਾਂ ਦੇ ਪਾਠ ਵੇਲੇ ਕੁੰਭ, ਜੋਤ, ਨਲੀਏਰ ਆਦਿ ਰੱਖਣਾ ਜਾਂ ਨਾਲ-ਨਾਲ ਜਾਂ ਵਿਚ-ਵਿਚ ਕਿਸੇ ਹੋਰ ਬਾਣੀ ਦਾ ਪਾਠ ਜਾਰੀ ਰੱਖਣਾ ਮਨਮਤਿ ਹੈ।

**ਪ੍ਰਸ਼ਨ 34. ਅਖੰਡ ਪਾਠ ਦੀ ਅਰੰਭਤਾ ਕਦੋਂ ਹੋਈ?**

ਉੱਤਰ : ਜਦੋਂ ਸਿੱਖ ਕੌਮ ਉਤੇ ਭੀੜ ਆ ਬਣੀ, ਸਿੱਖ ਜੰਗਾਂ-ਯੁੱਧਾਂ, ਜੰਗਲਾਂ ਵਿਚ ਰਹਿਣ ਲੱਗੇ। ਜਦੋਂ ਵੈਰੀ ਦੇ ਹਮਲੇ ਦਾ ਡਰ ਨਾ ਹੁੰਦਾ ਤੇ ਸਿੰਘ ਜੰਗਾਂ-ਯੁੱਧਾਂ ਤੋਂ ਵਿਹਲੇ ਹੁੰਦੇ ਤਾਂ ਇਕੱਠੇ ਹੋ ਕੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਅਰੰਭ ਕਰਕੇ ਲਗਾਤਾਰ ਪਾਠ ਕਰਕੇ ਸਮਾਪਤੀ ਕਰ ਲੈਂਦੇ ਅਤੇ ਅਰਦਾਸ ਕਰਕੇ ਅਕਾਲ ਪੁਰਖ ਦਾ ਸ਼ੁਕਰਾਨਾ ਕਰਦੇ। ਇਹ ਰੀਤੀ 'ਬੁੱਢਾ ਦਲ' ਨੇ ਜੰਗਾਂ-ਯੁੱਧਾਂ ਵਿਚ ਚਲਾਈ ਸੀ।

**ਪ੍ਰਸ਼ਨ 35. ਕੀ ਸੰਪਟ ਪਾਠ ਦੀ ਕੋਈ ਮਹੱਤਤਾ ਹੈ?**

ਉੱਤਰ : ਸਿੱਖ ਰਹਿਤ ਮਰਯਾਦਾ ਵਿਚ ਕੇਵਲ ਸਹਿਜ ਪਾਠ ਜਾਂ ਅਖੰਡ ਪਾਠ ਹੀ ਦਰਜ ਹੈ। ਸੰਪਟ ਪਾਠ ਦੀ ਕੋਈ ਮਹੱਤਤਾ ਨਹੀਂ ਹੈ ਤੇ ਨਾ ਹੀ ਕਿਧਰੇ ਇਸ ਦੀ ਮਹੱਤਤਾ ਲਿਖੀ ਮਿਲਦੀ ਹੈ।

**ਪ੍ਰਸ਼ਨ 36. ਕਈ ਵਾਰੀ ਅਖੰਡ ਪਾਠ ਕਰਵਾਉਣ ਵਾਲੇ, ਰਾਤ ਸਮੇਂ, ਪਾਠੀ ਕੋਲ ਬੈਠ ਕੇ ਪਾਠ ਸੁਣਦੇ-ਸੁਣਦੇ ਸੌਂ ਜਾਂਦੇ ਹਨ, ਕੀ ਅਜਿਹਾ ਕਰਨਾ ਯੋਗ ਹੈ?**

ਉੱਤਰ : ਜੇਕਰ ਅਖੰਡ ਪਾਠ ਕਰਵਾਉਣਾ ਹੋਵੇ ਤਾਂ ਕੋਲ ਬੈਠ ਕੇ ਸੁਣਨਾ ਅਤੀ ਜ਼ਰੂਰੀ ਹੈ। ਪਾਠੀ ਪਾਸ ਸੌਂ ਜਾਣਾ ਠੀਕ ਨਹੀਂ। ਇਸ ਤਰ੍ਹਾਂ ਕਰਨ ਨਾਲ ਪਾਠੀ ਨੂੰ ਵੀ "ਊਂਘਾਂ ਆਉਣੀਆਂ ਜਾਂ ਪਾਠੀ ਨੂੰ ਨੀਂਦ ਆਉਣੀ" ਕੁਦਰਤੀ ਗੱਲ ਹੋਵੇਗੀ, ਜੋ ਪਾਠ ਦੀ ਨਿਰਾਦਰੀ/ਬੇਅਦਬੀ ਦਾ ਕਾਰਨ ਬਣ ਸਕਦੀ ਹੈ।

**ਪ੍ਰਸ਼ਨ 37. ਕੀ ਮਾਇਆ ਭੇਜ ਕੇ ਕਿਸੇ ਪਾਸੋਂ ਅਖੰਡ ਪਾਠ ਕਰਵਾਉਣ ਨਾਲ ਕੀ ਪਾਠ ਦਾ ਫਲ ਉਸ ਪ੍ਰਾਣੀ ਨੂੰ ਮਿਲ ਸਕਦਾ ਹੈ?**

ਉੱਤਰ : ਪਾਠ ਦਾ ਫਲ ਉਸ ਪ੍ਰਾਣੀ ਨੂੰ ਹੀ ਮਿਲ ਸਕਦਾ ਹੈ ਜੋ ਆਪ ਪਾਠ ਕਰੇ ਜਾਂ ਪਾਠੀ ਦੇ ਕੋਲ ਬੈਠ ਕੇ ਧਿਆਨ ਨਾਲ ਸੁਣੇ। ਮਾਇਆ ਭੇਜ ਕੇ ਕਿਧਰੇ ਦੂਰ ਬੈਠੇ, ਅਖੰਡ ਪਾਠ ਦਾ ਫਲ ਪ੍ਰਾਪਤ ਨਹੀਂ ਹੋ ਸਕਦਾ।

**ਪ੍ਰਸ਼ਨ 38. ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਕੇਵਲ ਰੁਮਾਲਾ ਭੇਟ ਕਰਨਾ ਜ਼ਰੂਰੀ ਹੈ ਜਾਂ ਹੋਰ ਵੀ ਲੋੜ ਅਨੁਸਾਰ ਸੇਵਾ ਕੀਤੀ ਜਾ ਸਕਦੀ ਹੈ?**

**ਉੱਤਰ** : ਆਮ ਕਰਕੇ ਵੇਖਣ ਵਿਚ ਆਉਂਦਾ ਹੈ ਕਿ ਪਾਠ ਦੇ ਭੋਗ ਸਮੇਂ ਰੁਮਾਲਾ ਹੀ ਭੇਟਾ ਕੀਤਾ ਜਾਂਦਾ ਹੈ, ਭਾਵੇਂ ਰੁਮਾਲੇ ਪਹਿਲਾਂ ਹੀ ਕਾਫ਼ੀ ਹੋਣ। ਚਾਹੀਦਾ ਤਾਂ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ-ਸੰਭਾਲ ਲਈ ਜੋ ਵੀ ਵਸਤੂ ਲੋੜੀਂਦੀ ਹੋਵੇ, ਪਾਠ ਦੇ ਭੋਗ ਉਪਰੰਤ ਉਸ ਦੀ ਸੇਵਾ ਕੀਤੀ ਜਾਵੇ।

**ਪ੍ਰਸ਼ਨ 39. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਖ-ਆਸਣ ਲਈ ਕਿਤਨੇ ਰੁਮਾਲੇ ਲੋੜੀਂਦੇ ਹਨ ਅਤੇ ਕਿਹੋ ਜਿਹੇ ਹੋਣੇ ਚਾਹੀਦੇ ਹਨ?**

**ਉੱਤਰ** : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖ-ਆਸਣ ਕਰਨ ਵਾਸਤੇ ਦੋਹਰਾ ਰੁਮਾਲਾ ਹੋਣਾ ਜ਼ਰੂਰੀ ਹੈ। ਇਹ ਦੋਵੇਂ ਰੁਮਾਲੇ ਚਿੱਟੇ, ਵਧੀਆ, ਪ੍ਰੰਤੂ ਸਾਦੇ ਕੱਪੜੇ ਦੇ ਹੋਣੇ ਚਾਹੀਦੇ ਹਨ?

**ਪ੍ਰਸ਼ਨ 40. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲੇ ਕਿਹੋ-ਜਿਹੇ ਹੋਣੇ ਚਾਹੀਦੇ ਹਨ ਅਤੇ ਕੀ ਹਰ ਰੋਜ਼ ਬਦਲੀ ਕਰਨੇ ਚਾਹੀਦੇ ਹਨ?**

**ਉੱਤਰ** : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲੇ ਸਾਫ਼, ਸੁੰਦਰ ਤੇ ਸਾਦੇ ਹੋਣ। ਹਰ ਰੋਜ਼ ਰੁਮਾਲਿਆਂ ਨੂੰ ਬਦਲਦੇ ਰਹਿਣਾ ਯੋਗ ਹੈ। ਚਮਕੀਲੇ, ਭੜਕੀਲੇ ਅਤੇ ਗੁਰੂ ਸਾਹਿਬ ਦੀਆਂ ਫੋਟੋਆਂ ਵਾਲੇ ਰੁਮਾਲੇ ਚੜ੍ਹਾਉਣਾ ਠੀਕ ਨਹੀਂ ਹੈ।

**ਪ੍ਰਸ਼ਨ 41. ਕੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਦੇ ਉੱਪਰ ਵੀ ਚੰਦੋਆ ਹੋਣਾ ਜ਼ਰੂਰੀ ਹੈ?**

**ਉੱਤਰ** : ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਪਾਲਕੀ ਵਿਚ ਕਰਨਾ ਹੋਵੇ ਤਾਂ ਪਾਲਕੀ ਦੇ ਉੱਪਰ ਵੀ ਚੰਦੋਏ ਦਾ ਹੋਣਾ ਜ਼ਰੂਰੀ ਹੈ (ਭਾਵੇਂ ਪਾਲਕੀ ਦੇ ਵਿਚ ਵੀ ਚੰਦੋਆ ਲੱਗਾ ਹੋਵੇ।)

**ਪ੍ਰਸ਼ਨ 42. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਕਿਸੇ ਸਿੰਘ ਦਾ ਬੈਠਣਾ ਕਦੋਂ ਤੱਕ ਜ਼ਰੂਰੀ ਹੈ?**

**ਉੱਤਰ** : ਜਦੋਂ ਤੱਕ ਦੀਵਾਨ ਸਜਿਆ ਹੋਵੇ, ਉਸ ਸਮੇਂ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਗ੍ਰੰਥੀ ਸਿੰਘ ਜਾਂ ਕੋਈ ਹੋਰ ਸਿੱਖ ਦਾ ਬੈਠਣਾ ਜ਼ਰੂਰੀ ਹੈ।



**ਪ੍ਰਸ਼ਨ 43. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਬੈਠੇ ਸਿੰਘ ਦੀ ਕੀ ਡਿਊਟੀ ਹੈ?**

**ਉੱਤਰ** : ਸਜੇ ਹੋਏ ਦੀਵਾਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਬੈਠੇ ਸਿੰਘ ਦੀ ਮੁੱਖ ਡਿਊਟੀ ਸੁਚੇਤ ਹੋ ਕੇ ਬੈਠਦਿਆਂ ਸਤਿਕਾਰ ਨਾਲ ਗੁਰੂ ਗ੍ਰੰਥ ਸਾਹਿਬ ਜੀ ਉੱਪਰ ਚੌਰ ਕਰਨਾ ਹੈ। ਚੌਰ ਹੌਲੀ-ਹੌਲੀ ਖੱਬੇ-ਸੱਜੇ ਕਰਦਾ ਰਹੇ।

**ਪ੍ਰਸ਼ਨ 44. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਸਿੰਘ ਤੋਂ ਇਲਾਵਾ ਜੇਕਰ ਹੋਰ ਕੋਈ ਵਿਅਕਤੀ ਗੁਰੂ ਗ੍ਰੰਥ ਸਾਹਿਬ ਉੱਪਰ ਚੌਰ ਕਰੇ ਤਾਂ ਇਹ ਠੀਕ ਹੈ?**

**ਉੱਤਰ** : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਬੈਠੇ ਸਿੰਘ ਦੀ ਵਿਸ਼ੇਸ਼ ਡਿਊਟੀ ਹੀ ਗੁਰੂ ਸਾਹਿਬ ਉੱਪਰ ਚੌਰ ਕਰਨਾ ਹੈ। ਉਸ ਸਿੰਘ ਦੇ ਬੈਠਿਆਂ ਕਿਸੇ ਵੀ ਹੋਰ ਵਿਅਕਤੀ ਨੂੰ ਚੌਰ ਕਰਨ ਦੀ ਸੇਵਾ ਨਹੀਂ ਕਰਨੀ ਚਾਹੀਦੀ। ਕਈ ਵਾਰੀ ਕਈ ਸੱਜਣ ਤਾਬਿਆ ਬੈਠੇ ਸਿੰਘ ਉੱਪਰ ਹੀ ਚੌਰ ਕਰੀ ਜਾਂਦੇ ਹਨ ਜੋ ਕਿ ਠੀਕ ਨਹੀਂ ਹੈ।

**ਪ੍ਰਸ਼ਨ 45. ਚੌਰ ਕਿਹੋ ਜਿਹਾ ਹੋਵੇ ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਨੇੜੇ ਕਿੱਥੇ ਰੱਖਣਾ ਯੋਗ ਹੈ?**

**ਉੱਤਰ** : ਚੌਰ ਨਾਈਲੋਨ ਦੇ ਰੇਸ਼ਿਆਂ ਦਾ ਚਿੱਟਾ ਤੇ ਵਧੀਆ ਹੋਵੇ। ਚੌਰ ਰੱਖਣ ਲਈ ਗੁਰੂ ਸਾਹਿਬ ਦੀ ਬੀੜ ਦੇ ਨਾਲ ਵੱਖਰੀ ਚੌਕੀ/ਮੇਜ਼ ਉੱਪਰ ਰੁਮਾਲਾ ਵਿਛਾ ਕੇ ਸਤਿਕਾਰ ਨਾਲ ਰੱਖਣਾ ਹੀ ਯੋਗ ਹੈ।

**ਪ੍ਰਸ਼ਨ 46. ਸੰਗਤ ਵਿਚ ਕਿਹੜਾ ਪ੍ਰਸ਼ਾਦਿ ਪ੍ਰਵਾਨ ਹੈ?**

**ਉੱਤਰ** : ਕੜਾਹ ਪ੍ਰਸ਼ਾਦਿ ਜੋ ਸਿੱਖ ਰਹਿਤ ਮਰਯਾਦਾ ਵਿਚ ਦੱਸੀ ਗਈ ਵਿਧੀ ਅਨੁਸਾਰ ਤਿਆਰ ਕਰਕੇ ਜਾਂ ਕਰਾ ਕੇ ਲਿਆਂਦਾ ਜਾਵੇ, ਸੰਗਤ ਵਿਚ ਪ੍ਰਵਾਨ ਹੈ।

**ਪ੍ਰਸ਼ਨ 47. ਕੀ ਸੰਗਤ ਵਿਚ ਕੜਾਹ ਪ੍ਰਸ਼ਾਦਿ ਤੋਂ ਬਗੈਰ ਕਿਸੇ ਹੋਰ ਵਸਤੂ ਦਾ ਪ੍ਰਸ਼ਾਦ ਵੀ ਪ੍ਰਵਾਨ ਹੈ?**

**ਉੱਤਰ** : ਸੰਗਤ ਵਿਚ ਕੇਵਲ ਕੜਾਹ ਪ੍ਰਸ਼ਾਦ ਹੀ ਪ੍ਰਵਾਨ ਹੈ ਜੋ ਮਰਯਾਦਾ ਅਨੁਸਾਰ ਤਿਆਰ ਕੀਤਾ ਗਿਆ ਹੋਵੇ। ਹੋਰ ਕੋਈ ਵਸਤੂ ਪ੍ਰਸ਼ਾਦ ਦੀ ਥਾਂ ਨਹੀਂ ਲੈ ਸਕਦੀ। ਸੰਗਤ ਵਲੋਂ ਭੇਟ ਕੀਤੀਆਂ ਹੋਰ ਵਸਤੂਆਂ ਲੰਗਰ ਵਿਚ ਵਰਤਾਈਆਂ ਜਾ ਸਕਦੀਆਂ ਹਨ।

**ਪ੍ਰਸ਼ਨ 48. ਸੰਗਤ ਵਿਚ ਕੜਾਹ ਪ੍ਰਸ਼ਾਦ ਦੀ ਦੇਗ ਸਜਾ ਕੇ ਲਿਆਉਣ ਦਾ ਢੰਗ ਦੱਸੋ।**

**ਉੱਤਰ** : ਵਿਧੀ ਅਨੁਸਾਰ ਤਿਆਰ ਕੀਤੀ ਕੜਾਹ ਪ੍ਰਸ਼ਾਦ ਦੀ ਦੇਗ ਨੂੰ ਠੰਡਾ ਕਰ ਲਵੋ। ਸਵੱਛ ਕੱਪੜੇ ਨਾਲ ਢੱਕ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਸਵੱਛ ਚੌਂਕੀ ਉੱਪਰ ਰੱਖਿਆ ਜਾਵੇ।

**ਨੋਟ** : (1) ਜਿਸ ਕੜਾਹੀ ਵਿਚ ਦੇਗ ਤਿਆਰ ਕੀਤੀ ਗਈ ਹੋਵੇ, ਉਸੇ ਵਿਚ ਸਜਾ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਰੱਖਣ ਦੀ ਕੋਈ ਮਰਯਾਦਾ ਨਹੀਂ।

(2) ਕੜਾਹ ਪ੍ਰਸ਼ਾਦ ਸੰਗਤ ਵਿਚ ਲਿਆਉਂਦੇ ਸਮੇਂ ਅੱਗੇ-ਅੱਗੇ ਪਾਣੀ ਦਾ ਛਿੜਕਾਅ ਕਰਨ ਦੀ ਵੀ ਕੋਈ ਮਰਯਾਦਾ ਨਹੀਂ ਹੈ।

**ਪ੍ਰਸ਼ਨ 49. ਸੰਗਤ ਵਿਚ ਪੰਜਾਂ ਪਿਆਰਿਆਂ ਦਾ ਗੱਫਾ ਕਿਸ-ਕਿਸ ਨੂੰ ਦੇਣਾ ਚਾਹੀਦਾ ਹੈ?**

**ਉੱਤਰ** : ਸੰਗਤ ਵਿਚ ਤਿਆਰ-ਬਰ-ਤਿਆਰ ਸਿੰਘ ਜਾਂ ਸਿੰਘਣੀ ਨੂੰ ਪੰਜਾਂ ਪਿਆਰਿਆਂ ਦਾ ਗੱਫਾ ਦੇਣਾ ਹੈ। ਜੇਕਰ ਕੁਝ ਸਿੰਘ ਘੱਟ ਹੋਣ ਤਾਂ ਸਾਬਤ ਸੂਰਤ ਨੂੰ ਵੀ ਦਿੱਤਾ ਜਾ ਸਕਦਾ ਹੈ, ਪ੍ਰੰਤੂ ਪਤਿਤ ਜਾਂ ਤਨਖ਼ਾਹੀਏ ਨੂੰ ਦੇਣਾ ਯੋਗ ਨਹੀਂ।

**ਪ੍ਰਸ਼ਨ 50. ਜੇਕਰ ਪੰਜ ਸਿੰਘ ਜਾਂ ਸਿੰਘਣੀਆਂ (ਤਿਆਰ-ਬਰ-ਤਿਆਰ) ਸੰਗਤ ਵਿਚ ਹਾਜ਼ਰ ਨਾ ਹੋਣ ਤਾਂ ਕੀ ਪੰਜਾਂ ਪਿਆਰਿਆਂ ਦਾ ਗੱਫਾ ਕੱਢ ਕੇ ਫਿਰ ਉਸੇ ਤਰ੍ਹਾਂ ਦੇਗ ਵਿਚ ਮਿਲਾ ਦੇਣਾ ਯੋਗ ਹੈ?**

**ਉੱਤਰ** : ਪੰਜਾਂ ਪਿਆਰਿਆਂ ਦੀ ਯਾਦ ਨੂੰ ਕਾਇਮ ਰੱਖਣ ਲਈ ਗੱਫਾ ਕੱਢ ਕੇ ਹਾਜ਼ਰ ਸਿੰਘਾਂ ਜਾਂ ਸਿੰਘਣੀਆਂ ਨੂੰ ਦਿੱਤਾ ਜਾਵੇ। ਜੇ ਤਿਆਰ-ਬਰ-ਤਿਆਰ ਸਿੰਘ ਜਾਂ ਸਿੰਘਣੀਆਂ ਨਾ ਹੋਣ ਤਾਂ ਸਾਬਤ ਸੂਰਤ ਨੂੰ ਦੇ ਦਿੱਤਾ ਜਾਵੇ; ਪ੍ਰੰਤੂ ਪਤਿਤ ਜਾਂ ਤਨਖ਼ਾਹੀਏ ਨੂੰ ਨਹੀਂ ਦੇਣਾ ਚਾਹੀਦਾ।

**ਪ੍ਰਸ਼ਨ 51. ਬੱਚੇ ਦੇ ਜਨਮ ਸਮੇਂ ਕੀ ਸੂਤਕ ਦਾ ਕੁਝ ਦਿਨਾਂ ਲਈ ਭਰਮ ਕਰਨਾ ਯੋਗ ਹੈ?**

**ਉੱਤਰ** : ਜਨਮ ਦੇ ਸੰਬੰਧ ਵਿਚ ਸੂਤਕ ਦਾ ਭਰਮ ਨਹੀਂ ਕਰਨਾ। ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ "ਜੰਮਣੁ ਮਰਣਾ ਹੁਕਮੁ ਹੈ, ਭਾਣੈ ਆਵੈ ਜਾਇ॥" (ਪੰਨਾ ੪੭੨)



**ਪ੍ਰਸ਼ਨ 52. ਕਈ ਬਜ਼ੁਰਗ ਮਾਤਾਵਾਂ, ਬੱਚੇ ਨੂੰ ਜਨਮ ਦੇਣ ਵਾਲੀ ਬੀਬੀ ਤੋਂ ਕੁਝ ਦਿਨਾਂ ਲਈ ਨਫ਼ਰਤ ਕਰਦੀਆਂ (ਅਪਵਿੱਤਰ ਸਮਝਦੀਆਂ) ਹਨ, ਕੀ ਇਹ ਯੋਗ ਹੈ?**

**ਉੱਤਰ** : ਅਜਿਹਾ ਕਰਨਾ ਯੋਗ ਨਹੀਂ। ਕਿਸੇ ਬੱਚੇ ਨੂੰ ਜਨਮ ਦੇਣ ਵਾਲੀ ਕੋਈ ਵੀ ਇਸਤਰੀ ਅਪਵਿੱਤਰ ਨਹੀਂ ਹੋ ਸਕਦੀ। ਕੋਈ 11, 21 ਜਾਂ ਸਵਾ ਮਹੀਨੇ ਦੇ ਵਹਿਮ ਭਰਮ ਨਹੀਂ ਕਰਨੇ ਸਗੋਂ ਰਹਿਤ ਮਰਯਾਦਾ ਅਨੁਸਾਰ ਜਦੋਂ ਬੱਚੇ ਦੀ ਮਾਤਾ ਉਠਣ ਬੈਠਣ ਯੋਗ ਹੋ ਜਾਵੇ, ਇਸ਼ਨਾਨ ਕਰਵਾ ਕੇ ਗੁਰਦੁਆਰੇ ਜਾਣ ਦੀ ਮਰਯਾਦਾ ਹੈ।

**ਪ੍ਰਸ਼ਨ 53. ਕਈ (ਨਵ-ਜੰਮੇ ਬੱਚੇ ਦੇ ਪਰਿਵਾਰ ਵਾਲੇ) ਗ੍ਰੰਥੀ ਪਾਸੋਂ ਇਕ ਕੌਲੀ ਜਾਂ ਬਾਟੇ ਵਿਚ ਜਲ ਪਾ ਕੇ, ਕਿਰਪਾਨ ਫੇਰ ਕੇ, ਅੰਮ੍ਰਿਤ ਤਿਆਰ ਕਰਵਾ ਕੇ ਨਵ-ਜੰਮੇ ਬੱਚੇ ਨੂੰ ਅਤੇ ਉਸ ਦੀ ਮਾਤਾ ਨੂੰ ਪਿਲਾਂਦੇ ਹਨ, ਕੀ ਇਹ ਯੋਗ ਹੈ?**

**ਉੱਤਰ** : ਸਿੱਖ ਰਹਿਤ ਮਰਯਾਦਾ ਵਿਚ ਅਜਿਹਾ ਕਰਨ ਬਾਰੇ ਕੋਈ ਜ਼ਿਕਰ ਨਹੀਂ ਹੈ। ਅੰਮ੍ਰਿਤ ਕੋਈ ਇਕ ਵਿਅਕਤੀ ਕਦੀ ਵੀ ਤਿਆਰ ਨਹੀਂ ਕਰ ਸਕਦਾ। ਕੇਵਲ ਪੰਜ ਪਿਆਰੇ (ਤਿਆਰ-ਬਰ-ਤਿਆਰ) ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ, ਪੰਜ ਬਾਣੀਆਂ ਦਾ ਪਾਠ ਕਰਕੇ ਹੀ ਮਰਯਾਦਾ ਅਨੁਸਾਰ ਤਿਆਰ ਕਰਨ ਦੇ ਅਧਿਕਾਰੀ ਹਨ।

**ਪ੍ਰਸ਼ਨ 54. ਕਈ ਪਰਿਵਾਰ ਆਪਣੇ ਬੱਚੇ ਦਾ 'ਨਾਮ-ਕਰਨ' ਵੱਡਾ ਹੋਣ 'ਤੇ ਕਰਦੇ ਹਨ, ਕੀ ਅਜਿਹਾ ਕਰਨਾ ਯੋਗ ਹੈ?**

**ਉੱਤਰ** : ਰਹਿਤ ਮਰਯਾਦਾ ਅਨੁਸਾਰ ਅਜਿਹਾ ਕਰਨਾ ਯੋਗ ਨਹੀਂ। ਵੱਡਾ ਹੋਣ ਤੱਕ ਬੱਚੇ ਦਾ ਕੱਚਾ ਨਾਮ (ਉਦਾਹਰਣ ਦੇ ਤੌਰ 'ਤੇ ਸੀਟੂ, ਮਿੰਟੂ, ਬੰਟੀ ਆਦਿ) ਘਰ ਵਾਲਿਆਂ ਦੇ ਮੂੰਹ 'ਤੇ ਚੜ੍ਹ ਜਾਣ ਕਾਰਨ ਗੁਰੂ ਗ੍ਰੰਥ ਸਾਹਿਬ ਤੋਂ ਰੱਖਿਆ ਨਾਮ ਬੁਲਾਣਾ ਸੰਭਵ ਨਹੀਂ ਲਗਦਾ। ਇਸ ਲਈ ਯੋਗ ਇਹ ਹੈ ਕਿ ਜਨਮ ਉਪਰੰਤ ਮਰਯਾਦਾ ਅਨੁਸਾਰ ਨਾਮ ਸੰਸਕਾਰ ਕੀਤਾ ਜਾਵੇ। ਸ਼ੁਰੂ ਤੋਂ ਹੀ ਬੱਚੇ ਦਾ ਪੂਰਾ ਨਾਮ ਸਿੰਘ/ਕੌਰ ਸਹਿਤ ਬੁਲਾਇਆ ਜਾਵੇ।